ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ
38ਵਾਂ ਸਥਾਪਨਾ ਦਿਵਸ
23, 24, 25 ਜੂਨ ਨੂੰ ਮਨਾਇਆ ਜਾਵੇਗਾ



ਹੋਰ ਜਾਣਕਾਰੀ ਲਈ ਦੇਖੋ ਸਫਾ 2

12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -12 ISSUE - 11
June 21, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ




Call : Dharminder Singh
Cell : 530-870-6600
Email: myfuturetruck@gmail.com



ਸ਼ੇਰ-ਏ-ਪੰਜਾਬ ਮਹਾਂਬਲੀ ਰਣਜੀਤ ਸਿੰਘ ਦੀ ਬਰਸੀ 'ਤੇ ਵਿਸ਼ੇਸ਼
'ਸਰਕਾਰ-ਏ-ਖ਼ਾਲਸਾ ਦਾ ਪਾਂਡੀ ਪਾਤਸ਼ਾਹ' **ਲੇਖ ਦੇਖੋ ਸਫਾ 24 'ਤੇ**

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਰ ਰੋਜ਼ਾ ਦੌਰੇ 'ਤੇ ਅਮਰੀਕਾ ਪਹੁੰਚੇ

**ਨਵੀਂ ਦਿੱਲੀ (ਬਿਊਰੋ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਰ ਰੋਜ਼ਾ ਦੌਰੇ ਲਈ ਅਮਰੀਕਾ ਪਹੁੰਚ ਗਏ ਹਨ। ਅਮਰੀਕਾ ਲਈ ਰਵਾਨਾ ਹੋਣ ਵਕਤ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਇਹ ਫੇਰੀ ਵੰਨ-ਸੁਵੰਨਤਾ ਤੇ ਸਾਂਝ ਨੂੰ ਹੋਰ ਬਿਹਤਰ ਤੇ ਮਜ਼ਬੂਤ ਬਣਾਉਣ ਦਾ ਮੌਕਾ ਹੋਵੇਗੀ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਦੋਵੇਂ ਮੁਲਕ ਇਕਜੁੱਟ ਹੋ ਕੇ ਸਾਂਝੀਆਂ ਆਲਮੀ ਚੁਣੌਤੀਆਂ ਦਾ ਵਧੇਰੇ ਮਜ਼ਬੂਤੀ ਨਾਲ ਟਾਕਰਾ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਇਡਨ ਤੇ ਪ੍ਰਥਮ ਮਹਿਲਾ ਜਿਲ ਬਾਇਡਨ ਵੱਲੋਂ ਸਰਕਾਰੀ ਦੌਰੇ ਲਈ ਦਿੱਤਾ 'ਵਿਸ਼ੇਸ਼ ਸੱਦਾ' ਦਰਸਾਉਂਦਾ ਹੈ ਕਿ ਦੋਵਾਂ ਜਮਹੂਰੀਅਤਾਂ ਦਰਮਿਆਨ ਇਹ ਭਾਈਵਾਲੀ ਕਿੰਨੀ ਮਜ਼ਬੂਤ ਤੇ ਅਹਿਮ ਹੈ। ਸ੍ਰੀ ਮੋਦੀ 21 ਜੂਨ ਨੂੰ ਅਮਰੀਕਾ ਪਹੁੰਚਣਗੇ ਤੇ 24 ਜੂਨ ਤੱਕ ਸਰਕਾਰੀ ਦੌਰੇ 'ਤੇ ਰਹਿਣਗੇ। ਅਮਰੀਕਾ ਤੋਂ ਵਤਨ ਵਾਪਸੀ ਮੌਕੇ ਉਹ ਮਿਸਰ ਵੀ ਜਾਣਗੇ। ਸ੍ਰੀ ਮੋਦੀ ਨੇ ਅਮਰੀਕਾ ਤੇ ਮਿਸਰ ਦੀ ਫੇਰੀ ਤੋਂ ਪਹਿਲਾਂ ਅੱਜ ਇਕ ਬਿਆਨ ਵਿੱਚ ਕਿਹਾ ਕਿ ਰਾਸ਼ਟਰਪਤੀ ਬਾਇਡਨ ਤੇ ਹੋਰਨਾਂ ਸੀਨੀਅਰ ਅਮਰੀਕੀ ਆਗੂਆਂ ਨਾਲ ਹੋਣ ਵਾਲੀ ਵਿਚਾਰ ਚਰਚਾ ਦੁਵੱਲੇ ਸਹਿਯੋਗ ਦੇ ਨਾਲ ਜੀ-20, ਕੁਆਡ ਤੇ ਆਈਪੀਈਐੱਫ (ਇੰਡੋ-ਪੈਸੇਫਿਕ ਇਕਨੋਮਿਕ ਫਰੇਮਵਰਕ ਫਾਰ ਪ੍ਰੌਸਪੈਰਿਟੀ) ਜਿਹੇ ਬਹੁਪੱਖੀ ਮੰਚਾਂ ਉੱਤੇ ਸਹਿਯੋਗ ਨੂੰ ਮਜ਼ਬੂਤ ਕਰਨ ਦਾ ਮੌਕਾ ਮੁਹੱਈਆ ਕਰੇਗੀ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਟੈਸਲਾ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਐਲਨ ਮਸਕ ਸਮੇਤ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਅਮਰੀਕੀ ਹਸਤੀਆਂ ਨਾਲ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਮਸਕ ਨੇ ਕਿਹਾ ਕਿ ਭਾਰਤ 'ਚ ਕਿਸੇ ਵੀ ਵੱਡੇ ਦੇਸ਼ ਦੇ ਮੁਕਾਬਲੇ ਜ਼ਿਆਦਾ ਸੰਭਾਵਨਾਵਾਂ ਹਨ। ਸ੍ਰੀ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਜਦੋਂ ਪੱਤਰਕਾਰਾਂ ਨੇ ਸੋਸ਼ਲ ਮੀਡੀਆ ਕੰਪਨੀ ਟਵਿੱਟਰ ਦੇ ਮਾਲਕ ਮਸਕ ਨੂੰ ਕੰਪਨੀ ਦੇ ਸਾਬਕਾ ਮਾਲਕ ਅਤੇ ਸੀਈਓ ਜੈਕ ਡੋਰਸੀ ਵੱਲੋਂ ਭਾਰਤ ਸਰਕਾਰ 'ਤੇ ਲਾਏ ਦੋਸ਼ਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਟਵਿੱਟਰ ਕੋਲ ਸਥਾਨਕ ਸਰਕਾਰਾਂ ਦਾ ਕਹਿਣਾ ਮੰਨਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਅਜਿਹਾ ਨਾ ਕਰਨ 'ਤੇ ਉਸ ਨੂੰ ਬੰਦ ਕਰ ਦਿੱਤਾ ਜਾਵੇਗਾ।




ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਤੇ ਬੇਗਮਪੁਰਾ ਕਲਚਰਲ ਸੁਸਾਇਟੀ ਆਫ ਨਿਊਯਾਰਕ ਅਤੇ ਸਮੂਹ ਭਾਈਚਾਰੇ ਦੇ ਸਾਂਝੇ ਉਪਰਾਲੇ ਨਾਲ ਸਿਟੀ ਅਥਾਰਟੀ ਦੀ ਪ੍ਰਵਾਨਗੀ ਨਾਲ ਬ੍ਰਾਡਵੇਅ ਸਟ੍ਰੀਟ ਦਾ ਨਾਂ ਬਦਲ ਕੇ ਡਾ. ਬੀ. ਆਰ. ਅੰਬੇਡਕਰ ਜੀ ਦੇ ਨਾਂ 'ਤੇ (ਡਾ. ਬੀ. ਆਰ. ਅੰਬੇਡਕਰ ਵੇਅ) ਰੱਖਿਆ ਗਿਆ। ਜਿਸ ਦਾ 25 ਜੂਨ 2023 ਨੂੰ ਉਦਘਾਟਨ ਕੀਤਾ ਜਾਵੇਗਾ। ਇਸੇ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਡਾ. ਅੰਬੇਡਕਰ ਦਾ 132ਵਾਂ ਜਨਮ ਦਿਨ ਮਨਾਇਆ ਜਾਵੇਗਾ।

*ਹੋਰ ਵਿਸਥਾਰਿਤ ਜਾਣਕਾਰੀ ਲਈ ਦੇਖੋ ਸਫਾ 21*

# ਪੰਜਾਬ ਵਿਧਾਨ ਸਭਾ ਵੱਲੋਂ ਸਿੱਖ ਗੁਰਦੁਆਰਾ ਸੋਧ ਬਿੱਲ ਪਾਸ

**ਚੰਡੀਗੜ੍ਹ (ਬਿਊਰੋ)-** ਪੰਜਾਬ ਵਿਧਾਨ ਸਭਾ ਨੇ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਆਖ਼ਰੀ ਦਿਨ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ- 2023' ਉੱਤੇ ਰਸਮੀ ਮੋਹਰ ਲਾ ਦਿੱਤੀ। ਇਸ ਬਿੱਲ ਦੇ ਕਾਨੂੰਨ ਦਾ ਰੂਪ ਲੈਣ ਨਾਲ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਮੁਫ਼ਤ ਪ੍ਰਸਾਰਨ ਯਕੀਨੀ ਬਣੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਬਿੱਲ ਅੱਜ ਸਦਨ ਵਿਚ ਪੇਸ਼ ਕੀਤਾ, ਜਿਸ ਨੂੰ ਲੈ ਕੇ ਸਦਨ ਵਿਚ ਬਹਿਸ ਵੀ ਹੋਈ। ਆਖ਼ਰ ਨੂੰ ਬਿਨਾਂ ਕਿਸੇ ਰੌਲੇ-ਰੱਪੇ ਤੋਂ ਭਾਰੀ ਬਹੁਮਤ ਨਾਲ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ- 2023' ਪਾਸ ਕਰ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਨੇ ਇਸ ਬਿੱਲ ਦਾ ਵਿਰੋਧ ਕੀਤਾ ਜਦੋਂ ਕਿ ਭਾਜਪਾ ਅਤੇ ਕਾਂਗਰਸ ਦੇ ਮੈਂਬਰ ਇਸ ਬਿੱਲ ਨੂੰ ਪੇਸ਼ ਕਰਨ ਮੌਕੇ ਗੈਰਹਾਜ਼ਰ ਰਹੇ।



ਵਰਣਨਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਦੋ ਦਿਨਾਂ ਤੋਂ ਸਿੱਖ ਗੁਰਦੁਆਰਾ ਐਕਟ ਵਿਚ ਪ੍ਰਸਤਾਵਿਤ ਸੋਧ ਨੂੰ ਲੈ ਕੇ 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੋਇਆ ਹੈ ਅਤੇ ਸਰਕਾਰ ਦੇ ਇਸ ਕਦਮ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਇਸ ਬਿੱਲ 'ਤੇ ਬਹਿਸ ਨੂੰ ਸਮੇਟਦਿਆਂ ਪੰਜਾਬ ਸਰਕਾਰ ਦੀ ਇਸ ਸੋਧ ਬਿੱਲ ਪਿਛਲੀ ਮਨਸ਼ਾ ਅਤੇ ਸੁਪਰੀਮ ਕੋਰਟ ਦੇ ਹਵਾਲੇ ਨਾਲ ਕਾਨੂੰਨੀ ਨੁਕਤੇ ਸਦਨ ਵਿਚ ਰੱਖੇ। ਸ਼੍ਰੋਮਣੀ ਕਮੇਟੀ ਦਾ ਗੁਰਬਾਣੀ ਦੇ ਪ੍ਰਸਾਰਨ ਨੂੰ ਲੈ ਕੇ ਪੀਟੀਸੀ ਚੈਨਲ ਕੀਤਾ ਇਕਰਾਰ 21 ਜੁਲਾਈ ਨੂੰ ਖ਼ਤਮ ਹੋ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਇੱਕ ਨਿਮਾਣੇ ਸਿੱਖ ਵਜੋਂ ਗੁਰਬਾਣੀ ਨੂੰ ਵਿਸ਼ਵ ਭਰ ਤੱਕ ਪਹੁੰਚਾਉਣ ਲਈ ਆਪਣਾ ਫ਼ਰਜ਼ ਨਿਭਾਅ ਰਹੇ ਹਨ ਅਤੇ ਇਹ ਬਿੱਲ ਕਿਸੇ ਵੀ ਪੱਖੋਂ ਧਾਰਮਿਕ

**(ਬਾਕੀ ਸਫਾ 13 'ਤੇ)**

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Dr. Paramjit S Takhar, MD
DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## June 23-24-25, 2023
## Pittsburg Gurughar's 38th Anniversary



ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥

Sri Guru Ravidass Temple Pittsburg's 38th anniversary will be celebrated on **June 25, 2023**. Akhand Path will start on Friday 6/23/2023 at 10:00 AM and will conclude with Bhog ceremony on Sunday 6/25/2023. Path and langar sewa will be hosted by Gurughar sevadars and entire Sangat. Gurugahr Ragi Jatha of Giani Balwinder Singh ji will do Kirtan Sewa along with other Kirtankars.

Entire Sangat is requested to attend the function and get Guru Sahib's blessings.

**Sangat Sewadars**

www.sriguru's ravidasstemple.com

| Chairperson | President | General Secretary | Treasurer |
| --- | --- | --- | --- |
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi


We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK






**1003 Moffat Blvd, Manteca CA 95336**

# 209-239-1551

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)





## ਮਹੀਨਾ ਵਾਰ ਕੀਰਤਨ ਦਰਬਾਰ 25 ਜੂਨ 2023

ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਸਮੂਹ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕੀ ਮਹੀਨਾ ਵਾਰ ਕੀਰਤਨ ਦਰਬਾਰ 25 ਜੂਨ 2023 ਦਿਨ ਐਤਵਾਰ 31252 ਵਿਜ਼ਈ ਸਟ੍ਰੀਟ ਯੂਨੀਓਂ ਸਿਟੀ ਕੈਲੀਫੋਰਨੀਆ 94587 ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 3 ਵਜੇ ਤਕ ਚਲੇਗਾ। ਇਸ ਪ੍ਰੋਗਰਾਮ ਦੀ ਸੇਵਾ ਸ਼੍ਰੀ ਗੁਰੂ ਰਵਿਦਾਸ ਸਭਾ ਬੇ ਏਰੀਆ ਦੀ ਕਮਿਊਨਟੀ ਵਲੋਂ ਲਈ ਗਈ ਹੈ। ਸਾਰੀ ਸੰਗਤ ਨੂੰ ਬੇਨਤੀ ਕਰਦੇ ਹਨ ਕਿ ਪ੍ਰੋਗਰਾਮ ਤੇ ਆ ਕੇ ਜਾਤ ਪਾਤ ਦੀ ਜਿੱਤੀ ਹੋਈ ਲੜਾਈ ਬਾਰੇ ਹੋਰ ਜਾਣਕਾਰੀ ਲਵੋ ਜੀ।

ਗੁਰੂ ਘਰ ਦੀ ਇਮਾਰਤ ਦਾ ਕੰਮ ਚੱਲ ਰਹੀ ਹੈ, ਗੁਰੂ ਘਰ ਕਮੇਟੀ ਨੂੰ ਆਉਣ ਵਾਲੇ 6 ਮਹੀਨਿਆਂ ਵਿਚ 1 ਮਿਲੀਅਨ ਡਾਲਰ ਇਕੱਠੇ ਕਰਨੇ ਹਨ, ਆਪ ਸਭ ਨੂੰ ਬੇਨਤੀ ਹੈ ਕਿ ਆਪ ਆ ਕੇ ਆਪਣੇ ਸਪਨਿਆਂ ਨੂੰ ਪੂਰੇ ਹੁੰਦੇ ਦੇਖੋ ਅਤੇ ਵੱਧ ਤੋਂ ਵੱਧ ਇਸ ਸ਼ੁਭ ਕਾਮ ਵਿਚ ਮਦਦ ਕਰੋ। ਆਪ ਸਭ ਨੂੰ ਬੇਨਤੀ ਕਰਦੇ ਹਾਂ ਕਿ ਆਪ ਵੱਧ ਚੜ੍ਹ ਕੇ ਗੁਰੂ ਘਰ ਵਿਚ ਜੋਗਦਾਨ ਪਾਓ ਤਾ ਕਿ ਅਸੀਂ ਇਸ ਕੰਮ ਨੂੰ ਸਿਰੇ ਚੜ੍ਹਾ ਸਕੀਏ । ਇਸ ਸ਼ੁਭ ਕਾਰਜ ਲਈ ਆਪਣਾ ਦਸਵੰਧ ਕੱਢੋ ਤਾਂ ਕਿ ਆਪਣੇ ਆਉਣ ਵਾਲੀ ਪੀੜੀਆਂ ਦੀ ਦੁਨਿਆਵੀ ਲੋੜਾਂ ਨੂੰ ਪੂਰਾ ਕਰ ਸਕੀਏ। ਪ੍ਰੋਗਰਾਮ ਦੀ ਸੇਵਾ ਲੈਣ ਲਈ ਕਮੇਟੀ ਦੇ ਕਿਸੇ ਮੈਬਰ ਨੂੰ ਕਾਲ ਕਰ ਸਕਦੇ ਹੋ ।


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

**Future Program dates: 23rd July , August 27th**

**For langar Sewa please contact any of the committee members.**

**ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫਰਨੀਆ) 31252 Veasy Street, Union City, CA 94587**


# SKY TRANSPORT SOLUTIONS

## STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

# ਭਾਰਤ ਆਪਣੀ ਪ੍ਰਭੂਸੱਤਾ ਅਤੇ ਸਨਮਾਨ ਦੀ ਰਾਖੀ ਲਈ ਪੂਰੀ ਤਰ੍ਹਾਂ ਤਿਆਰ ਤੇ ਵਚਨਬੱਧ- ਮੋਦੀ

**ਨਵੀਂ ਦਿੱਲੀ–** ਚੀਨ ਨਾਲ ਆਮ ਦੁਵੱਲੇ ਸਬੰਧਾਂ ਲਈ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਤੇ ਸਥਿਰਤਾ ਨੂੰ 'ਜ਼ਰੂਰੀ' ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਆਪਣੀ ਪ੍ਰਭੂਸੱਤਾ ਅਤੇ ਸਨਮਾਨ ਦੀ ਰਾਖੀ ਲਈ ਪੂਰੀ ਤਰ੍ਹਾਂ ਤਿਆਰ ਤੇ ਵਚਨਬੱਧ ਹੈ। ਸ੍ਰੀ ਮੋਦੀ ਨੇ ਅਮਰੀਕਾ ਦੌਰੇ ਦੀ ਸ਼ੁਰੂਆਤ ਤੋਂ ਪਹਿਲਾਂ 'ਵਾਲ ਸਟਰੀਟ ਜਰਨਲ' ਨੂੰ ਦਿੱਤੇ ਇੰਟਰਵਿਊ ਦੌਰਾਨ ਇਹ ਗੱਲ ਕਹੀ। ਪੂਰਬੀ ਲੱਦਾਖ ਵਿੱਚ ਚੀਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ ਦੇ ਨਾਲ ਦੋਵਾਂ ਮੁਲਕਾਂ ਦੀਆਂ ਫੌਜਾਂ ਦਰਮਿਆਨ ਬਣੇ ਟਕਰਾਅ ਕਰਕੇ ਭਾਰਤ-ਚੀਨ ਰਿਸ਼ਤਿਆਂ ਵਿੱਚ ਬਣੀ ਕਸ਼ੀਦਗੀ ਬਾਰੇ ਪੁੱਛੇ ਜਾਣ 'ਤੇ ਸ੍ਰੀ ਮੋਦੀ ਨੇ ਕਿਹਾ, ''ਆਮ ਦੁਵੱਲੇ ਰਿਸ਼ਤਿਆਂ ਲਈ ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਤੇ ਸਥਿਰਤਾ ਜ਼ਰੂਰੀ ਹੈ। ਅਸੀਂ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨ, ਕਾਨੂੰਨ ਦੇ ਸ਼ਾਸਨ ਦੀ ਪਾਲਣਾ ਅਤੇ ਵੱਖਰੇਵਿਆਂ ਤੇ ਵਿਵਾਦਾਂ ਨੂੰ ਅਮਨ ਅਮਾਨ ਨਾਲ ਹੱਲ ਕਰਨ ਵਿੱਚ ਯਕੀਨ ਰੱਖਦੇ ਹਾਂ।'' ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਆਪਣੀ ਪ੍ਰਭੂਸੱਤਾ ਤੇ ਗੌਰਵ ਦੀ ਰਾਖੀ ਲਈ ਪੂਰੀ ਤਰ੍ਹਾਂ ਤਿਆਰ ਤੇ ਪ੍ਰਤੀਬੱਧ ਹੈ। ਪ੍ਰਧਾਨ ਮੰਤਰੀ ਮੋਦੀ ਨੇ ਰੂਸ-ਯੂਕਰੇਨ ਜੰਗ ਨੂੰ ਲੈ ਕੇ ਭਾਰਤ ਦੀ 'ਨਿਰਪੱਖ' ਭੂਮਿਕਾ ਨੂੰ ਲੈ ਕੇ ਕੀਤੀ ਨੁਕਤਾਚੀਨੀ ਨੂੰ ਖਾਰਜ ਕਰਦਿਆਂ ਕਿਹਾ ਕਿ ਭਾਰਤ




ਇਸ ਮਾਮਲੇ ਵਿੱਚ ਸ਼ਾਂਤੀ ਦੇ ਹੱਕ ਵਿੱਚ ਰਿਹਾ ਹੈ ਨਾ ਕਿ ਜੰਗ ਦੇ। ਸ੍ਰੀ ਮੋਦੀ ਨੇ ਕਿਹਾ ਕਿ ਸਾਰੇ ਦੇਸ਼ਾਂ ਨੂੰ ਕੌਮਾਂਤਰੀ ਕਾਨੂੰਨਾਂ ਅਤੇ ਦੇਸ਼ਾਂ ਦੀ ਪ੍ਰਭੂਸੱਤਾ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਵਿਵਾਦਾਂ ਨੂੰ 'ਕੂਟਨੀਤੀ ਤੇ ਸੰਵਾਦ' ਜ਼ਰੀਏ ਹੱਲ ਕਰਨਾ ਚਾਹੀਦਾ ਹੈ। ਰੂਸ-ਯੂਕਰੇਨ ਟਕਰਾਅ ਦੇ ਸਬੰਧ ਵਿਚ ਰੂਸ ਨੂੰ ਲੈ ਕੇ ਭਾਰਤ ਦੇ ਰੁਖ਼ ਦੀ ਆਲੋਚਨਾ ਦਾ ਹਵਾਲਾ ਦਿੰਦੇ ਹੋਏ, ਸ੍ਰੀ ਮੋਦੀ ਨੇ ਕਿਹਾ, ''ਮੈਨੂੰ ਨਹੀਂ ਲੱਗਦਾ ਕਿ ਅਮਰੀਕਾ ਵਿਚ ਇਸ ਤਰ੍ਹਾਂ ਦੀ ਧਾਰਨਾ ਵਿਆਪਕ ਹੈ।'' ਉਨ੍ਹਾਂ ਕਿਹਾ, ''ਮੈਨੂੰ ਲੱਗਦਾ ਹੈ ਕਿ ਭਾਰਤ ਦੀ ਸਥਿਤੀ ਪੂਰੀ ਦੁਨੀਆ ਵਿਚ ਜੱਗ ਜ਼ਾਹਿਰ ਹੈ ਅਤੇ ਕੁੱਲ ਆਲਮ ਇਸ ਨੂੰ ਚੰਗੀ ਤਰ੍ਹਾਂ ਸਮਝਦਾ ਹੈ।'' ਪ੍ਰਧਾਨ ਮੰਤਰੀ ਨੇ ਕਿਹਾ, ''ਕੁਝ ਲੋਕ ਕਹਿੰਦੇ ਹਨ ਕਿ ਅਸੀਂ ਨਿਰਪੱਖ ਹਾਂ। ਅਸੀਂ ਨਿਰਪੱਖ ਨਹੀਂ ਹਾਂ। ਅਸੀਂ ਸ਼ਾਂਤੀ ਦੇ ਹੱਕ ਵਿੱਚ ਹਾਂ। ਕੁੱਲ ਆਲਮ ਨੂੰ ਵਿਸ਼ਵਾਸ ਹੈ ਕਿ ਭਾਰਤ ਦੀ ਸਰਵੋਤਮ ਤਰਜੀਹ ਸ਼ਾਂਤੀ ਹੈ।'' ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਤੇ ਯੂਕਰੇਨੀ ਸਦਰ ਵੋਲੋਦੀਮੀਰ ਜੇਲੈਂਸਕੀ ਨਾਲ ਕਈ ਵਾਰ ਗੱਲ ਕੀਤੀ ਹੈ। ਉਨ੍ਹਾਂ ਕਿਹਾ, ''ਭਾਰਤ ਜੋ ਕੁਝ ਵੀ ਕਰ ਸਕਦਾ ਹੈ, ਉਹ ਕਰੇਗਾ। ਜੰਗ ਖ਼ਤਮ ਕਰਨ ਤੇ ਸਥਾਈ ਸ਼ਾਂਤੀ ਯਕੀਨੀ ਬਣਾਉਣ ਲਈ ਯਤਨਾਂ ਦੀ ਹਮਾਇਤ ਕਰਦਾ ਹੈ।''

# ਇੰਡੋ ਯੂ. ਐਸ. ਹੈਰੀਟੇਜ਼ ਵੱਲੋ ਇੱਕ ਸ਼ਾਮ ਪੰਜਾਬੀ ਮਾਂ ਬੋਲੀ ਦੇ ਨਾਮ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)–** ਫਰਿਜਨੋ ਦੀ ਗਦਰੀ ਬਾਬਿਆਂ ਨੂੰ ਸਮੱਰਪਿਤ ਜਥੇਬੰਦੀ ਇੰਡੋ ਯੂ. ਐਸ. ਹੈਰੀਟੇਜ਼ ਜਿਹੜੀ ਕਿ ਅਕਸਰ ਫਰਿਜਨੋ ਏਰੀਏ ਵਿੱਚ ਮਿਆਰੀ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਹੈ, ਵੱਲੋ ਲੰਘੇ ਸ਼ਨੀਵਾਰ ਇੱਕ ਸੈਮੀਨਰ ਪੰਜਾਬੀ ਮਾਂ ਬੋਲੀ ਦੀ ਸਾਂਭ ਸੰਭਾਲ ਅਤੇ ਪ੍ਰਫੁਲਤਾ ਲਈ ਪੰਜਾਬੀ ਰੇਡੀਓ ਯੂ। ਐਸ। ਏ। ਦੇ ਪੰਜਾਬੀ ਸੈਂਟਰ ਵਿੱਖੇ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆ ਨੇ ਪਹੁੰਚਕੇ ਬੁਲਾਰਿਆ ਦੇ ਵਿਚਾਰ ਸੁਣੇ, ਅਤੇ ਬਾਅਦ ਵਿੱਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾਂ ਅੰਦਾਜ਼ ਵਿੱਚ ਸਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਉਪਰੰਤ ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਨੇ ਪੰਜਾਬੀ ਮਾਂ ਬੋਲੀ ਤੇ ਪਰਚਾ ਪੜ੍ਹਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ ਤੇ ਝਾਤ ਪਵਾਈ। ਇਸ ਮੌਕੇ ਕਹਾਣੀਕਾਰ ਕਰਮ ਸਿੰਘ ਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਉਹਨਾਂ ਕਿਹਾ ਕਿ ਪੰਜਾਬੀ ਬੋਲੀ ਨਹੀ ਮਰਦੀ, ਪਰ ਪੰਜਾਬੀ ਮਰ ਰਿਹਾ। ਉਹਨਾਂ ਕਿਹਾ ਕਿ ਪੰਜਾਬੀ ਨੂੰ ਬਚਾਉਣ ਦੇ ਉਪਰਾਲੇ ਸਾਨੂੰ ਘਰੋਂ ਸ਼ੁਰੂ ਕਰਨੇ ਪੈਣਗੇ। ਮਲਕੀਤ ਸਿੰਘ ਕਿੰਗਰਾ ਨੇ ਪੰਜਾਬੀ ਮਾਂ ਬੋਲੀ ਵਿੱਚ ਘਸੋੜੇ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ ਤੇ ਚਿੰਤਾ ਜ਼ਾਹਰ ਕੀਤੀ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਪੰਜਾਬੀ ਮਾਂ ਬੋਲੀ ਵਿੱਚ ਆ ਰਹੇ ਨਿਘਾਰ ਅਤੇ ਇਸ ਪ੍ਰਸਾਰ ਸਬੰਧੀ ਲੇਖਾ ਜੋਖਾ ਕੀਤਾ। ਹੋਰ ਬੋਲਣ ਵਾਲੇ ਬੁਲਾਰਿਆ ਵਿੱਚ ਕੁੰਦਨ ਸਿੰਘ ਧਾਮੀ, ਸੁਰਿੰਦਰ ਮਡਾਲੀ, ਪਰਮਪਾਲ ਸਿੰਘ, ਗੁਰਬਿੰਦਰ ਸੰਘਾ ਆਦਿ ਨੇ ਆਪਣੇ ਵਿਚਾਰ ਰੱਖੇ।



ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਪੰਜਾਬੀ ਮਾਂ ਬੋਲੀ ਨੂੰ ਸਮੱਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਫਾਦਰ ਡੇਅ ਨੂੰ ਮੁੱਖ ਰੱਖਕੇ ਭਾਵਪੂਰਕ ਕਵਿਤਾ "ਬੁੱਢਾ ਹੋ ਗਿਆ ਬਾਪੂ" ਪੜੀ। ਸ਼ਾਇਰ ਦਲਜੀਤ ਰਿਆੜ ਨੇ "ਮਿਸਾਲਾਂ ਬਾਲ਼ਕੇ ਰੱਖਿਓ" ਕਵਿਤਾ ਪੜਕੇ ਸਭਨਾ ਤੋਂ ਵਾਹ ਵਾਹ ਖੱਟੀ। ਸ਼ਾਇਰ ਪਿਸ਼ੌਰਾ ਸਿੰਘ ਢਿਲੋਂ ਨੇ ਪੰਜਾਬੀ ਮਾਂ ਨੂੰ ਸਮੱਰਪਿਤ ਗੀਤ ਨਾਲ ਹਾਜ਼ਰੀ ਲਵਾਈ।

ਉਪਰੰਤ ਗਾਇਕੀ ਦੇ ਦੌਰ ਵਿੱਚ ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ, ਅਤੇ ਗੁਰਦੀਪ ਕੁੱਸਾ ਨੇ ਆਪਣੇ ਗੀਤਾਂ ਨਾਲ ਐਸਾ ਸਮਾਂ ਬੰਨ੍ਹਿਆਂ ਕਿ ਹਰ ਕੋਈ ਅਸ਼ ਅਸ਼ ਕਰ ਉੱਠਿਆ। ਇਸ ਪ੍ਰੋਗ੍ਰਾਮ ਨੂੰ ਨੇਪਰੇ ਚਾੜਨ ਦਾ ਸਿਹਰਾ ਸੰਸਥਾ ਦੇ ਅਣਥੱਕ ਮੈਂਬਰਾਂ ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਨਿਰਮਲ ਸਿੰਘ ਧਨੌਲਾ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਹੈਰੀ ਮਾਨ, ਸੰਤੋਖ ਸਿੰਘ ਢਿੱਲੋ ਅਤੇ ਰਣਜੀਤ ਗਿੱਲ , ਸੁਲੱਖਣ ਗਿੱਲ, ਬਿਲੂ ਢੀਂਡਸਾ ਸਿਰ ਜਾਂਦਾ ਹੈ। ਇਸ ਮੌਕੇ ਉੱਘੇ ਕਿਰਸਾਨ ਸੌਗੀ ਕਿੰਗ ਚਰਨਜੀਤ ਸਿੰਘ ਬਾਠ, ਟਰਾਂਸਪੋਰਟ ਜਸਪਾਲ ਸਿੰਘ ਬਿਲਾਸਪੁਰ, ਕੋਸਟ ਟੂ ਕੋਸਟ ਵਾਲ਼ੇ ਹੈਰੀ, ਐਥਲੀਟ ਗੁਰਬਖਸ਼ ਸਿੰਘ ਸਿੱਧੂ, ਸੁਰਜੀਤ ਜੰਡੂ ਆਦਿ ਤੋਂ ਬਿਨਾ ਖਾਲਸ਼ਾ ਪਾਰਕ ਵਾਲੇ ਬਾਬੇ, ਜੀ ਐਚ ਜੀ ਦੇ ਮੈਂਬਰ ਅਤੇ ਇੰਡੋ ਅਮੈਰਕਿਨ ਹੈਰੀਟੇਜ ਦੇ ਸਮੂਹ ਸੱਜਣ ਮੌਜੂਦ ਰਹੇ। ਅਖੀਰ ਅਲੀ ਦੇ ਚਾਹ ਪਕੌੜਿਆਂ ਦੇ ਲੰਗਰ ਨਾਲ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

# ਕੈਲੀਫੋਰਨੀਆ 'ਚ ਪੰਜਾਬੀ ਪੁਲਿਸ ਅਫ਼ਸਰ ਦੀ ਦੁਰਘਟਨਾ ਦੌਰਾਨ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)–** ਫਰਿਜਨੋ ਦੇ ਲਾਗਲੇ ਸ਼ਹਿਰ ਸੈਂਗਰ ਤੋ ਬੜੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਲੰਘੇ ਹਫ਼ਤੇ ਸੈਂਗਰ ਪੁਲਿਸ ਡਿਪਾਰਟਮੈਂਟ ਦਾ ਅਫ਼ਸਰ ਮਨਵੀਰ ਧਨੋਆ ਸਿੰਗਲ ਕਾਰ ਕਰੈਸ਼ ਵਿੱਚ ਜ਼ਿੰਦਗੀ ਤੋ ਹੱਥ ਧੋ ਬੈਠਾ। ਕੈਲੀਫੋਰਨੀਆ ਹਾਈਵੇਅ ਪੈਟਰੋਲ ਦਾ ਕਹਿਣਾ ਹੈ ਕਿ ਹਾਦਸਾ ਸਵੇਰੇ 5:30 ਵਜੇ ਸਕਾਈ ਹਾਰਬਰ ਰੋਡ ਨੇੜੇ ਮਿਲਰਟਨ ਰੋਡ 'ਤੇ ਵਾਪਰਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਧਨੋਆ ਮਿਲਰਟਨ ਤੋਂ ਪੂਰਬ ਵੱਲ ਜਾ ਰਿਹਾ ਸੀ ਜਦੋਂ ਉਸਦੀ ਕਾਰ ਰੋਡਵੇਅ ਤੋਂ ਹੇਠਾਂ ਜਾ ਡਿੱਗੀ ਅਤੇ ਕਾਰ ਪਲਟੀਆ ਖਾ ਗਈ, ਅਤੇ ਉਹ ਕਾਰ ਵਿੱਚੋਂ ਬੁੜਕਕੇ ਬਾਹਰ ਜਾ ਡਿੱਗਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਸੈਂਗਰ ਪੁਲਿਸ ਡਿਪਾਰਟਮੈਂਟ ਨੇ ਕਿਹਾ ਕਿ ਉਹਨਾਂ ਨੇ ਇੱਕ ਬਹੁਤ ਬਹਾਦਰ ਤੇ ਸਿਆਣਾ ਅਫਸਰ ਖੋਇਆ ਹੈ, ਅਤੇ ਅਫ਼ਸਰ ਦੀ ਮੌਤ ਦੇ ਸੋਗ ਵਜੋਂ ਸੈਂਗਰ ਸ਼ਹਿਰ ਦੀਆਂ ਸਰਕਾਰੀ ਬਿਲਡਿੰਗਾਂ ਦੇ ਝੰਡੇ ਉਸਦੇ ਫਿਊਨਰਲ ਤੱਕ ਅੱਧੇ ਝੁੱਕੇ ਰਹਿਣਗੇ। ਮ੍ਰਿਤਕ ਮਨਵੀਰ ਧਨੋਆ ਨੇ ਸੈਂਗਰ ਪੁਲਿਸ ਡਿਪਾਰਟਮੈਂਟ ਮਾਰਚ 2023 ਵਿੱਚ ਜੋਆਇਨ ਕੀਤਾ ਸੀ। ਪੁਲਿਸ ਹਾਦਸੇ ਦੇ ਕਾਰਨਾਂ ਦੀ ਬਰੀਕੀ ਨਾਲ ਤਫਤੀਸ਼ ਕਰ ਰਹੀ ਹੈ। ਮਨਵੀਰ ਦੇ ਤੁਰ ਜਾਣ ਨਾਲ ਪੰਜਾਬੀ ਭਾਈਚਾਰਾ ਗਹਿਰੀ ਸੋਗ ਵਿੱਚ ਹੈ।



# ਫਰਿਜ਼ਨੋ ਨਿਵਾਸੀ ਹਰਭਜਨ ਸਿੰਘ ਰੰਧਾਵਾ ਨੇ ਪੰਜਾਬੀਆਂ ਦਾ ਨਾਮ ਚਮਕਾਇਆ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰ-ਨੀਆ)–** ਲੰਘੇ ਐਤਵਾਰ ਫਰਿਜ਼ਨੋ ਦੇ ਵੁਡਵਰਡ ਪਾਰਕ ਵਿੱਚ ਪਿਤਾ ਦਿਵਸ ਨੂੰ ਮੁੱਖ ਰੱਖਕੇ 10ਕੇ ਰਨ ਦੌੜ ਕੈਲੀਫੋਰਨੀਆ ਕਲਾਸਿਕ ਈਵੈਂਟ ਵੱਲੋ ਕਰਵਾਈ ਗਈ। ਇਸ ਦੌੜ ਵਿੱਚ 100 ਤੋਂ ਵੱਧ ਲੋਕਾਂ ਨੇ ਭਾਗ ਲਿਆ, ਇਹ ਦੌੜ 10 ਕਿੱਲੋਮੀਟਰ ਲੰਮੀ ਸੀ ਅਤੇ ਇਸ ਦੌੜ ਵਿੱਚ 60 ਤੋਂ 69 ਸਾਲ ਵਰਗ ਵਿੱਚ ਫਰਿਜ਼ਨੋ ਨਿਵਾਸੀ ਸੰਨੀ ਸਿੰਘ ਰੰਧਾਵਾ ਦੇ ਪਿਤਾ ਹਰਭਜਨ ਸਿੰਘ ਰੰਧਾਵਾ (67) ਨੇ ਤੀਸਰਾ ਸਥਾਨ ਹਾਸਲ ਕਰਕੇ ਪੰਜਾਬੀ ਭਾਈਚਾਰੇ ਦਾ ਸਿਰ ਫ਼ਖ਼ਰ ਨਾਲ ਉੱਚਾ ਕਰ ਦਿੱਤਾ।ਉਹ ਪੰਜਾਬ ਤੋਂ




ਅੰਮ੍ਰਿਤਸਰ ਸ਼ਹਿਰ ਦੀ ਰਣਜੀਤ ਐਵੇਨਿਊ ਕਲੋਨੀ, ਏ ਬਲਾਕ ਨਾਲ ਸਬੰਧ ਰੱਖਦੇ ਹਨ। ਉਹਨਾਂ 2019 ਅਤੇ 20 ਵਿੱਚ ਚੰਡੀਗੜ ਵਿਖੇ ਹੋਈ ਮੈਰਾਥਾਨ ਵਿੱਚ ਵੀ ਭਾਗ ਲਿਆ ਸੀ। ਉਹਨਾਂ ਮਰਚਿੰਡ ਨੇਵੀ ਵਿੱਚ ਵੀ ਬਤੌਰ ਇੰਜਨੀਅਰ ਸੇਵਾਵਾਂ ਨਿਭਾਈਆਂ।

ਉਹਨਾਂ ਨੂੰ ਹਾਰਟ ਦੀ ਪ੍ਰੌਬਲਮ ਹੋਣ ਕਰਕੇ ਦੋ ਸਟੰਟ ਵੀ ਪੈ ਚੁੱਕੇ ਹਨ। ਪਰ ਉਹਨਾਂ ਦਿਲ ਦੀ ਬਿਮਾਰੀ ਨੂੰ ਆਪਣੇ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ ਸਗੋਂ ਹਰਰੋਜ ਸਵੇਰਿਓ ਚਾਰ ਵਜੇ ਉੱਠਕੇ ਕਸਰਤ ਕਰਦੇ ਹਨ 'ਤੇ ਆਪਣੇ ਆਪ ਨੂੰ ਪੂਰਾ ਫਿੱਟ ਰੱਖਿਆ ਹੋਇਆ ਹੈ। ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਹਰਭਜਨ ਸਿੰਘ ਰੰਧਾਵਾ ਦੀ ਜਿੱਤ ਤੇ ਮਾਣ ਮਹਿਸੂਸ ਕਰ ਰਿਹਾ ਹੈ।

# ਕੈਲੀਫੋਰਨੀਆ 'ਚ ਟਰੱਕ ਡਰਾਈਵਰ ਦੀ ਗੋਲੀਆਂ ਮਾਰਕੇ ਹੱਤਿਆ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)–** ਲੰਘੇ ਵੀਰਵਾਰ ਦਿਨ ਦਿ-ਹਾੜੇ ਕੈਲੀਫੋਰਨੀਆ ਦੇ ਸ਼ਹਿਰ ਲੇਥਰੋਪ ਵਿਖੇ ਫਰੀਵੇਅ 5 ਤੇ ਐਮਾਜੋਨ ਕੰਪਨੀ ਦੇ ਟਰੱਕ ਡਰਾਈਵਰ ਨੂੰ ਅਣਪਛਾਤੇ ਵਿਅੱਕਤੀਆ ਵੱਲੋ ਗੋਲੀਆਂ ਮਾਰਕੇ ਹਲਾਕ ਕਰਨ ਦੀ ਖ਼ਬਰ ਨੇ ਸਭਨੂੰ ਹੈਰਾਨ ਕਰਕੇ ਰੱਖ ਦਿੱਤੀ। ਮਰਨ ਵਾਲੇ ਡਰਾਈਵਰ ਦੀ ਪਹਿਚਾਣ ਇਲਖੋਮ ਸ਼ੋਡੀਏਵ (37) ਵਜੋਂ ਹੋਈ ਹੈ, ਜੋ ਉੱਤਰੀ ਕੈਰੋਲੀਨਾ ਦਾ ਰਹਿਣ ਵਾਲਾ ਸੀ।

ਜਾਣਕਾਰੀ ਮੁਤਾਬਕ ਵੀਰਵਾਰ ਦੁਪਿਹਰ ਤਕਰੀਬਨ 12।48 ਦੇ ਮ੍ਰਿਤਕ ਡਰਾਈਵਰ ਇਲਖੋਮ ਸ਼ੋਡੀਏਵ ਆਪਣੇ ਟਰੱਕ ਵਿੱਚ ਫ੍ਰੀਵੇਅ 5 ਤੇ ਨੌਰਥ ਬੌਂਡ ਜਾ ਰਿਹਾ ਸੀ, ਜਦੋਂ ਹਾਈਵੇਅ 120 ਲਾਗੇ ਉਸਦੇ ਟਰੱਕ ਤੇ ਅਣ-ਪਛਾਤੇ ਹਮਲਾਵਰਾਂ ਨੇ ਗੋਲੀਆਂ ਦਾਗ ਦਿੱਤੀਆ। ਗੋਲੀਆਂ ਲੱਗਣ ਕਾਰਨ ਟਰੱਕ ਆਊਟ ਆਫ ਕੰਟਰੋਲ ਹੋ ਗਿਆ ਅਤੇ ਲੂਇਸ ਐਵੇਨਿਊ ਲਾਗੇ ਫਰੀਵੇਅ ਤੋ ਹੇਠਾ ਉੱਤਰਕੇ ਦੋ ਖੜੀਆਂ ਕਾਰਾਂ ਨਾਲ ਟਕਰਾਕੇ ਬਿਲਡਿੰਗ ਨਾਲ ਵੱਜਕੇ ਰੁਕਿਆ। ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਹਾਈਵੇਅ ਪਟਰੋਲ ਹਮਲਾਵਰਾਂ ਦੀ ਭਾਲ ਕਰ ਰਿਹਾ, ਅਤੇ ਉਹ ਪਬਲਿਕ ਤੋਂ ਮੱਦਦ ਮੰਗ ਰਹੇ ਹਨ 'ਤਾਂ ਕਿ ਦੋਸ਼ਿਆ ਦੀ ਸ਼ਨਾਖ਼ਤ ਹੋ ਸਕੇ। ਐਮਾਜੋਨ ਦੀ ਬੁਲਾਰੀ ਨੇ ਆਪਣੇ ਡਰਾਈਵਰ ਦੀ ਮੌਤ ਤੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਐਮਾਜੋਨ ਇਸ ਦੁੱਖ ਦੀ ਘੜੀ ਵਿੱਚ ਮ੍ਰਿਤਕ ਡਰਾਈਵਰ ਦੇ ਪਰਿਵਾਰ ਨਾਲ ਖੜਾ ਹੈ।



## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਗਿਆਨੀ ਰਘਵੀਰ ਸਿੰਘ ਦੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਨਿਯੁਕਤੀ ਦਾ ਕੀਤਾ ਸਵਾਗਤ




**ਸੈਕਰਾਮੈਟੋ–** ਸ਼੍ਰੋਮਣੀ ਗੁਰਦੁਆਰਾ ਪ੍ਰਬਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵ਼ਲੋਂ ਸਿਖ ਇਡੋ-ਅਮੈਰੀਕਨ ਗਰੁੱਪ ਨਾਲ ਮੁਲਾਕਤ ਕੀਤੀ। ਇਸ ਮੌਕੇ ਉਹਨਾਂ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਹੋਈ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੈ ਇਸ ਦੇ ਸ਼ਾਨਮਤੇ ਇਤਿਹਾਸ ਅਤੇ ਹੋਂਦ ਨੂੰ ਢਾਹ ਨਹੀ ਲੱਗਣੀ ਚਾਹੀਦੀ ਉਹਨਾਂ ਸੰਸਥਾ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਸਾਨੂੰ ਸੰਸਥਾ ਦੀ ਮਜ਼ਬੂਤੀ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਹਨਾਂ ਭਰੋਸਾ ਦੁਆਇਆ ਕਿ ਕਮੇਟੀ ਵਲੋਂ ਅਮਰੀਕਨ ਸਿੱਖਾਂ ਦੀ ਸਲਾਹ ਅਤੇ ਸਹਿਯੋਗ ਲੈ ਕੇ ਕਾਰਜ ਕਰੇਗੀ। ਉਹਨਾਂ ਗਿਆਨੀ ਰਘਵੀਰ ਸਿੰਘ ਦੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਨਿਯੁਕਤੀ ਨੂੰ ਵੀ ਸ਼ਲਾਘਾਯੋਗ ਕਦਮ ਦੱਸਦਿਆਂ ਸਵਾਗਤ ਕੀਤਾ।ਮੀਟਿਗ ਨੂ ਡਾ ਪਰਮਜੀਤ ਸਿੰਘ ਸਰੋਆ ਅਤੇ ਰਮੇਸ਼ ਸਿੰਘ ਖਾਲਸਾ ਕਰਾਚੀ ਨੇ ਵੀ ਸੰਬੋਧਨ ਕੀਤਾ। ਨਰਿੰਦਰਪਾਲ ਸਿੰਘ ਹੁੰਦਲ ਨੇ ਸਵਾਗਤ ਕਰਦਿਆਂ ਭਰੋਸਾ ਦਿੱਤਾ ਕਿ ਅਮਰੀਕਾ ਦੀਆਂ ਸੰਗਤਾਂ ਪੂਰਨ ਸਹਿਯੋਗ ਦੇਣ ਲਈ ਵਚਨਬੱਧ ਹੈ। ਮੀਟਿਗ ਵਿਚ ਪੋਫੈਸਰ ਮੁਖ਼ਤਿਆਰ ਸਿੰਘ ਗਿੱਲ, ਮਨਜੀਤ ਸਿੰਘ ਸੈਣੀ, ਜਾਨਾਲ ਸਿਘ ਭਿੰਡਰ, ਦਵਿੰਦਰ ਸਿੰਘ ਢਿਲੋ, ਸੋਹਣ ਸਿੰਘ ਧੂਰੀ, ਗੁਦਿਆਲ ਸਿੰਘ ਪਡਾ, ਹਰਬੰਸ ਸਿੰਘ, ਲਖਤਾਰ ਸਿੰਘ ਪੱਡਾ, ਰਘਬੀਰ ਸਿੰਘ ਚੌਧਰੀ, ਸੰਤੋਖ ਸਿੰਘ, ਗੁਰਦੇਵ ਸਿੰਘ ਢਿਲੋ ਹਾਜ਼ਰ ਸਨ।

# ਬੀਮੇ ਦੀ ਰਕਮ ਲੈਣ ਲਈ ਮਾਂ ਦੀ ਹੱਤਿਆ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੁੱਤਰ ਦੀ ਪੁਲਿਸ ਹਿਰਾਸਤ ਵਿਚ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਨਾਥਨ ਕਾਰਮੈਨ ਨਾਮੀ ਵਿਅਕਤੀ ਜਿਸ ਉਪਰ ਬੀਮੇ ਦੀ ਰਕਮ ਲੈਣ ਲਈ 2016 ਵਿਚ ਮੱਛੀਆਂ ਫੜਨ ਦੇ ਇਕ ਟੂਰ ਦੌਰਾਨ ਆਪਣੀ ਮਾਂ ਦੀ ਸਮੁੰਦਰ ਵਿਚ ਹੱਤਿਆ ਕਰਨ ਦੇ ਦੋਸ਼ ਆਇਦ ਕੀਤੇ ਗਏ ਸਨ, ਦੀ ਸੰਘੀ ਪੁਲਿਸ ਦੀ ਹਿਰਾਸਤ ਵਿਚ ਮੌਤ ਹੋਣ ਦੀ ਖਬਰ ਹੈ। ਇਹ



ਖੁਲਾਸਾ ਸੰਘੀ ਇਸਤਗਾਸਾ ਵਕੀਲਾਂ ਵੱਲੋਂ ਅਦਾਲਤ ਵਿਚ ਦਾਇਰ ਦਰਖਾਸਤ ਤੋਂ ਹੋਇਆ ਹੈ। ਦਰਖਾਸਤ ਵਿਚ ਕਿਹਾ ਗਿਆ ਹੈ ਕਿ ਯੂ ਐਸ ਮਾਰਸ਼ਲ ਤੋਂ ਜਾਣਕਾਰੀ ਮਿਲੀ ਹੈ ਕਿ ਕਾਰਮੈਨ ਦੀ 15 ਜੂਨ 2023 ਨੂੰ ਮੌਤ ਹੋ ਗਈ ਹੈ, ਇਸ ਲਈ ਉਸ ਵਿਰੁੱਧ ਦਾਇਰ ਦੋਸ਼ ਖਾਰਜ ਕੀਤੇ ਜਾਣ। ਮੌਤ ਦਾ ਕਾਰਨ ਨਹੀਂ ਦੱਸਿਆ ਗਿਆ ਹੈ। ਵਰਮੌਂਟ ਯੂ ਐਸ ਅਟਾਰਨੀ ਦੇ ਦਫਤਰ ਦੇ ਇਕ ਬੁਲਾਰੇ ਨੇ ਅਦਾਲਤ ਵਿਚ ਦਾਇਰ ਦਰਖਾਸਤ ਤੋਂ ਬਿਨਾਂ ਹੋਰ ਕੋਈ ਟਿਪਣੀ ਕਰਨ ਤੋਂ ਨਾਂਹ ਕਰ ਦਿੱਤੀ। ਇਥੇ ਜਿਕਰਯੋਗ ਹੈ ਕਿ ਨਾਥਨ ਕਾਰਮੈਨ ਨੂੰ 2016 ਵਿਚ ਮੱਛੀਆਂ ਫੜਨ ਦੇ ਟੂਰ 'ਤੇ ਜਾਣ ਤੋਂ ਇਕ ਹਫਤੇ ਬਾਅਦ ਇਕ ਕਿਸ਼ਤੀ ਵਿਚ ਲੱਭ ਲਿਆ ਗਿਆ ਸੀ ਜਦ ਕਿ ਉਸ ਦੀ ਮਾਂ ਲਿੰਡਾ ਕਾਰਮੈਨ ਦੀ ਅਜ ਤੱਕ ਲਾਸ਼ ਨਹੀਂ ਮਿਲੀ। ਅਦਾਲਤੀ ਰਿਕਾਰਡ ਅਨੁਸਾਰ ਨਾਥਨ ਵਿਰੁੱਧ ਸੁਣਵਾਈ ਅਕਤੂਬਰ ਵਿਚ ਸ਼ੁਰੂ ਹੋਣੀ ਸੀ। ਉਸ ਨੂੰ ਮਈ 2022 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਵਿਰੁੱਧ ਦਾਇਰ ਦੋਸ਼ਾਂ ਵਿਚ ਕਿਹਾ ਗਿਆ ਹੈ ਕਿ ਉਸ ਨੇ ਆਪਣੇ ਦਾਦਾ ਜੌਹਨ ਚਕਾਲੋਸ ਦੀ ਵੀ 2013 ਵਿਚ ਉਸ ਦੇ ਕੋਨੈਕਟੀਕਟ ਵਿਚਲੇ ਘਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਯੂ ਐਸ ਅਟਾਰਨੀ ਦਫਤਰ ਵਰਮੌਂਟ ਡਿਸਟ੍ਰਿਕਟ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਕਾਰਮੈਨ ਦੇ ਸਾਰੇ ਕਥਿੱਤ ਅਪਰਾਧ ਪੈਸਾ ਤੇ ਜਾਇਦਾਦ ਹੜਪਣ ਲਈ ਉਸ ਦੀ ਸਕੀਮ ਦਾ ਹਿੱਸਾ ਸਨ।

# ਅਮਰੀਕਾ ਦੇ ਮਿਨੀਸੋਟਾ ਰਾਜ ਵਿਚ ਵਾਪਰਿਆ ਭਿਆਨਕ ਸੜਕ ਹਾਦਸਾ, 5 ਔਰਤਾਂ ਦੀ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–**ਮਿਨੀਸੋਟਾ ਰਾਜ ਦੇ ਸ਼ਹਿਰ ਮਿਨੀਆਪੋਲਿਸ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ 5 ਔਰਤ ਦੋਸਤਾਂ ਦੇ ਮਾਰੇ ਜਾਣ ਦੀ ਖਬਰ ਹੈ। ਮ੍ਰਿਤਕਾਂ ਦੀ ਉਮਰ 21 ਸਾਲ ਤੋਂ ਘੱਟ ਦੱਸੀ ਜਾਂਦੀ ਹੈ। ਮਿਨੀਆਪੋਲਿਸ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਹਾਦਸੇ ਤੋਂ ਪਹਿਲਾਂ ਮਿਨੀਸੋਟਾ ਸਟੇਟ ਗਸ਼ਤੀ ਦਲ ਨੇ ਇੰਟਰ ਸਟੇਟ 35 ਉਪਰ ਇਕ ਤੇਜ਼ ਰਫ਼ਤਾਰ ਕਾਰ ਜਾਂਦੀ ਵੇਖੀ ਪਰੰਤੂ ਇਸ ਤੋਂ ਪਹਿਲਾਂ ਕਿ ਗਸ਼ਤੀ ਦਲ ਕਿਸੇ ਟਰੈਫ਼ਿਕ ਸਟਾਪ 'ਤੇ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰਦਾ, ਉਸ ਦਾ ਡਰਾਈਵਰ ਕਾਰ ਨੂੰ ਰਾਸ਼ਟਰੀ ਮਾਰਗ ਛੱਡ ਕੇ ਇਕ ਪਾਸੇ ਲੈ ਕੇ ਨਿਕਲ ਗਿਆ।

ਬਾਅਦ ਵਿਚ ਕਾਰ ਲੇਕ ਸਟਰੀਟ ਤੇ ਸੈਕੰਡ ਐਵੀਨਿਊ ਵਿਚਾਲੇ ਪੈਂਦੇ ਚੌਰਾਹੇ 'ਤੇ ਬਿਨਾਂ ਲਾਲ ਬੱਤੀ ਦੀ ਪਰਵਾਹ ਕੀਤੇ ਅਗੇ ਨਿਕਲ ਗਈ ਤੇ ਇਕ ਕਾਰ ਵਿਚ ਜਾ ਵੱਜੀ ਜਿਸ ਵਿਚ 4 ਬਾਲਗ ਔਰਤਾਂ ਤੇ 1 ਨਬਾਲਗ ਔਰਤ ਸਵਾਰ ਸੀ ਜਿਨਾਂ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੁਲਿਸ ਹਾਦਸੇ ਵਾਲੇ ਸਥਾਨ 'ਤੇ ਸਥਾਨਕ ਸਮੇ ਅਨੁਸਾਰ ਰਾਤ 10-12 ਵਜੇ ਪਹੁੰਚੀ।

ਬਿਆਨ ਅਨੁਸਾਰ ਹਾਦਸੇ ਲਈ ਜਿੰਮੇਵਾਰ ਕਾਰ ਦੇ ਡਰਾਈਵਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰੰਤੂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਹੇਨਪਿਨ ਕਾਊਂਟੀ ਮੈਡੀਕਲ ਸੈਂਟਰ ਵਿਚ ਡਾਕਟਰੀ ਜਾਂਚ ਲਈ ਦਾਖਲ ਕਰਵਾਇਆ ਗਿਆ ਹੈ। ਉਸ ਨੂੰ ਅਜੇ ਤੱਕ ਰਸਮੀ ਤੌਰ 'ਤੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ ਤੇ ਨਾ ਹੀ ਅਜੇ ਤੱਕ ਉਸ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਮ੍ਰਿਤਕਾਂ ਦੀ ਪਛਾਣ ਸਲਮਾ ਮੁਹੰਮਦ ਐਬਡੀਕਾਦਿਰ (20), ਸਾਹਰਾ ਲਿਬਨ ਗੈਸਾਡੇ (20), ਸਾਗਲ ਬੁਰਹਾਨ ਹਰਸੀ (19), ਸਿਹਾਮ ਐਡਨ ਓਧੋਵਾ (19) ਤੇ ਸਬੀਰੀਨ ਮੁਹੰਮਦ ਅਲੀ (17) ਵਜੋਂ ਹੋਈ ਹੈ। ਇਹ ਪੰਜੇ ਔਰਤਾਂ ਆਪਸ ਵਿਚ ਮਿੱਤਰ ਸਨ ਤੇ ਆਪਣੇ ਦੋਸਤ ਦੇ ਵਿਆਹ ਵਿਚ ਸ਼ਾਮਿਲ ਹੋਣ ਲਈ ਇਕੱਠੀਆਂ ਹੋਈਆਂ ਸਨ।

## ਆਪਣੀ ਪਤਨੀ ਤੇ 2 ਬੱਚਿਆਂ ਸਮੇਤ ਕਾਰ ਨੂੰ ਸੈਂਕੜੇ ਫੁੱਟ ਡੂੰਘੀ ਖੱਡ ਵਿਚ ਸੁੱਟਣ ਦਾ ਮਾਮਲਾ

# ਕੈਲੀਫੋਰਨੀਆ ਵਾਸੀ ਭਾਰਤੀ ਮੂਲ ਦਾ ਡਾਕਟਰ ਪਟੇਲ ਨਹੀਂ ਕਰ ਸਕੇਗਾ ਡਾਕਟਰੀ ਦਾ ਕਿੱਤਾ, ਅਦਾਲਤ ਨੇ ਲਾਈ ਰੋਕ

**ਸੈਕਰਾਮੈਂਟੋ, ਕੈਲੀਫੋਰਨੀਆ–** ਭਾਰਤੀ ਮੂਲ ਦਾ ਡਾਕਟਰ ਧਰਮੇਸ਼ ਪਟੇਲ ਜਿਸ ਉਪਰ ਆਪਣੀ ਪਤਨੀ ਤੇ 2 ਛੋਟੇ ਬੱਚਿਆਂ ਸਮੇਤ ਕਾਰ ਨੂੰ ਜਾਣਬੁਝਕੇ 250 ਫੁੱਟ ਡੂੰਘੀ ਖੱਡ ਵਿਚ ਸੁੱਟਣ ਦੇ ਦੋਸ਼ ਲਾਏ ਗਏ ਹਨ, ਨੂੰ ਇਕ ਯੂ ਐਸ ਅਦਾਲਤ ਵੱਲੋਂ ਮੈਡੀਕਲ ਪ੍ਰੈਕਟਿਸ ਕਰਨ ਤੋਂ ਰੋਕ ਦੇਣ ਦੀ ਖਬਰ ਹੈ। ਮੈਡੀਕਲ ਬੋਰਡ ਆਫ ਕੈਲੀਫੋਰਨੀਆ ਨੇ ਅਦਾਲਤ ਵਿਚ ਪੇਸ਼ ਕੀਤੇ ਇਕ ਮਤੇ ਵਿਚ ਮੰਗ ਕੀਤੀ ਸੀ ਕਿ ਵਿਸ਼ੇਸ਼ ਤੌਰ 'ਤੇ ਜੇਕਰ ਪਟੇਲ ਨੂੰ ਜ਼ਮਾਨਤ ਮਿਲ ਜਾਂਦੀ ਹੈ ਤਾਂ ਜਦੋਂ ਤੱਕ ਉਸ ਵਿਰੁੱਧ ਅਪਰਾਧਕ ਮਾਮਲੇ ਦੀ ਸੁਣਵਾਈ ਪੂਰੀ ਨਹੀਂ ਹੁੰਦੀ ਉਸ ਨੂੰ ਮੈਡੀਕਲ ਪ੍ਰੈਕਟਿਸ ਕਰਨ ਤੋਂ ਰੋਕਿਆ ਜਾਵੇ। ਸੈਨ ਮੈਟੀਓ ਕਾਊਂਟੀ ਸੁਪੀਰੀਅਰ ਕੋਰਟ ਜੱਜ ਰਚੇਲ ਹੋਲਟ ਨੇ ਬੋਰਡ ਦੀ ਇਸ ਮੰਗ ਨੂੰ ਪ੍ਰਵਾਨ ਕਰ ਲਿਆ ਹੈ। ਬੋਰਡ ਨੇ ਦਲੀਲ ਦਿੱਤੀ ਹੈ ਕਿ ਪਟੇਲ ਜੋ ਇਕ ਡਾਕਟਰ ਹੈ, ਆਮ ਜਨਤਾ ਲਈ ਖਤਰਾ ਹੈ। 41 ਸਾਲਾ ਧਰਮੇਸ਼ ਪਟੇਲ ਪ੍ਰਾਵੀਡੈਂਸ ਹੋਲੀ ਕਰਾਸ ਮੈਡੀਕਲ ਸੈਂਟਰ ਲਾਸ ਏਂਜਲਸ ਵਿਚ ਰੇਡੀਆਲੋਜਿਸਟ ਵਜੋਂ ਸੇਵਾਵਾਂ ਨਿਭਾ ਅ ਰਿਹਾ ਸੀ ਤੇ ਇਸ ਸਮੇ ਜੇਲ ਵਿਚ ਹੈ। ਇਸ ਸਾਲ ਫਰਵਰੀ ਵਿਚ ਉਸ ਵਿਰੁੱਧ ਹੱਤਿਆਵਾਂ ਕਰਨ ਦੀ ਕੋਸ਼ਿਸ ਕਰਨ ਲਈ ਪਹਿਲਾ ਦਰਜਾ ਹੱਤਿਆ ਤੇ ਬੱਚਿਆਂ ਦੀ ਜਿੰਦਗੀ ਨਾਲ ਖਿਲਵਾੜ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਪਟੇਲ ਜੋ ਪਾਸਾਡੇਨਾ, ਕੈਲੀਫੋਰਨੀਆ ਦਾ ਵਾਸੀ ਹੈ, ਇਸ ਸਮੇ ਸੈਨ ਮੈਟੀਓ ਕਾਊਂਟੀ ਜੇਲ ਵਿਚ ਬੰਦ ਹੈ। ਪਟੇਲ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ ਤੇ ਕਿਹਾ ਹੈ ਕਿ ਕਾਰ ਦੇ ਟਾਇਰਾਂ ਦੀ ਖਰਾਬੀ ਕਾਰਨ ਇਹ ਹਾਦਸਾ ਵਾਪਰਿਆ ਸੀ। ਜਦ ਕਿ ਉਸ ਦੀ ਪਤਨੀ ਨੇ ਆਪਣੇ ਬਿਆਨ ਵਿਚ ਕਿਹਾ ਸੀ ਕਿ ਇਹ ਮਹਿਜ ਇਕ ਹਾਦਸਾ ਨਹੀਂ ਹੈ ਬਲਕਿ ਜਾਣਬੁਝ ਕੇ ਕਾਰ ਨੂੰ ਖੱਡ ਵਿਚ ਸੁੱਟਿਆ ਗਿਆ ਹੈ।

# ਕੈਲੀਫੋਰਨੀਆ ਵਿਚ ਸ਼ਰਾਬ ਦੇ ਠੇਕੇ 'ਤੇ ਲੁੱਟਖੋਹ ਦੌਰਾਨ ਹੋਈ ਗੋਲੀਬਾਰੀ ਵਿਚ ਠੇਕੇ ਦੇ ਮੁਲਾਜ਼ਮ ਸਮੇਤ 2 ਮੌਤਾਂ




**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਇਕ ਲਿਕੁਰ ਸਟੋਰ 'ਤੇ ਲੁੱਟਖੋਹ ਦੀ ਕੋਸ਼ਿਸ਼ ਦੌਰਾਨ ਹੋਈ ਗੋਲੀਬਾਰੀ ਵਿਚ ਇਕ 16 ਸਾਲਾ ਲੜਕੇ ਤੇ 20 ਸਾਲ ਦੇ ਕਲਰਕ ਦੀ ਮੌਤ ਹੋਣ ਦੀ ਖਬਰ ਹੈ। ਇਹ ਘਟਨਾ ਫਰਿਜਨੋ ਤੋਂ ਤਕਰੀਬਨ 40 ਮੀਲ ਦੂਰ ਦੱਖਣ ਪੂਰਬ ਵਿਚ ਵਿਸਾਲੀਆ ਵਿਚ ਈ ਜ਼ੈਡ ਮਾਰਟ ਲਿਕੁਰ ਸਟੋਰ ਵਿਖੇ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਸਥਾਨਕ ਸਮੇ ਅਨੁਸਾਰ ਰਾਤ 11 ਵਜੇ ਦੇ ਆਸ ਪਾਸ ਘਟਨਾ ਸਥਾਨ 'ਤੇ ਪੁੱਜੀ। ਵਿਸਾਲੀਆ ਪੁਲਿਸ ਵਿਭਾਗ ਅਨੁਸਾਰ 20 ਸਾਲਾ ਕਲਰਕ ਨੂੰ ਸਟੋਰ ਵਿਚ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਜਦ ਕਿ 16 ਸਾਲਾ ਇਕ ਲੜਕਾ ਪਾਰਕਿੰਗ ਵਿਚ ਜ਼ਖਮੀ ਹਾਲਤ ਵਿਚ ਮਿਲਿਆ ਜਿਸ ਨੂੰ ਕਾਵੀਹ ਹੈਲਥ ਮੈਡੀਕਲ ਸੈਂਟਰ ਵਿਚ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਹਿੰਸਕ ਅਪਰਾਧ ਬਾਰੇ ਖੁਫੀਆ ਵਿਭਾਗ ਅਨੁਸਾਰ 16 ਸਾਲਾ ਲੜਕੇ ਨੇ ਸ਼ਰਾਬ ਦੇ ਠੇਕੇ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਲੜਕੇ ਤੇ ਸਟੋਰ ਦੇ ਕਲਰਕ ਵਿਚਾਲੇ ਗੋਲੀਆਂ ਦਾ ਵਟਾਂਦਰਾ ਹੋਇਆ। ਪੁਲਿਸ ਨੇ ਮਾਮਲੇ ਦੇ ਹੱਲ ਲਈ ਆਮ ਲੋਕਾਂ ਨੂੰ ਮੱਦਦ ਕਰਨ ਲਈ ਕਿਹਾ ਹੈ ਤਾਂ ਜੋ ਘਟਨਾ ਵਿਚ ਸ਼ਾਮਿਲ ਕਿਸੇ ਤੀਸਰੇ ਸੰਭਾਵੀ ਵਿਅਕਤੀ ਦਾ ਪਤਾ ਲਾਇਆ ਜਾ ਸਕੇ।

# ਅਮਰੀਕਾ ਦੀ ਮੈਨਹਟਨ ਜਿਊਰੀ ਵੱਲੋਂ ਇਕ ਵਿਅਕਤੀ ਨੂੰ ਗਲਾ ਘੁੱਟ ਕੇ ਮਾਰ ਦੇਣ ਦੇ ਮਾਮਲੇ ਵਿਚ ਸਾਬਕਾ ਸੈਨਿਕ ਦੋਸ਼ੀ ਕਰਾਰ

**ਸੈਕਰਾਮੈਂਟੋ, ਕੈਲੀਫੋਰਨੀਆ–** ਮੈਨਹਟਨ, ਨਿਊਯਾਰਕ ਦੀ ਗਰੈਂਡ ਜਿਊਰੀ ਵੱਲੋਂ ਡੈਨੀਏਲ ਪੈਨੀ ਨਾਮੀ ਇਕ ਸਾਬਕਾ ਸੈਨਿਕ ਨੂੰ ਜੌਰਡਨ ਨੀਲੀ ਨਾਮੀ ਵਿਅਕਤੀ ਦੀ ਗਲਾ ਘੁੱਟ ਕੇ ਹੱਤਿਆ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇਣ ਦੀ ਖਬਰ ਹੈ। ਮਾਮਲੇ ਨਾਲ ਜੁੜੇ ਸੂਤਰਾਂ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਪੈਨੀ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਨਹਟਨ ਡਿਸਟ੍ਰਿਕਟ ਅਟਾਰਨੀ ਵੱਲੋਂ ਇਸ ਸਬੰਧੀ ਰਸਮੀ ਐਲਾਨ ਛੇਤੀ ਕੀਤਾ ਜਾਵੇਗਾ। ਪੈਨੀ ਨੇ ਪਿਛਲੇ ਮਹੀਨੇ ਪੁਲਿਸ ਅਗੇ ਆਤਮ ਸਮਰਪਣ ਕਰ ਦਿੱਤਾ ਸੀ।



ਉਸ ਤੋਂ ਬਾਅਦ ਉਸ ਨੂੰ 100000 ਡਾਲਰ ਦੇ ਬਾਂਡ ਉਪਰ ਰਿਹਾਅ ਕਰ ਦਿੱਤਾ ਗਿਆ ਸੀ। ਇਹ ਘਟਨਾ ਪਿਛਲੇ ਮਹੀਨੇ ਪਹਿਲੀ ਮਈ ਨੂੰ ਵਾਪਰੀ ਸੀ ਜਦੋਂ ਪੈਨੀ ਨੇ ਸਬਵੇਅ ਟਰੇਨ ਵਿਚ ਇਕ ਬੇਘਰੇ ਸਟਰੀਟ ਕਲਾਕਾਰ ਨੀਲੀ ਨੂੰ ਗਲ ਤੋਂ ਫੜ ਲਿਆ ਸੀ। ਨੀਲੀ ਨੇ ਰੌਲਾ ਵੀ ਪਾਇਆ ਪਰੰਤੂ ਕਿਸੇ ਵੀ ਯਾਤਰੀ ਨੇ ਉਸ ਵੱਲ ਧਿਆਨ ਨਹੀਂ ਦਿੱਤਾ। ਪੈਨੀ ਨੇ ਮੌਤ ਹੋਣ ਤੱਕ ਨੀਲੀ ਦਾ ਗਲਾ ਘੁੱਟੀ ਰਖਿਆ । ਮੈਡੀਕਲ ਨਰੀਖਕ ਨੇ ਇਸ ਨੂੰ ਹੱਤਿਆ ਕਰਾਰ ਦਿੱਤਾ ਸੀ। ਨਿਊਯਾਰਕ ਸਿਟੀ ਡਿਪਾਰਟਮੈਂਟ ਆਫ ਹੋਮਲੈਸ ਸਰਵਿਸਜ ਦੀ ਬੇਘਰਿਆਂ ਦੀ ਸੂਚੀ ਵਿਚ ਨੀਲੀ ਸ਼ਾਮਿਲ ਸੀ । ਇਸ ਸੂਚੀ ਵਿਚ ਉਹ ਲੋਕ ਸ਼ਾਮਿਲ ਕੀਤੇ ਜਾਂਦੇ ਹਨ ਜਿਨਾਂ ਨੂੰ ਸਹਾਇਤਾ ਦਾ ਬੇਹੱਦ ਲੋੜ ਹੁੰਦੀ ਹੈ। ਗਰੈਂਡ ਜਿਊਰੀ ਦੇ ਫੈਸਲੇ ਉਪਰ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਨੀਲੀ ਦੇ ਪਰਿਵਾਰ ਨੇ ਕਿਹਾ ਹੈ ਕਿ ਉਨਾਂ ਦਾ ਵਿਸ਼ਵਾਸ਼ ਹੈ ਕਿ ਪੈਨੀ ਨੂੰ ਆਪਣੇ ਕੀਤੇ ਦੀ ਸਜ਼ਾ ਮਿਲੀ ਹੈ। ਪਰਿਵਾਰ ਨੇ ਕਿਹਾ ਪੈਨੀ ਵੱਲੋਂ ਕੀਤੇ ਗਨਾਹ ਦਾ ਇਹ ਸਹੀ ਸਿੱਟਾ ਹੈ।

# ਮੈਕਸੀਕੋ ਦੇ ਹੋਟਲ ਵਿਚ ਕੈਲੀਫੋਰਨੀਆ ਵਾਸੀ ਜੋੜੇ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਮੈਕਸੀਕੋ ਦੇ ਬਾਜਾ ਕੈਲੀਫੋਰਨੀਆ ਪ੍ਰਾਇਦੀਪ ਵਿਚ ਇਕ ਰਿਜ਼ਾਰਟ ਵਿਚ ਇਕ ਅਮਰੀਕੀ ਜੋੜੇ ਦੀ ਮੌਤ ਹੋਣ ਦੀ ਖਬਰ ਹੈ। ਇਹ ਜਾਣਕਾਰੀ ਮੈਕਸੀਕਨ ਅਧਿਕਾਰੀਆਂ ਨੇ ਦਿੱਤੀ ਹੈ। ਇਹ ਜੋੜਾ ਨਿਊਪੋਰਟ ਬੀਚ ਕੈਲੀਫੋਰਨੀਆ ਦਾ ਵਸਨੀਕ ਸੀ।

ਪੀੜਤ ਪਰਿਵਾਰ ਤੇ ਬਾਜਾ ਕੈਲੀਫੋਰਨੀਆ ਸਰ ਅਟਾਰਨੀ ਜਨਰਲ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਜੌਹਨ ਹੀਥਕੋ (41) ਤੇ ਐਬੀ ਲੁਟਜ਼ (28) ਦੀਆਂ ਲਾਸ਼ਾਂ ਐਲ ਪੈਸਕੈਡਰੋ ਵਿਚ ਰਿਜ਼ਾਰਟ ਰਾਂਚੋ ਪੈਸਕੈਡਰੋ ਦੇ ਇਕ ਕਮਰੇ ਵਿਚੋਂ ਮਿਲੀਆਂ ਹਨ। ਸਥਾਨਕ ਸਮੇ ਅਨੁਸਾਰ ਕਾਬੋ ਨੇੜੇ ਸਥਿੱਤ 5 ਤਾਰਾ ਰਿਜ਼ਾਰਟ ਦੇ ਕਮਰੇ ਵਿਚੋਂ ਰਾਤ 9 ਵਜੇ ਦੇ ਆਸਪਾਸ ਜੋੜਾ ਮ੍ਰਿਤਕ ਹਾਲਤ ਵਿਚ ਮਿਲਿਆ। ਜਾਂਚਕਾਰਾਂ ਅਨੁਸਾਰ ਕਮਰੇ ਵਿਚ ਕਿਸੇ ਕਿਸਮ ਦੀ ਹਿੰਸਾ ਹੋਣ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ। ਸਥਾਨਕ ਅਧਿਕਾਰੀਆਂ ਅਨੁਸਾਰ ਸ਼ੁਰੂਆਤੀ ਫੋਰੈਂਸਿਕ ਜਾਂਚ ਅਨੁਸਾਰ ਮੌਤਾਂ ਕੋਈ ਨਸ਼ੀਲਾ ਪਦਾਰਥ ਖਾਣ ਕਾਰਨ ਹੋਈਆਂ ਹਨ ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਵਿਚ ਆਏ ਤੂਫਾਨ ਤੇ ਖਰਾਬ ਮੌਸਮ ਕਾਰਨ 5 ਮੌਤਾਂ, ਹਜਾਰਾਂ ਲੋਕ ਬਿਨਾਂ ਬਿਜਲੀ ਰਹਿਣ ਲਈ ਮਜਬੂਰ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ, ਲੁਇਸਇਆਨਾ ਤੇ ਮਿਸੀਸਿੱਪੀ ਰਾਜ ਵਿਚ ਮੌਸਮ ਦੇ ਬਦਲੇ ਮਿਜ਼ਾਜ਼ ਤੇ ਆਏ ਜਬਰਦਸਤ ਤੂਫਾਨ ਕਾਰਨ ਹਜਾਰਾਂ ਲੋਕਾਂ ਵੱਲੋਂ ਬਿਨਾਂ ਬਿਜਲੀ ਰਹਿਣ ਲਈ ਮਜਬੂਰ ਹੋਣ ਤੇ 5 ਵਿਅਕਤੀਆਂ ਦੀ ਮੌਤ ਹੋਣ ਦੀ ਖਬਰ ਹੈ। ਅਨੇਕਾਂ ਦਰਖਤ ਡਿੱਗ ਗਏ ਹਨ ਤੇ ਬਿਜਲੀ ਦੇ ਖੰਭਿਆਂ ਅਤੇ ਲਾਈਨਾਂ ਨੂੰ ਨੁਕਸਾਨ ਪੁੱਜਾ ਹੈ। ਟੈਕਸਾਸ ਦੇ ਪੈਰੀਟੋਨ ਕਸਬੇ ਵਿਚ ਤੂਫਾਨ ਦੀ ਲਪੇਟ ਵਿਚ ਆ ਕੇ 3 ਲੋਕਾਂ ਦੀ ਮੌਤ ਹੋ ਗਈ ਜਦ ਕਿ ਦਰਜ਼ਨਾਂ ਲੋਕ ਜ਼ਖਮੀ ਹੋਏ ਹਨ। ਪੈਰੀਟੋਨ ਵਿਚ ਵੱਡੇ ਪੱਧਰ ਉਪਰ ਹੋਈ ਤਬਾਹੀ ਕਾਰਨ ਕਰਫਿਊ ਲਾਉਣਾ ਪਿਆ ਜਿਸ ਨੂੰ ਬਾਅਦ ਵਿਚ ਹਟਾ ਲਿਆ ਗਿਆ।

ਪੈਰੀਟੋਨ ਵਿਚ 50 ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ । ਸਥਾਨਕ ਅਧਿਕਾਰੀਆਂ ਅਨੁਸਾਰ 2 ਵਿਅਕਤੀ ਲਾਪਤਾ ਹਨ। ਫਲੋਰਿਡਾ ਤੇ ਮਿਸੀਸਿੱਪੀ ਵਿਚ ਇਕ-ਇਕ ਮੌਤ ਹੋਣ ਦੀ ਰਿਪੋਰਟ ਹੈ। ਐਸਕੈਮਬੀਆ ਕਾਊਂਟੀ ਦੇ ਬੁਲਾਰੇ ਐਂਡੀ ਗਿਬਸਨ ਅਨੁਸਾਰ ਫਲੋਰਿਡਾ ਵਿਚ ਇਕ ਵਿਅਕਤੀ ਉਸ ਵੇਲੇ ਮਾਰਿਆ ਗਿਆ ਜਦੋਂ ਇਕ ਦਰਖਤ ਉਸ ਦੇ ਘਰ ਉਪਰ ਆ ਡਿੱਗਾ ਜਿਸ ਕਾਰਨ ਘਰ ਢਹਿਢੇਰੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮੋਬਾਈਲ ਘਰਾਂ ਦੇ ਮਾਲਕਾਂ ਦਾ ਵੱਡੀ ਪੱਧਰ ਉਪਰ ਨੁਕਸਾਨ ਹੋਇਆ ਹੈ।

ਇਸ ਦੌਰਾਨ ਨੈਸ਼ਨਲ ਵੈਦਰ ਸਰਵਿਸ ਨੇ ਟੈਕਸਾਸ ਤੇ ਦੱਖਣੀ ਅਮਰੀਕੀ ਰਾਜਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅੱਤ ਗਰਮੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਭਵਿੱਖਬਾਣੀ ਅਨੁਸਾਰ ਇਸ ਵਾਰ ਦੱਖਣੀ ਟੈਕਸਾਸ ਤੇ ਲੁਇਸਇਆਨਾ ਦੇ ਤੱਟੀ ਹਿੱਸਿਆਂ ਵਿਚ ਪਹਿਲਾਂ ਦੀ ਤੁਲਨਾ ਵਿਚ ਵਧੇਰੇ ਗਰਮੀ ਪਵੇਗੀ।

ਦੇਸ਼ ਦੁਆਬਾ

# ਵਿਰੋਧੀ ਪਾਰਟੀਆਂ ਦੀ ਏਕਤਾ

ਭਾਰਤ ਵਿਚ ਅਗਲੇ ਸਾਲ ਯਾਨਿ 2014 ਵਿਚ ਲੋਕ ਸਭਾ ਚੋਣਾਂ ਹੋਣ ਜਾ ਰਹੀਆਂ ਹਨ, ਜਿਸ ਲਈ ਸਿਆਸੀ ਪਾਰਟੀਆਂ ਮੋਦੀ ਵਿਰੋਧੀ ਗੱਠਜੋੜ ਬਣਾਉਣ ਲਈ ਉਤਾਵਲੀਆਂ ਨਜ਼ਰ ਆਉਂਦੀਆਂ ਹਨ।ਇਸ ਲਈ ਪਹਿਲ ਕਾਂਗਰਸ ਨੇ ਹੀ ਕੀਤੀ ਹੈ ਅਤੇ ਗੱਠਜੋੜ ਦੀ ਜ਼ਿੰਮੇਵਾਰੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਦਿੱਤੀ, ਜੋ 23 ਜੂਨ ਨੂੰ ਪਟਨਾ ਵਿਚ ਸਾਰੀਆਂ ਪਾਰਟੀਆਂ ਦਾ ਇਕ ਸੰਮੇਲਨ ਕਰਵਾ ਰਹੇ ਹਨ। ਹੁਣ ਇਸ ਵਿਚ ਕੌਣ ਆਉਂਦਾ ਹੈ ਜਾਂ ਨਹੀਂ, ਇਹ ਤਾਂ ਉਸੇ ਦਿਨ ਦੇਖਿਆ ਜਾਵੇਗਾ ਪਰ ਗੱਠਜੋੜ ਹੋਣ ਤੋਂ ਪਹਿਲਾਂ ਹੀ ਵੱਡੀ ਪਾਰਟੀ ਕਾਂਗਰਸ ਪਿੱਛੇ ਹਟਦੀ ਨਜ਼ਰ ਆ ਰਹੀ ਹੈ। ਜਦੋਂ ਕੇਜਰੀਵਾਲ ਨੇ ਦਿੱਲੀ ਬਾਰੇ ਕੇਂਦਰੀ ਬਿਲ ਤੇ ਕਾਂਗਰਸ ਤੋਂ ਵਾਰ-ਵਾਰ ਸਮਰਥਨ ਮੰਗਿਆ ਤਾਂ ਕਾਂਗਰਸ ਨੇ ਹੁਣ ਤੱਕ ਨਾ ਜਵਾਬ ਦਿੱਤਾ ਅਤੇ ਨਾ ਹੀ ਹਾਮੀ ਭਰੀ ਹੈ। ਇਸ ਤੋਂ ਤੰਗ ਕੇਜਰੀਵਾਲ ਹੁਣ ਕਾਂਗਰਸ ਦੇ ਖਿਲਾਫ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿਚ ਚੋਣਾਂ ਲੜਨ ਜਾ ਰਹੇ ਹਨ। ਵਿਰੋਧੀ ਪਾਰਟੀਆਂ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਅਹਿਮ ਵਿਰੋਧੀ ਪਾਰਟੀਆਂ ਬੰਗਾਲ ਦੀ ਟੀਐਮਸੀ ਅਤੇ ਤਾਮਿਲਨਾਡੂ ਦੀ ਸਟਾਲਿਨ ਦੀ ਪਾਰਟੀ, ਬਿਹਾਰ ਦੇ ਨਿਤੀਸ਼ ਕੁਮਾਰ, ਮਹਾਰਾਸ਼ਟਰ ਦੇ ਸ਼ਰਦ ਪਵਾਰ, ਯੂ. ਪੀ. ਦੇ ਅਖਿਲੇਸ਼ ਯਾਦਵ, ਬਸਪਾ ਦੀ ਮਾਇਆਵਤੀ ਅਤੇ ਇਕ ਦੋ ਹੋਰ ਲੀਡਰ ਅਜਿਹੇ ਹਨ, ਜਿਹੜੇ ਕਾਂਗਰਸ ਦੀ ਅਗਵਾਈ ਵਿਚ ਸਰਕਾਰ ਬਣਾਉਣ ਅਤੇ ਰਾਹੁਲ ਗਾਂਧੀ ਨੂੰ ਆਪਣਾ ਲੀਡਰ ਮੰਨਣ ਤੋਂ ਆਨਾਕਾਨੀ ਕਰਦੇ ਹਨ। ਮਮਤਾ ਬੈਨਰਜੀ ਅਤੇ ਨਿਤੀਸ਼ ਕੁਮਾਰ ਤਾਂ ਖੁਦ ਆਪਣੇ-ਆਪ ਨੂੰ ਐਲਾਨੀਆ ਪ੍ਰਧਾਨ ਮੰਤਰੀ ਦਾ ਉਮੀਦਵਾਰ ਸਮਝਦੇ ਹਨ। ਇਹ ਕਾਂਗਰਸ ਨੂੰ ਕਹਿ ਰਹੇ ਹਨ ਕਿ ਉਹ ਬਿਹਾਰ, ਬੰਗਾਲ, ਯੂ. ਪੀ., ਤਾਮਿਲਨਾਡੂ, ਕੇਰਲ ਵਿਚ ਚੋਣਾਂ ਨਾ ਲੜੇ। ਕੇਜਰੀਵਾਲ ਵੀ ਕਾਂਗਰਸ ਨੂੰ ਕਹਿ ਰਹੇ ਹਨ ਕਿ ਉਹ ਦਿੱਲੀ ਅਤੇ ਪੰਜਾਬ ਵੱਲ ਝਾਤ ਵੀ ਨਾ ਮਾਰੇ। ਹੁਣ ਕਾਂਗਰਸ ਕੋਲ ਚੋਣ ਲੜਨ ਲਈ ਕਿੰਨੇ ਕੁ ਰਾਜ ਬਚਣਗੇ। ਕਾਂਗਰਸ ਦੀ ਇਸ ਸੁੰਗੜਦੀ ਤਸਵੀਰ ਨੂੰ ਦੇਖ ਕੇ ਕਾਂਗਰਸੀ ਵੀ ਪ੍ਰੇਸ਼ਾਨ ਹਨ ਕਿਉਂਕਿ ਫਿਰ ਤਾਂ ਇਹ ਪਾਰਟੀ ਖੇਤਰੀ ਪਾਰਟੀ ਬਣ ਕੇ ਰਹਿ ਜਾਵੇਗੀ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਸਾਰੇ ਦੇਸ਼ ਵਿਚੋਂ 19.4 ਫੀਸਦੀ ਵੋਟਾਂ ਮਿਲੀਆਂ ਸਨ, ਜਦਕਿ ਸਾਰੀਆਂ ਖੇਤਰੀ ਪਾਰਟੀਆਂ ਨੂੰ ਮਿਲਾ ਕੇ ਸਿਰਫ 19.1 ਫੀਸਦੀ ਵੋਟਾਂ ਮਿਲੀਆਂ ਸਨ। ਗੱਠਜੋੜ ਤੋਂ ਦੂਰ ਰਹਿਣ ਵਾਲੀ ਬੀਜੂ ਜਨਤਾ ਦਲ ਨੂੰ ਵੀ 3 ਫੀਸਦੀ ਤੋਂ ਵੱਧ ਵੋਟ ਮਿਲੇ ਸਨ। ਭਾਜਪਾ ਸਮਰਥਕ ਖੇਤਰੀ ਪਾਰਟੀਆਂ ਨੂੰ 18 ਫੀਸਦੀ ਦੇ ਆਸ-ਪਾਸ ਵੋਟ ਮਿਲੇ ਸਨ ਅਤੇ 37.36 ਫੀਸਦੀ ਵੋਟ ਮਿਲੇ ਸਨ। ਹੁਣ ਇਕ ਅਜਿਹੀ ਕੌਮੀ ਪਾਰਟੀ ਕਾਂਗਰਸ ਜਿਸ ਨੂੰ ਇਕੱਲਿਆਂ ਆਪਣੇ ਦਮ ਤੇ 19.4 ਫੀਸਦੀ ਵੋਟਾਂ ਮਿਲ ਰਹੀਆਂ ਹੋਣ, ਕੀ ਉਹ ਆਪਣੀ ਜ਼ਮੀਨ ਗੁਆ ਕੇ ਖੇਤਰੀ ਪਾਰਟੀ ਬਣਨ ਪਸੰਦ ਕਰੇਗੀ? ਅਜਿਹਾ ਡਰ ਕਾਂਗਰਸ ਦੇ ਅੰਦਰ ਵੀ ਫੈਲਦਾ ਜਾ ਰਿਹਾ ਹੈ। ਕਾਂਗਰਸ ਵਿਚ ਕੁਝ ਲੀਡਰ ਤਾਂ ਅਜਿਹਾ ਵੀ ਕਹਿ ਰਹੇ ਹਨ ਕਿ ਕਾਂਗਰਸ ਨੂੰ ਕੇਂਦਰੀ ਸੱਤਾ ਦੀ ਪਰਵਾਹ ਨਹੀਂ ਕਰਨੀ ਚਾਹੀਦੀ ਬਲਕਿ ਆਪਣਾ ਆਧਾਰ ਕਾਇਮ ਰੱਖਣਾ ਚਾਹੀਦਾ ਹੈ। ਜਦੋਂ ਕਦੀ ਵੀ ਭਾਰਤ ਦੇ ਵੋਟਰ ਭਾਜਪਾ ਨੂੰ ਸੱਤਾ ਤੋਂ ਹਟਾਉਣ ਦੀ ਸੋਚਣਗੇ ਤਾਂ ਉਹਨਾਂ ਕੋਲ ਵਿਕਲਪ ਕਾਂਗਰਸ ਹੀ ਹੈ ਕਿਉਂਕਿ ਹੋਰ ਕਿਸੇ ਪਾਰਟੀ ਦੇ ਕੋਲ ਸਾਰੇ ਮੁਲਕ ਵਿਚ ਫੈਲਿਆ ਕਾਡਰ ਨਹੀਂ ਹੈ। ਹੁਣ ਦੇਖਣ ਵਾਲੀ ਗੱਲ ਹੋਵੇਗੀ ਕਿ 23 ਜੂਨ ਨੂੰ ਵਿਰੋਧੀ ਏਕਤਾ ਕਿੰਨੀ ਕੁ ਪਰਵਾਨ ਚੜ੍ਹਦੀ ਹੈ?

# ਮੋਦੀ ਦੇ ਅਮਰੀਕਾ ਦੌਰੇ ’ਤੇ ਸਾਰੀ ਦੁਨੀਆ ਦੀਆਂ ਨਜ਼ਰਾਂ



ਡਾ ਕ੍ਰਿਸ਼ਨ ਕੁਮਾਰ ਰੱਤੂ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੌਰੇ ’ਤੇ ਹਨ। ਉਨ੍ਹਾਂ ਦਾ ਇਹ ਦੌਰਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਦੋ ਮਹਾ-ਸ਼ਕਤੀਆਂ ਚੀਨ ਤੇ ਅਮਰੀਕਾ ਬਹੁਤ ਸਾਰੇ ਮਸਲਿਆਂ ਨੂੰ ਲੈ ਕੇ ਆਹਮੋ-ਸਾਹਮਣੇ ਹਨ। ਹਿੰਦ ਮਹਾਸਾਗਰ ਤੋਂ ਲੈ ਕੇ ਏਸ਼ਿਆਈ ਖਿੱਤੇ ਵਿਚਲੇ ਦੇਸ਼ਾਂ ਦੀ ਆਪਸੀ ਖਿੱਚੋਤਾਣ ਤੇ ਤਾਇਵਾਨ, ਜਾਪਾਨ ਤੇ ਉੱਤਰੀ ਕੋਰੀਆ ਆਦਿ ਸਮੇਤ ਅਜਿਹੇ ਅਨੇਕਾਂ ਮਸਲੇ ਹਨ ਜਿਨ੍ਹਾਂ ’ਤੇ ਅਮਰੀਕੀ ਤੇ ਚੀਨੀ ਰੌਂਅ ਪੂਰੀ ਦੁਨੀਆ ’ਤੇ ਅਸਰਅੰਦਾਜ਼ ਹੋ ਸਕਦਾ ਹੈ। ਰੂਸ-ਯੂਕਰੇਨ ਜੰਗ ਦੀ ਅੱਗ ਦੇ ਨਾਲ-ਨਾਲ ਰੂਸ-ਈਰਾਨ ਭਾਈਚਾਰਕ ਸਾਂਝ ਤੇ ਦੱਖਣੀ ਏਸ਼ਿਆਈ ਦੇਸ਼ਾਂ ਨੂੰ ਤੇਲ ਦੀ ਸਪਲਾਈ ਅਜਿਹੇ ਕਾਰਕ ਹਨ ਜਿਨ੍ਹਾਂ ’ਚ ਭਾਰਤੀ ਭਾਈਵਾਲੀ ਅਮਰੀਕਾ ਲਈ ਬੇਹੱਦ ਮਹੱਤਵਪੂਰਨ ਹੈ। ਆਉਣ ਵਾਲੇ ਸਮੇਂ ਵਿਚ ਭਾਰਤ ਤੇ ਅਮਰੀਕਾ, ਦੋਵਾਂ ਦੇਸ਼ਾਂ ਵਿਚ ਸੰਸਦੀ ਚੋਣਾਂ ਹੋ ਰਹੀਆਂ ਹਨ। ਜੋਅ ਬਾਇਡਨ ਤੇ ਪ੍ਰਧਾਨ ਮੰਤਰੀ ਮੋਦੀ ਲਈ 2024 ਦੀਆਂ ਚੋਣਾਂ ਇਕ ਨਵੀਂ ਚੁਣੌਤੀ ਲੈ ਕੇ ਆ ਰਹੀਆਂ ਹਨ।

ਇਸ ਖ਼ਤਰਨਾਕ ਦੌਰ ਵਿਚ ਜਦੋਂ ਪੂਰੀ ਦੁਨੀਆ ਵਿਚ ਰਾਜਨੀਤਕ ਤੇ ਆਰਥਿਕ ਮੁਹਾਜ਼ਾਂ ’ਤੇ ਉਥਲ-ਪੁਥਲ ਚੱਲ ਰਹੀ ਹੈ ਉਦੋਂ ਸੰਸਾਰ ਦੀਆਂ ਦੋ ਵੱਡੀਆਂ ਲੋਕਰਾਜੀ ਤਾਕਤਾਂ ਲਈ ਇਹ ਦੌਰਾ ਤੇ ਗੱਲਬਾਤਾਂ ਮਹੱਤਵਪੂਰਨ ਹਨ। ਇੱਥੇ ਇਹ ਦੱਸਣਾ ਵੀ ਬੇਹੱਦ ਜ਼ਰੂਰੀ ਹੈ ਕਿ ਅਮਰੀਕਾ ਵਿਚ ਪਰਵਾਸੀ ਭਾਰਤੀਆਂ ਦੀ ਵੱਡੀ ਗਿਣਤੀ ਰਹਿ ਰਹੀ ਹੈ ਜੋ ਅੱਜ ਉੱਥੇ ਦੀਆਂ ਤਕਨੀਕਾਂ, ਸਾਇੰਸ ਤੇ ਮੈਡੀਕਲ ਸੇਵਾਵਾਂ ਦੇ ਨਾਲ-ਨਾਲ ਅਮਰੀਕੀ ਰਾਜਨੀਤੀ ਵਿਚ ਆਪਣੀਆਂ ਜੜ੍ਹਾਂ ਜਮਾ ਚੁੱਕੀ ਹੈ। ਲਗਪਗ 415 ਮਿਲੀਅਨ ਵਸੋਂ ਵਿਚ 1.35 ਪ੍ਰਤੀਸ਼ਤ ਭਾਰਤੀ ਮੂਲ ਦੇ ਵਸਨੀਕ ਹਨ। ਦੱਖਣੀ ਏਸ਼ਿਆਈ ਲੋਕਾਂ ਦੀ ਗਿਣਤੀ ਵਿਚ ਇਹ ਅੱਜ ਸਭ ਤੋਂ ਵੱਡੀ ਗਿਣਤੀ ਹਨ।



ਨਵੰਬਰ 2022 ਦੀ ਗਣਨਾ ਵਿਚ ਇਹ ਬਹੁ-ਗਿਣਤੀ ਵਧ ਕੇ 8.75 ਮਿਲੀਅਨ ਹੋ ਗਈ ਹੈ। ਬੀਤੇ 8 ਵਰ੍ਹਿਆਂ ਵਿਚ ਇਹ ਵਾਧਾ 58% ਵੇਖਿਆ ਗਿਆ ਹੈ। ਅੱਜ 123.700 ਦੀ ਆਮਦਨ ਨਾਲ ਭਾਰਤੀ ਸਭ ਤੋਂ ਵਧੀਆ ਨੌਕਰੀਆਂ ’ਤੇ ਲੱਗੇ ਹੋਏ ਹਨ ਅਤੇ ਉਹ ਕੁੱਲ ਅਮਰੀਕੀ ਟੈਕਸ ਦਾ 6 ਫ਼ੀਸਦੀ ਤੋਂ ਜ਼ਿਆਦਾ ਭਰਦੇ ਹਨ। ਪੂਰੀ ਦੁਨੀਆ ਵਿਚ ਅੱਜ ਅਮਰੀਕਾ ਨਾਲ ਭਾਰਤ ਦਾ ਸਭ ਤੋਂ ਜ਼ਿਆਦਾ ਵਪਾਰ ਹੈ ਅਤੇ ਇਹ ਦੁਵੱਲਾ ਹੈ। ਇਸ ਦਾ ਸਿੱਧਾ ਅਸਰ ਭਾਰਤੀ ਸਰਮਾਏ ’ਤੇ ਪੈਂਦਾ ਹੈ। ਭਾਰਤੀ ਰੱਖਿਆ ਸੌਦੇ ਵਿਚ ਅਮਰੀਕਾ ਭਾਰਤ ਦਾ ਵੱਡਾ ਭਾਈਵਾਲ ਹੈ। ਇੰਡਸਟ੍ਰੀਅਲ ਸਕਿਉਰਿਟੀ ਐਗਰੀਮੈਂਟ (ਆਈਐੱਸਏ) ਇਸ ਦੀ ਵੱਡੀ ਨਿਸ਼ਾਨੀ ਹੈ। ਅੱਜ ਭਾਰਤ ਤੇ ਅਮਰੀਕਾ ਦੇ ਦੁਵੱਲੇ ਸਬੰਧਾਂ ਬਾਰੇ ਅਸੀਂ ਵੇਖ ਸਕਦੇ ਹਾਂ ਕਿ ਰੱਖਿਆ, ਕਾਊਂਟਰ ਇੰਟੈਲੀਜੈਂਸੀ ਅਤੇ ਵਾਤਾਵਰਨ ਸਬੰਧੀ ਮੁੱਦੇ ਸਭ ਤੋਂ ਅਹਿਮ ਹਨ ਅਤੇ ਇਨ੍ਹਾਂ ’ਤੇ ਜ਼ਿਆਦਾ ਜ਼ੋਰ ਦਿੱਤਾ ਜਾਵੇਗਾ। ਭਾਰਤ ਤੇ ਅਮਰੀਕਾ ਦੋਵੇਂ ਹੀ ਜਲਵਾਯੂ ਤਕਨਾਲੋਜੀ, ਖੇਤੀਬਾੜੀ ਤੇ ਸਿੱਖਿਆ ਸਮੇਤ ਪੁਲਾੜ ਤਕਨਾਲੋਜੀ ’ਤੇ ਵੀ ਦੋਵਾਂ ਨੇਤਾਵਾਂ ਦੀ ਮੁਲਾਕਾਤ ਮੌਕੇ ਚਰਚਾ ਹੋਵੇਗੀ। ਭਾਵੇਂ ਪ੍ਰਧਾਨ ਮੰਤਰੀ ਮੋਦੀ ਆਪਣੇ ਦੌਰੇ ਦੀ ਸ਼ੁਰੂਆਤ ਯੂਐੱਨਓ ਵਿਚ ਯੋਗ ਨਾਲ ਕਰਨਗੇ ਪਰ ਇਹ ਦੌਰਾ ਲੱਖਾਂ ਉਨ੍ਹਾਂ ਅਮਰੀਕੀ ਭਾਰਤੀਆਂ ਲਈ ਨਵੀਆਂ ਉਮੀਦਾਂ ਦਾ ਰਸਤਾ ਵੀ ਖੋਲ੍ਹੇਗਾ ਜੋ ਐੱਚਬੀ ਵੀਜ਼ੇ ਲਈ ਉਮੀਦਾਂ ਲਗਾਈ ਬੈਠੇ ਹਨ।

ਇੰਡੋ ਪੈਸੇਫਿਕ ਸਹਿਯੋਗ ਇਕ ਅਜਿਹਾ ਖੇਤਰ ਹੈ ਜਿੱਥੇ ਅੱਜ ਦੋਵੇਂ ਲੋਕਤੰਤਰੀ ਤਾਕਤਾਂ ਅਰਥਾਤ ਭਾਰਤ ਤੇ ਅਮਰੀਕਾ ਸੰਸਾਰ ਨੂੰ ਨਵੇਂ ਸਬੰਧਾਂ ਤੇ ਪਰਮਾਣੂ ਯੁੱਧ ਤੋਂ ਅੱਗੇ ਸ਼ਾਂਤੀ ਲਈ ਕੰਮ ਕਰ ਸਕਦੇ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਜੋਅ ਬਾਇਡਨ ਅਜਿਹੇ ਵੇਲੇ ਮਿਲ ਰਹੇ ਹਨ ਜਦੋਂ ਪੂਰੀ ਦੁਨੀਆ ਇਕ ਅਲੱਗ ਜਿਹੇ ਮਾਹੌਲ ਵਿਚ ਹੈ ਮਸਲਨ ਵਿਸ਼ਵ ਯੁੱਧ ਦਾ ਖ਼ਤਰਾ ਵੀ ਮੰਡਰਾ ਰਿਹਾ ਹੈ। ਇਹ ਦੋਵੇਂ ਨੇਤਾ ਸੂਝ-ਬੂਝ ਦਿਖਾ ਕੇ ਸੰਸਾਰ ਨੂੰ ਸੇਧ ਦੇ ਸਕਦੇ ਹਨ। ਅਮਰੀਕਾ ਵਿਚ ਮੋਦੀ ਦੀ ਲੋਕਪ੍ਰਿਅਤਾ ਇਸ ਕਦਰ ਹੈ ਕਿ ਅੱਜ ਲੱਖਾਂ ਭਾਰਤੀਆਂ ਤੇ ਏਸ਼ਿਆਈ ਲੋਕਾਂ ਤੋਂ ਬਿਨਾਂ ਅਫ਼ਰੀਕੀ ਤੇ ਲਤੀਨੀ ਅਮਰੀਕੀ ਲੋਕ ਵੀ ਪ੍ਰਧਾਨ ਮੰਤਰੀ ਦੇ ਦੌਰੇ ’ਤੇ ਸੰਯੁਕਤ ਬਿਆਨ ਦਾ ਇੰਤਜ਼ਾਰ ਕਰ ਰਹੇ ਹਨ ਕਿਉਂਕਿ ਜ਼ਿਆਦਾਤਰ ਮੁਲਕਾਂ ’ਚ ਕੁਝ ਸਾਲਾਂ ਵਿਚ ਭਾਰਤ ਦਾ ਰੁਤਬਾ ਵਧਿਆ ਹੈ।

ਕੋਵਿਡ ਵੇਲੇ ਭਾਰਤ ਵੱਲੋਂ ਫ੍ਰੀ ਵੈਕਸੀਨ ਤੇ ਹੋਰ ਦਵਾਈਆਂ ਨਾਲ ਕੀਤੀ ਗਈ ਮਦਦ ਦੁਨੀਆ ਅਜੇ ਭੁੱਲੀ ਨਹੀਂ ਹੈ। ਭਾਰਤ ਅਕਸਰ ਵੱਖ-ਵੱਖ ਮੁਲਕਾਂ ਦੀ ਹਰ ਸੰਭਵ ਮਦਦ ਕਰਦਾ ਰਹਿੰਦਾ ਹੈ। ਤੁਰਕੀ ਦਾ ਭੂਚਾਲ ਇਸ ਦੀ ਇਕ ਵੱਡੀ ਮਿਸਾਲ ਹੈ। ਰਾਸ਼ਟਰਪਤੀ ਜੋਅ ਬਾਇਡਨ ਨੂੰ ਟਰੰਪ ਪ੍ਰਤੀ ਮੋਦੀ ਦਾ ਵਤੀਰਾ ਵੀ ਯਾਦ ਹੈ ਪਰ ਉਹ ਅਮਰੀਕਾ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦੇ। ਇਕ ਹੋਰ ਅਹਿਮ ਮੁੱਦਾ ਹੈ ਅਮਰੀਕਾ ਤੇ ਪਾਕਿਸਤਾਨ ਦੇ ਸਬੰਧਾਂ ਦਾ। ਇੱਥੇ ਇਹ ਵੀ ਚੇਤੇ ਕਰਵਾਇਆ ਜਾ ਸਕਦਾ ਹੈ ਕਿ ਪਾਕਿਸਤਾਨ ਲਈ ਚੀਨ ਤੋਂ ਬਾਅਦ ਵੱਡੀ ਮਦਦ ਜੇ ਕਿਤਿਓਂ ਆਉਂਦੀ ਹੈ ਤਾਂ ਉਹ ਹੈ ਅਮਰੀਕਾ। ਪਰ ਭਾਰਤੀ ਹਿੱਤਾਂ ਨੂੰ ਛੱਡ ਕੇ ਪਾਕਿਸਤਾਨ ਦਾ ਮੁੱਦਾ ਅਮਰੀਕੀ ਪ੍ਰਸ਼ਾਸਨ ਕਦੇ ਵੀ ਅੱਗੇ ਨਹੀਂ ਕਰੇਗਾ। ਸਾਈਬਰ ਸੁਰੱਖਿਆ, ਭਾਰਤੀ ਡਾਇਸਪੋਰਾ ਤੇ ਸੱਭਿਆਚਾਰਕ ਸਹਿਯੋਗ ਇਕ ਦੂਜਾ ਖੇਤਰ ਹੈ ਜਿੱਥੇ ਦੋਵੇਂ ਦੇਸ਼ ਆਪਣੀ ਸਾਰਥਕ ਭੂਮਿਕਾ ਤੈਅ ਕਰ ਸਕਦੇ ਹਨ। ਇਹ ਵੀ ਜ਼ਿਕਰਯੋਗ ਹੈ ਕਿ 123 ਦਾ ਵੱਡੀ ਪ੍ਰਸਿੱਧੀ ਵਾਲਾ ਸਮਝੌਤਾ ਅਜੇ ਤੀਕ ਜ਼ਿੰਦਾ ਹੈ ਜੋ 2008 ਵਿਚ ਉਦੋਂ ਦੇ ਵਿਦੇਸ਼ ਮੰਤਰੀ ਤੇ ਸਾਬਕਾ ਰਾਸ਼ਟਰਪਤੀ ਵੱਲੋਂ ਕੀਤਾ ਗਿਆ ਸੀ ਪਰ ਇਸ ਵਿਚ ਦੋਵੇਂ ਦੇਸ਼ਾਂ ਦੇ ਹਿੱਤ ਹਨ।

ਗਲੋਬਲ ਮੁੱਦਿਆਂ ’ਤੇ ਆਪਸੀ ਸਹਿਮਤੀ ਨੂੰ ਅੱਜ ਪੂਰੀ ਦੁਨੀਆ ਵੇਖ ਰਹੀ ਹੈ। ਅੱਜ ਆਈਏ ਅਰਥਾਤ ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੇ ਮੁੱਦੇ ਵੀ ਭਾਰਤ ਤੇ ਅਮਰੀਕਾ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ ਕਿਉਂਕਿ ਕੰਪਿਊਟਰ ਦੇ ਖੇਤਰ ਵਿਚ ਭਾਰਤ ਵਿਸ਼ੇਸ਼ ਖੋਜ ਕਰਦਾ ਹੈ। ਇਸੇ ਤਰ੍ਹਾਂ ਵਿਗਿਆਨਕ ਤੱਤਾਂ ਤੇ ਖੇਤਰਾਂ ਵਿਚ ਭਾਰਤ ਦੇ ਮਿਸ਼ਨ ਮੂਨ ਵਿਚ ਅਮਰੀਕਾ ਸਹਿਯੋਗ ਦਿੰਦਾ ਹੋਇਆ ਇਸਰੋ ਨਾਲ ਮਿਲ ਕੇ ਕੰਮ ਕਰਦਾ ਹੈ। ਪ੍ਰਧਾਨ ਮੰਤਰੀ ਮੋਦੀ ਇੱਥੇ ਅਮਰੀਕੀ ਕਾਂਗਰਸ ਨੂੰ ਵੀ ਸੰਬੋਧਨ ਕਰਨਗੇ ਪਰ ਮੁੱਖ ਮੁੱਦੇ ਦੁਵੱਲੇ ਸਬੰਧਾਂ ਤੇ ਪਰਮਾਣੂ ਯੁੱਧ ਤੋਂ ਦੁਨੀਆ ਨੂੰ ਮੁਕਤ ਕਰਨ ਦੇ ਨਾਲ-ਨਾਲ ਯੂਕਰੇਨ ਜੰਗ ਨੂੰ ਸਮਾਪਤ ਕਰਵਾਉਣ ਦੇ ਹਨ।

ਰੂਸ, ਯੂਕਰੇਨ, ਚੀਨ, ਜਾਪਾਨ ਤੇ ਨਾਟੋ ਦੇਸ਼ ਪ੍ਰਧਾਨ ਮੰਤਰੀ ਮੋਦੀ ਤੇ ਜੋਅ ਬਾਇਡਨ ਦੇ ਸਮਝੌਤਿਆਂ ਦਾ ਇੰਤਜ਼ਾਰ ਕਰ ਰਹੇ ਹਨ। ਇੱਥੇ ਇਹ ਵੀ ਬੇਹੱਦ ਦਿਲਚਸਪ ਹੈ ਕਿ ਮੋਦੀ ਪਹਿਲੇ ਅਜਿਹੇ ਪੀਐੱਮ ਹਨ ਜੋ ਅਮਰੀਕਾ ਨਾਲ ਸਬੰਧਾਂ ਦੀ ਨਵੀਂ ਕਹਾਣੀ ਲਿਖ ਰਹੇ ਹਨ ਜੋ ਸਮੇਂ ਦੀ ਜ਼ਰੂਰਤ ਵੀ ਹੈ। ਪਰਮਾਣੂ ਸਮਝੌਤੇ, ਸਾਈਬਰ ਸੁਰੱਖਿਆ, ਡਾਟਾ ਅਨੁਪਾਤਕ ਕਿਰਿਆ ਤੇ ਵਿਸ਼ਲੇਸ਼ਣ ’ਚ ਭਾਰਤ ਦੀ ਮੁਹਾਰਤ ਅੱਜ ਪੂਰੀ ਦੁਨੀਆ ’ਚ ਹੈ। ਇਸ ਵਾਰ ਭਾਵੇਂ ਮੋਦੀ ਕਿਸੇ ਵੱਡੇ ਆਯੋਜਨ ਦਾ ਹਿੱਸਾ ਤਾਂ ਨਹੀਂ ਬਣ ਰਹੇ ਹਨ ਪਰ ਭਾਰਤੀ ਡਾਇਸਪੋਰਾ ਭਾਰੀ ਜਨ-ਸਮੂਹ ਨੂੰ ਜ਼ਰੂਰ ਮਿਲਣਗੇ। ਉਹ ਟਵਿੱਟਰ ਦੇ ਮਾਲਕ ਐਲਨ ਮਸਕ ਤੇ ਕਈ ਨੋਬਲ ਪੁਰਸਕਾਰ ਜੇਤੂਆਂ ਦੇ ਨਾਲ-ਨਾਲ ਕਈ ਵੱਡੀਆਂ ਕੰਪਨੀਆਂ ਦੇ ਮਾਲਕਾਂ ਨੂੰ ਮਿਲਣਗੇ। ਇਹ ਦੌਰਾ ਭਾਰਤ ਤੇ ਅਮਰੀਕਾ ਦੇ ਸਬੰਧਾਂ ਦੀ ਇਕ ਨਵੀਂ ਇਬਾਰਤ ਲਿਖੇਗਾ। ਪ੍ਰਧਾਨ ਮੰਤਰੀ ਦੇ ਦੌਰੇ ’ਤੇ ਜੋਅ ਬਾਇਡਨ ਰਾਤਰੀ ਭੋਜ ਵ੍ਹਾਈਟ ਹਾਊਸ ਵਿਚ ਦੇਣਗੇ ਤੇ ਕਮਲਾ ਹੈਰਿਸ ਲੰਚ ’ਤੇ ਮੋਦੀ ਨਾਲ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਬਾਰੇ ਚਰਚਾ ਕਰਨਗੇ।

# ਹੁਣ ਭਾਰਤ ਵਿਚ ਵੀ ਟਰੱਕਾਂ ’ਚ ਡਰਾਈਵਰਾਂ ਲਈ ਏਸੀ ਕੈਬਿਨ ਹੋਣਗੇ ਜ਼ਰੂਰੀ




**ਨਵੀਂ ਦਿੱਲੀ–** ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਕਿ ਟਰੱਕ ਡਰਾਈਵਰਾਂ ਦੇ ਕੈਬਿਨ ਵਿੱਚ ਜਲਦੀ ਹੀ ਏਸੀ ਲਾਉਣੇ ਲਾਜ਼ਮੀ ਕਰ ਦਿੱਤੇ ਜਾਣਗੇ। ਇਸ ਦੌਰਾਨ ਉਨ੍ਹਾਂ ਟਰੱਕ ਡਰਾਈਵਰਾਂ ਦੀ ਡਿਊਟੀ ਦਾ ਸਮਾਂ ਵੀ ਤੈਅ ਕਰਨ ’ਤੇ ਜ਼ੋਰ ਦਿੱਤਾ। ਇੱਥੇ ਇੱਕ ਸਮਾਗਮ ਦੌਰਾਨ ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਕਿਹਾ, “ਇਸ ਸਮਗਾਮ ਵਿੱਚ ਆਉਣ ਤੋਂ ਪਹਿਲਾਂ ਮੈਂ ਟਰੱਕ ਡਰਾਈਵਰਾਂ ਦੇ ਕੈਬਿਨ ਵਿੱਚ ਏਸੀ ਲਾਜ਼ਮੀ ਕਰਨ ਸਬੰਧੀ ਫਾਈਲ ’ਤੇ ਦਸਤਖ਼ਤ ਕਰ ਕੇ ਆਇਆ ਹਾਂ। ਸਾਨੂੰ ਟਰੱਕ ਡਰਾਈਵਰਾਂ ਦਾ ਖਿਆਲ ਰੱਖਣਾ ਯਕੀਨੀ ਬਣਾਉਣਾ ਚਾਹੀਦਾ ਹੈ।” ‘ਦੇਸ਼ ਚਾਲਕ’ ਨਾਮੀ ਇੱਕ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਗਡਕਰੀ ਨੇ ਕਿਹਾ, “ਸਾਡੇ ਡਰਾਈਵਰ ਕਾਫੀ ਗਰਮੀ ਵਿੱਚ ਵਾਹਨ ਚਲਾਉਂਦੇ ਹਨ। ਸਾਨੂੰ ਡਰਾਈਵਰਾਂ ਦੇ ਹਾਲਾਤ ਸਮਝਣੇ ਚਾਹੀਦੇ ਹਨ। ਮੰਤਰੀ ਬਣਨ ਤੋਂ ਬਾਅਦ ਤੋਂ ਹੀ ਮੈਂ ਏਸੀ ਕੈਬਿਨ ਸ਼ੁਰੂ ਕਰਵਾਉਣਾ ਚਾਹੁੰਦਾ ਸੀ ਪਰ ਕੁੱਝ ਲੋਕਾਂ ਨੇ ਮੈਨੂੰ ਇਹ ਕਹਿੰਦਿਆਂ ਰੋਕ ਦਿੱਤਾ ਕਿ ਇਸ ਨਾਲ ਟਰੱਕਾਂ ਦੀ ਕੀਮਤ ਕਾਫੀ ਵਧ ਜਾਵੇਗੀ। ਅੱਜ ਮੈਂ ਸਾਰੇ ਟਰੱਕ ਕੈਬਿਨਾਂ ਵਿੱਚ ਏਸੀ ਲਵਾਉਣ ਸਬੰਧੀ ਫਾਈਲ ’ਤੇ ਦਸਤਖ਼ਤ ਕਰ ਦਿੱਤੇ ਹਨ।” ਰਿਪੋਰਟਾਂ ਅਨੁਸਾਰ 2025 ਤੋਂ ਡਰਾਈਵਰ ਕੈਬਿਨ ਵਿੱਚ ਏਸੀ ਲੱਗਣੇ ਸ਼ੁਰੂ ਹੋ ਜਾਣਗੇ। ਗਡਕਰੀ ਨੇ ਕਿਹਾ ਕਿ ਸਾਡੇ ਦੇਸ਼ ਵਿੱਚ ਡਰਾਈਵਰਾਂ ਦੀ ਘਾਟ ਹੈ, ਜਿਸ ਕਰਕੇ ਟਰੱਕ ਡਰਾਈਵਰਾਂ ਨੂੰ ਇੱਕ ਦਿਨ ਵਿੱਚ 14-16 ਘੰਟੇ ਕੰਮ ਕਰਨਾ ਪੈਂਦਾ ਹੈ। ਇਸ ਦੌਰਾਨ ਗਡਕਰੀ ਨੇ ਸੋਨੀਪਤ ਦੀ ਫੇਰੀ ਦੌਰਾਨ ਦਿੱਲੀ ਤੋਂ ਪਾਣੀਪਤ ਤੱਕ ਬਣਨ ਵਾਲੇ ਅੱਠ-ਮਾਰਗੀ ਨੈਸ਼ਨਲ ਹਾਈਵੇਅ ਦੇ ਮਾਡਲ ਦਾ ਨਿਰੀਖਣ ਵੀ ਕੀਤਾ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਰਮਨ ਨਿਵਾਸੀ ਮਾਤਾ ਦਲਜੀਤ ਕੌਰ ਗਿੱਲ ਦੇ ਅਕਾਲ ਚਲਾਣੇ 'ਤੇ ਸਮੂੰਹ ਗਿੱਲ ਅਤੇ ਗਰੇਵਾਲ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਮਾਤਾ ਦਲਜੀਤ ਕੌਰ ਗਿੱਲ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਉਹ ਪਿਛਲੇ ਲੰਮੇ ਸਮੇਂ ਤੋਂ ਕਰਮਨ ਸ਼ਹਿਰ ਵਿੱਚ ਰਹਿ ਰਹੇ ਸਨ। ਇਸ ਸਮੇਂ ਉਨ੍ਹਾਂ ਦੀ ਉਮਰ ਲਗਭਗ 76 ਸਾਲ ਸੀ।



ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 20 ਜੂਨ, 2023 ਦਿਨ ਮੰਗਲਵਾਰ ਨੂੰ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ , ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S. Vineland Ave. Kerman, CA 93630 ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੀ ਧੀ ਸਵਰਨਜੀਤ ਕੌਰ ਘੁਮਾਣ ਨਾਲ ਫੋਨ ਨੰਬਰ (559) 514-1754 ਰਾਹੀਂ ਸੰਪਰਕ ਕਰ ਸਕਦੇ ਹੋ।

# ਜੀ.ਐਚ.ਜੀ. ਅਕੈਡਮੀਂ ਫਰਿਜ਼ਨੋਂ ਵੱਲੋਂ 13ਵਾਂ ਸਲਾਨਾ ਕੈਂਪ 5 ਜੁਲਾਈ ਤੋਂ ਸ਼ੁਰੂ ਹੋਵੇਗਾ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਮੂਹ ਮਾਪਿਆ ਨੂੰ ਸਨਿਮਰ ਬੇਨਤੀ ਆਪਣੇ ਬੱਚਿਆ ਨੂੰ ਇਸ ਕੈਂਪ ਅਤੇ ਅਕੈਡਮੀ ਦਾ ਹਿੱਸਾ ਬਣਾਕੇ ਪੰਜਾਬ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਨਾਲ ਜੋੜੋ।

ਬੀਤੇ ਦਿਨੀ ਜੀ.ਐਚ.ਜੀ. ਡਾਂਸ਼ ਐਂਡ ਸੰਗੀਤ ਅਕੈਡਮੀ ਫਰਿਜ਼ਨੋ ਦੇ ਪ੍ਰਬੰਧਕੀ ਬੋਰਡ ਅਤੇ ਕੋਚਾਂ ਦੀ ਅਹਿਮ ਮੀਟਿੰਗ ਫਰਿਜ਼ਨੋ ਵਿਖੇ ਹੋਈ। ਜਿਸ ਵਿੱਚ ਅਕੈਡਮੀ ਵੱਲੋਂ ਹਰ ਸਾਲ ਵਾਗ ਇਸ ਸਾਲ ਵੀ ਸਲਾਨਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਕੈਂਪ ਅਤੇ ਪ੍ਰਬੰਧਾਂ ਸੰਬੰਧੀ ਵਿਚਾਰਾ ਹੋਈਆ। ਹਾਜ਼ਰੀਨ ਸਮੂੰਹ ਮੈਂਬਰਾਂ ਵੱਲੋਂ ਇਹ ਤਹਿ ਕੀਤਾ ਗਿਆ ਕਿ ਇਸ ਸਾਲ ਮਿੱਥੀ ਤਰੀਕ ਅਨੁਸਾਰ ਪੰਜਾਬੀ ਸੱਭਿਆਚਾਰਕ ਸਿੱਖਲਾਈ ਕੈਂਪ 5 ਜੁਲਾਈ ਤੋਂ 20 ਜੁਲਾਈ ਤੱਕ HOLLAND PARK WEST 3855 N. BRYAN AVE, FRESNO-CA ਵਿਖੇ ਬੜੀ ਸਫਲਤਾ ਨਾਲ ਲਾਇਆ ਜਾਵੇਗਾ। ਇਸ ਕੈਂਪ ਦੀਆਂ ਤਿਆਰੀਆ ਮੁਕੰਮਲ ਕਰ ਲਈਆਂ ਗਈਆਂ ਹਨ। ਸਮੂੰਹ ਮੈਂਬਰ ਸਾਹਿਬਾਨ ਵੱਲੋਂ ਪੂਰਨ ਤਸੱਲੀ ਪ੍ਰਗਟਾਈ ਗਈ ਕਿ ਇਸ ਕੈਂਪ ਵਿੱਚ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਡਾ। ਦਲਜਿੰਦਰ ਸਿੰਘ ਜੌਹਲ (ਅਕੈਡਮੀ ਫਾਊਡਰ) ਦੀ ਅਗਵਾਈ ਵਿੱਚ ਸੁਚੱਜੇ ਮਾਹਰਾ ਕੋਚਾਂ ਦੁਆਰਾ ਦਿੱਤੀ ਜਾਵੇਗੀ। ਕੈਂਪ ਦੌਰਾਨ ਬੱਚਿਆ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾਣਗੇ।

ਜੀਐਚਜੀ ਅਕੈਡਮੀਂ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਅਸੀਂ ਇਹ ਮਾਣ ਮਹਿਸੂਸ ਕਰਦੇ ਹਾਂ ਕਿ ਅਕੈਂਡਮੀਂ ਵੱਲੋਂ 1992 ਤੋਂ ਇੱਥੋਂ ਦੀ ਨਵੀਂ ਜੰਮੀ ਪਲੀ ਪਨੀਰੀ ਨੂੰ ਪੰਜਾਬੀ ਸੱਭਿਆਚਾਰ, ਮਾਂ ਬੋਲੀ, ਵਿਰਾਸਤੀ ਜੜਾਂ ਅਤੇ ਧਰਮ ਨਾਲ ਜੋੜਨ ਲਈ ਸਾਰਾ ਸਾਲ ਸਰਗਰਮ ਰਹਿੰਦੀ ਹੋਏ ਸੇਵਾਵਾ ਨਿਭਾ ਰਹੇ ਹਾਂ। ਨਸ਼ੇ ਛੱਡੋ ਕੋਹੜ ਵੱਢੋ ਸਾਡਾ ਨਾਹਰਾ ਹੈ। ਇਸ ਸਿਖਲਾਈ ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 22 ਜੁਲਾਈ, ਦਿਨ ਸ਼ਨੀਵਾਰ ਨੂੰ ਅੰਤਰ-ਰਾਸਟਰੀ ਪੱਧਰ ਤੇ ਯੁੱਵਕ ਮੇਲਾ ਕਰਵਾਇਆ ਜਾਵੇਗਾ।

ਜਿਸ ਵਿੱਚ ਅੰਤਰ-ਰਾਸ਼ਟਰੀ ਪੱਧਰ ਦੀਆ 10 ਟੀਮਾਂ ਵਿਚਕਾਰ ਭੰਗੜੇ ਦਾ ਮੁਕਾਬਲਾ ਬਹੁਤ ਰੌਚਿਕ ਹੋਵੇਗਾ। ਸਟੇਜ਼ ਸੰਚਾਲਨ ਬਹੁ-ਪੱਖੀ ਸ਼ਖ਼ਸੀਅਤ, ਪੰਜਾਬੀਅਤ ਦਾ ਮਾਣ, ਸਟੇਜ਼ਾ ਦੀ ਮਲਕਾ ਬੀਬੀ ਆਸ਼ਾ ਸਰਮਾਂ ਜੀ ਹਮੇਸਾ ਦੀ ਤਰ੍ਹਾਂ ਕਰਨਗੇ।

ਇਸ ਅੰਤਰ-ਰਾਸ਼ਟਰੀ ਗਿੱਧਾ-ਭੰਗੜਾਂ ਮੁਕਾਬਲੇ ਦੇ ਵਿੱਚ ਹਿੱਸਾ ਲੈਣ ਵਾਲੇ ਸਭ ਹਾਜ਼ਰ ਬੱਚਿਆ ਨੂੰ ਮਾਣ-ਸਨਮਾਨ ਦਿੱਤਾ ਜਾਵੇਗਾ। ਇਹ ਮੁਕਾਬਲਾ ਲਿਲਿਅਮ Saroyan theater ਫਰਿਜ਼ਨੋ ਵਿਖੇ ਹੋਵੇਗਾ। ਜਿਸ ਦਾ ਪਤਾ 730 M Street, Fresno, CA-93721 ਹੈ। ਜਿਸ ਵਿੱਚ ਸਥਾਨਿਕ ਕੈਂਪ ਵਿੱਚ ਭਾਗ ਲੈ ਰਹੇ ਬੱਚਿਆ ਦੀਆਂ ਵੱਖ ਵੱਖ ਉਮਰ ਵਾਲੀਆਂ ਟੀਮਾ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾ ਸਿਰਕਤ ਕਰਨਗੀਆਂ। ਜਿੰਨ੍ਹਾਂ ਵਿਚਕਾਰ ਭੰਗੜੇ ਦੇ ਮੁਕਾਬਲੇ ਹੋਣਗੇ।

ਸਮੂੰਹ ਭਾਈਚਾਰੇ ਨੂੰ ਪ੍ਰਬੰਧਕਾਂ ਵੱਲੋਂ ਇਸ ਕਲਾ ਦੇ ਕੁੰਭ ਵਿੱਚ ਸ਼ਾਮਲ ਹੋਣ ਲਈ ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਗਈ। ਕੈਂਪ ਸੰਬੰਧੀ ਵਧੇਰੇ ਜਾਣਕਾਰੀ ਲਈ ਪਰਮਜੀਤ ਸਿੰਘ ਧਾਲੀਵਾਲ (559) 351-9465 , ਗੁਰਦੀਪ ਸਿੰਘ ਸ਼ੇਰਗਿੱਲ (559) 349-1481 ਜਾਂ ਉਦੈਦੀਪ ਸਿੰਘ ਸਿੱਧੂ (559) 355-4065 ਨਾਲ ਸੰਪਰਕ ਕਰ ਸਕਦੇ ਹੋ।

# "ਤੀਆਂ ਫਰਿਜ਼ਨੋ ਦੀਆਂ 2023" ਕਾਰਨੀ ਪਾਰਕ ਫਰਿਜ਼ਨੋ ਵਿਖੇ 6 ਅਗਸਤ ਨੂੰ ਲੱਗਣਗੀਆਂ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬਸਮੁੱਚੇ ਅਮਰੀਕਾ ਵਿੱਚ ਰਵਾਇਤੀ ਢੰਗ ਨਾਲ ਪਿਛਲੇ 27 ਸਾਲਾਂ ਤੋਂ ਵਧੀਕ ਸਮੇਂ ਤੋਂ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ ਅਤੇ ਗੁੱਡੀ ਸਿੱਧੂ ਵੱਲੋਂ ਪਹਿਲ ਕਦਮੀ ਕਰਦੇ ਹੋਏ ਸਮੂੰਹ ਇਲਾਕੇ ਦੀਆਂ ਬੀਬੀਆਂ ਭੈਣਾਂ ਦੇ ਸਹਿਯੋਗ ਨਾਲ ਸ਼ੁਰੂ ਕੀਤਾਂ ਗਿਆ ਸੀ। ਜੋ ਹਰ ਸਾਲ ਬੜੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਇਸ ਸਾਲ ਵੀ ਮਨਾਇਆ ਜਾ ਰਿਹਾ ਤੀਆਂ ਦਾ ਤਿਉਹਾਰ ਸੰਘਣੇ ਦਰੱਖਤਾ ਦੀ ਛਾਵੇ ਹਰ ਸਾਲ ਦੀ ਤਰਾਂ ਮਨਾਇਆ ਜਾਵੇਗਾ। ਇਸ ਸਮੇਂ ਗਿੱਧੇ ਵਿੱਚ




ਲਾਈਵ ਬੋਲੀਆਂ ਅਤੇ ਡੀ ਜੇ 'ਤੇ ਗਿੱਧੇ ਦਾ ਪ੍ਰੋਗਰਾਮ ਵੀ ਹੋਵੇਗਾ। ਜਿਸ ਵਿੱਚ ਮਰਦਾਂ ਦੇ ਆਉਣ ਦੀ ਮਨਾਹੀ ਹੋਵੇਗੀ। ਬੀਬੀਆਂ, ਭੈਣਾਂ ਅਤੇ ਬੱਚੀਆਂ ਲਈ ਦਾਖਲਾ ਫਰੀ ਹੈ। ਇਹ ਤੀਆਂ 6 ਅਗਸਤ 2023, ਦਿਨ ਐਤਵਾਰ ਨੂੰ ਸ਼ਾਮ 5:30 ਤੋਂ 9:00 ਵਜ਼ੇ ਤੱਕ ਲੱਗਣਗੀਆਂ। ਵਧੇਰੇ ਜਾਣਕਾਰੀ ਲਈ ਪ੍ਰਬੰਧਕ ਬੀਬੀਆਂ ਵਿੱਚ ਰਾਜਪਾਲ ਬਰਾੜ (559) 940-2543 ਜਾਂ ਗੁੱਡੀ ਰਾਣੂ (559) 248-3148 ਨਾਲ ਫੋਨ ਰਾਹੀਂ ਸੰਪਰਕ ਕਰ ਸਕਦੇ ਹੋ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



# ਨਿਊਜ਼ੀਲੈਂਡ ਪ੍ਰਧਾਨ ਮੰਤਰੀ ਅਤੇ ਏਥਨਿਕ ਮੰਤਰੀ ਵੱਲੋਂ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਨੂੰ ਮਿਲਿਆ ਸੀ ਕਿੰਗ'ਜ਼ ਕ੍ਰਾਊਨ ਅਤੇ ਪ੍ਰਸ਼ੰਸ਼ਾ ਪੱਤਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਬਾਕੀ ਸੰਸਾਰ ਵਾਂਗ ਨਿਊਜ਼ੀਲੈਂਡ ਨੇ ਵੀ ਕਰੋਨਾ ਕਾਲ ਦਾ ਸੰਤਾਪ ਬਹੁਤ ਕੌੜੇ ਤਜ਼ਰਬਿਆਂ ਸੰਗ ਹੰਢਾਇਆ ਹੈ, ਪਰ ਇਸ ਮੌਕੇ ਵੱਖ-ਵੱਖ ਤਰ੍ਹਾਂ ਨਾਲ ਲੋਕਾਂ ਦੀ ਸਹਾਇਤਾ ਕਰਕੇ ਬਹੁਤ ਸਾਰੀਆਂ ਸੰ-ਸਥਾਵਾਂ ਨੇ ਸਰਕਾਰੀ ਪੱਧਰ ਉਤੇ ਆਪਣੀ ਪਰਉਪਕਾਰੀ ਪਹੁੰਚ ਨੂੰ ਵੀ ਮਾਨਤਾ ਦਿਵਾਈ ਹੈ।




'ਨਿਊਜ਼ੀਲੈਂਡ ਸਿੱਖ ਕਮਿਊਨਿਟੀ 'ਟੌਰੰਗਾ ਟ੍ਰਸਟ' ਜੋ ਕਿ 'ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ' ਦਾ ਪ੍ਰਬੰਧਨ ਕਰਦੀ ਹੈ, ਤੋਂ ਮੁੱਖ ਸੇਵਾਦਾਰ ਸ। ਪੂਰਨ ਸਿੰਘ ਹੋਰਾਂ ਦੱਸਿਆ ਕਿ ਪਿਛਲੇ ਮਹੀਨੇ ਸੰਸਥਾ ਨੂੰ ਉਸ ਵੇਲੇ ਅਤਿਅੰਤ ਖੁਸ਼ੀ ਅਤੇ ਤਸੱਲੀ ਪ੍ਰਗਟ ਹੋਈ ਜਦੋਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮਾਣਯੋਗ ਸ੍ਰੀ ਕ੍ਰਿਸ ਹਿਪਕਿਨਜ਼ ਅਤੇ ਏਥਨਿਕ ਮਾਮਲਿਆਂ ਦੀ ਮੰਤਰੀ ਮਾਣਯੋਗ ਪ੍ਰਿਅੰਕਾ ਰਾਧਾਕ੍ਰਿਸ਼ਨਨ ਵੱਲੋਂ ਕ੍ਰਮਵਾਰ 'ਕੋਵਿਡ-19 ਰਿਸਪਾਂਸ ਰੀਕੋਗਨੀਸ਼ਨ ਐਵਾਰਡ' (ਕੋਵਿਡ-19 ਪ੍ਰਤੀ ਜ਼ਿੰਮੇਦਾਰੀ ਨਾਲ ਕੰਮ ਕਰਨ ਲਈ ਮਾਨਤਾ) ਅਤੇ 'ਸਰਟੀਫਿਕੇਟ ਆਫ ਅਕਨਾਲਿਜ਼ਮੈਂਟ ਐਂਡ ਐਪਰੀਸੀਏਸ਼ਨ' ਐਵਾਰਡ ਪ੍ਰਾਪਤ ਹੋਇਆ। ਇਸ ਤੋਂ ਇਲਾਵਾ ਰਾਜੇ ਦੇ ਮੁਕਟ ਦੀ ਨਿਸ਼ਾਨੀ ਵਜੋਂ 'ਕਿੰਗ'ਜ਼ ਕ੍ਰਾਊਨ' "The King's Krown (ਕੇ 3) ਦਾ ਬੈਜ਼ ਵੀ ਪ੍ਰਾਪਤ ਹੋਇਆ। ਇਹ ਬੈਜ ਅਤੇ ਪ੍ਰਸ਼ੰਸ਼ਾ ਪੱਤਰ ਗੁਰਦੁਆਰਾ ਸਾਹਿਬ ਕੰਪਲੈਕਸ ਵਿਚ ਸੰਗਤਾਂ ਲਈ ਫਰੇਮ ਕਰਕੇ ਕਿਸੇ ਯੋਗ ਥਾਂ ਉਤੇ ਲਾਈਆਂ ਜਾਣਗੀਆਂ। ਗੁਰਦੁਆਰਾ ਸਿੱਖ ਸੰਗਤ ਵੱਲੋਂ ਟੌਰੰਗਾ ਪ੍ਰਧਾਨ ਮੰਤਰੀ ਮੰਤਰਾਲੇ ਅਤੇ ਏਥਨਿਕ ਮੰਤਰਾਲੇ ਦਾ ਧੰਨਵਾਦ ਪੱਤਰ ਭੇਜ ਕੇ ਸ਼ੁਕਰਾਨਾ ਕੀਤਾ ਜਾ ਰਿਹਾ ਹੈ। ਇਸ ਪ੍ਰਸ਼ੰਸ਼ਾ ਪੱਤਰ ਲਈ ਸੰਸਥਾ ਵੱਲੋਂ ਸਮੂਹ ਸੰਗਤ ਦਾ ਵੀ ਧੰਨਵਾਦ ਕੀਤਾ ਗਿਆ।

# ਨਿਊਜ਼ੀਲੈਂਡ ਪਹੁੰਚੇ 202 ਭਾਰਤੀਆਂ ਨੂੰ ਦਾਖਲੇ ਤੋਂ ਰੋਕ ਤੇ 2727 ਨੂੰ ਆਉਣ ਹੀ ਨਾ ਦਿੱਤਾ ਗਿਆ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਵੀਜ਼ਾ ਮਿਲਣ ਦਾ ਮਤਲਬ ਇਥੇ ਆਉਣ ਦੀ ਰ ਗਾਰੰਟੀ ਨਹੀਂ ਹੈ। ਇਥੇ ਆਉਣ ਤੋਂ ਪਹਿਲਾਂ ਅਤੇ ਇਥੇ ਆਉਣ ਤੋਂ ਬਾਅਦ ਵੀ ਤੁਹਾਡਾ ਦਾਖਲਾ ਰੋਕਿਆ ਜਾ ਸਕਦਾ ਹੈ। ਜਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ 1 ਅਗਸਤ ਤੋਂ ਇਸ ਸਾਲ 10 ਜੂਨ ਤੱਕ ਹੁਣ ਤੱਕ 664 ਅਜਿਹੇ ਵਿਦੇਸ਼ੀ ਲੋਕਾਂ ਨੂੰ ਇਥੇ ਪਹੁੰਚਣ ਤੋਂ ਬਾਅਦ ਵੀ ਦੇਸ਼ ਅੰਦਰ ਦਾਖਲ ਨਹੀਂ ਹੋਣ ਦਿੱਤਾ ਗਿਆ, ਜਿਨ੍ਹਾਂ ਵਿਚ 202 ਭਾਰਤੀ ਪਾਸਪੋਰਟ ਧਾਰਕ ਸਨ। ਇਸ ਤੋਂ ਇਲਾਵਾ 2727 ਯਾਤਰੀਆਂ ਨੂੰ ਇਥੇ ਆਉਣ ਤੋਂ ਪਹਿਲਾਂ ਬੋਰਡਿੰਗ ਪਾਸ ਦੇਣ ਵੇਲੇ ਹੀ ਰੋਕ ਲਿਆ ਗਿਆ ਜਿਸ ਦੇ ਵਿਚ ਵੀ ਵੱਡੀ ਗਿਣਤੀ (796) ਲੋਕ ਭਾਰਤੀ ਪਾਸਪੋਰਟ ਧਾਰਕ ਸਨ। ਇਮੀਗ੍ਰੇਸ਼ਨ ਨਿਊਜ਼ੀਲੈਂਡ ਦੇ ਮੈਨੇਜਰ ਸ੍ਰੀ ਰਿਚਰਡ ਓਅਨ ਨੇ ਕਿਹਾ ਹੈ ਕਿ ਵੀਜਾ ਪ੍ਰੋਸੈਸਿੰਗ ਹੋ ਜਾਣ ਦਾ ਮਤਲਬ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਤੁਹਾਨੂੰ ਹਰ ਹਾਲਤ ਦੇ ਵਿਚ ਇਥੇ ਦਾਖਲ ਹੋਣ ਦਿੱਤਾ ਜਾਵੇਗਾ। ਜਦੋਂ ਇਹ ਪੁਛਿਆ ਗਿਆ ਕਿ ਇਨ੍ਹਾਂ ਮਾਮਲਿਆਂ ਦੇ ਵਿਚ ਭਾਰਤੀਆਂ ਦੀ ਐਨੀ ਜਿਆਦਾ ਗਿਣਤੀ ਕਿਉਂ? ਤਾਂ ਉਨ੍ਹਾਂ ਕਿਹਾ ਕਿ "ਅਸੀਂ ਇਸ ਤਰ੍ਹਾਂ ਆਮ ਕਰਕੇ ਕਾਰਨ ਨਹੀਂ ਦਸਦੇ। ਦਾਖਲੇ ਤੋਂ ਰੋਕਣ ਦੇ ਵਿਚ ਕਈ ਕਾਰਨ ਹੋ ਸਕਦੇ ਹਨ। ਦਾਖਲੇ ਤੋਂ ਇਨਕਾਰ ਕਰਨ ਦੇ ਮੁੱਖ ਕਾਰਨਾਂ ਵਿੱਚ ਮੁੱਖ ਕਾਰਨ ਯਾਤਰੀ ਨੂੰ ਅਸਥਾਈ ਪ੍ਰਵੇਸ਼ਕਰਤਾ ਨਹੀਂ ਮੰਨਿਆ ਜਾਣਾ ਹੁੰਦਾ ਹੈ ਅਤੇ ਉਨ੍ਹਾਂ ਵੱਲੋਂ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਜਾਂ ਨਿਊਜ਼ੀਲੈਂਡ ਵਿੱਚ ਦਾਖਲ ਹੋਣ ਲਈ ਚਰਿੱਤਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਦੀ ਸੰਭਾਵਨਾ ਹੁੰਦਾ ਹੈ।"




# ਪੰਜਾਬੀ ਕੁੜੀ ਪਿੰਕੀ ਲਾਲ ਐਂਬੂਲੈਂਸ ਵਿਭਾਗ ਦੇ ਸਨਮਾਨਿਤ ਹੋਣ ਵਾਲੇ 72 ਸਟਾਫ ਮੈਂਬਰਾਂ 'ਚ ਸ਼ਾਮਿਲ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਐਂਬੂਲੈਂਸ ਵਿਭਾਗ (ਸੇਂਟ ਜੌਹਨ) ਵੱਲੋਂ ਬੀਤੇ ਕੱਲ੍ਹ ਦੇਸ਼ ਦੇ ਐਂਬੂਲੈਂਸ ਅਫਸਰਾਂ ਅਤੇ ਉਚ ਅਧਿਕਾਰੀਆਂ (ਕੁੱਲ 72) ਨੂੰ ਦੇਸ਼ ਦੀ ਗਵਰਨਰ ਜਨਰਲ ਵੱਲੋਂ ਸਨਮਾਨਿਤ ਕੀਤਾ ਗਿਆ। ਨਿਊਜ਼ੀਲੈਂਡ ਵਸਦੇ ਭਾਰਤੀ ਭਾਈਚਾਰੇ ਲਈ ਖੁਸ਼ੀ ਵਾਲੀ ਗੱਲ ਰਹੀ ਕਿ ਇਨ੍ਹਾਂ ਸਨਮਾਨਿਤ ਹੋਣ ਵਾਲੇ ਐਂਬੂਲੈਂਸ ਅਫਸਰਾਂ ਦੇ ਵਿਚ ਇਕ ਪੰਜਾਬੀ ਕੁੜੀ ਪਿੰਕੀ ਲਾਲ ਵੀ ਸ਼ਾਮਿਲ ਸੀ। ਗੁਰਦੁਆਰਾ ਸਾਹਿਬ ਬੇਗਮਪੁਰਾ ਦੇ ਚੇਅਰਮੈਨ ਸ। ਰਾਮ ਸਿੰਘ ਹੋਰਾਂ ਨੂੰ ਆਪਣੀ ਇਸ ਧੀਅ ਉਤੇ ਬਹੁਤ ਮਾਣ ਹੈ। ਡੁਨੀਡਨ ਵਿਖੇ ਪੰਜਾਬੀ ਕੁੜੀ ਪਿੰਕੀ ਲਾਲ ਐਂਬੂਲੈਂਸ ਆਫੀਸਰ ਦੇ ਤੌਰ ਉਤੇ ਕੰਮ ਕਰਦੀ ਹੈ। ਹੁਣ ਇੰਗਲੈਂਡ ਅਤੇ ਨਿਊਜ਼ੀਲੈਂਡ ਦੇ ਰਾਜਾ ਪ੍ਰਿੰਸ ਚਾਰਲਸ-3 ਵੱਲੋਂ ਜਾਰੀ ਸਨਮਾਨਿਤ ਹੋਣ ਵਾਲੀਆਂ ਐਂਬੂਲੈਂਸ ਸਟਾਫ ਸਖਸ਼ੀਅਤਾਂ ਵਿਚ ਪਿੰਕੀ ਲਾਲ ਨੂੰ 'ਟੂ ਬੀ ਮੈਂਬਰ' ਉਪਾਧੀ ਦੇ ਨਾਲ ਸਨਮਾਨਿਤ ਕੀਤਾ ਗਿਆ। ਮੋਢੇ ਉਤੇ ਸਨਮਾਨ ਚਿੰਨ੍ਹ ਦੇਸ਼ ਦੀ ਗਵਰਨਰ ਜਨਰਲ ਮਾਣਯੋਗ ਸਿੰਡੀ ਕਿਰੋ ਵੱਲੋਂ ਲਗਾਇਆ ਗਿਆ। ਪ੍ਰਿੰਸ ਚਾਰਲਸ ਦੇ ਦਸਤਖਤਾਂ ਵਾਲਾ ਸਨਮਾਨ ਪੱਤਰ ਵੀ ਇਸਨੂੰ ਪ੍ਰਾਪਤ ਹੋਇਆ। ਐਂਬੂਲੈਂਸ ਸੇਵਾ ਸਫ਼ਰ 'ਤੇ ਇਕ ਝਾਤ: ਮਾਸਟਰ ਆਫ ਸਾਇੰਸ ਦੀ ਪੜ੍ਹਾਈ ਕਰਦਿਆਂ ਡੁਨੀਡਨ ਸੇਂਟ ਜੌਹਨ ਨਾਲ ਐਂਬੂਲੈਂਸ ਆਫੀਸਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ, ਆਪਣੀ ਪੜ੍ਹਾਈ ਜਾਰੀ ਰੱਖੀ। ਜੂਨ 2015 ਦੇ ਵਿਚ ਇਸ ਕੁੜੀ ਨੂੰ 'ਦਾ ਗ੍ਰੈਂਡ ਪ੍ਰਾਇਰ ਐਵਾਰਡ' ਗਵਰਨਰ ਜਨਰਲ ਵੱਲੋਂ ਦਿੱਤਾ ਗਿਆ। ਇਸ ਖੇਤਰ ਵਿਚ ਅੱਗੇ ਵਧਣ ਲਈ ਪੈਰਾਮੈਡੀਕਲ ਸਿੱਖਿਆ ਨੂੰ ਵੀ ਨਾਲ ਹੀ ਧਾਰਣ ਕਰ ਲਿਆ। 2018 ਦੇ ਵਿਚ ਨੈਸ਼ਨਲ ਡਿਪਲੋਮਾ ਇਕ ਐਂਬੂਲੈਂਸ ਪ੍ਰੈਕਟਿਸ ਪੂਰਾ ਕੀਤਾ। ਸੰਨ 2000 ਦੇ ਵਿਚ ਯੂਨੀਵਰਸਿਟੀ ਆਫ ਓਟਾਗੋ ਵੱਲੋਂ 'ਯੰਗ ਐਲਮਨਾਇ ਐਵਾਰਡ' ਲਈ 20 ਵਿਦਿਆਰਥੀਆਂ ਵਿਚ ਚੁਣਿਆ ਗਿਆ। ਮਿਹਨਤ ਦੇ ਸਦਕਾ ਕਮਿਊਨਿਟੀ ਦੇ ਲਈ ਕੁਝ ਹੱਟਵਾਂ ਕੰਮ ਕਰਦਿਆਂ ਜਲਦੀ ਹੀ ਇਸ ਕੁੜੀ ਨੂੰ 'ਸੇਂਟ ਜੌਹਨ ਯੂਥ' ਲਈ ਕੋਸਟ ਓਟਾਗੋ ਦੀ ਜ਼ਿਲ੍ਹਾ ਮੈਨੇਜਰ ਬਣਾ ਦਿੱਤਾ ਗਿਆ।




ਇਸ ਪ੍ਰਾਪਤੀ ਦੇ ਲਈ ਸੱਚਮੁੱਚ ਪੰਜਾਬ ਦੀ ਇਹ ਧੀਅ ਪਿੰਕੀ ਲਾਲ, ਮਾਤਾ-ਪਿਤਾ ਅਤੇ ਪਰਿਵਾਰਕ ਮੈਂਬਰ ਵਧਾਈ ਦੀ ਹੱਕਦਾਰ ਹਨ। ਭਾਰਤੀ ਭਾਈਚਾਰੇ ਨੂੰ ਇਸ ਉਤੇ ਮਾਣ ਰਹੇਗਾ। ਸ਼ਾਲਾ! ਇਹ ਪੰਜਾਬੀ ਕੁੜੀ ਹੋਰ ਤਰੱਕੀਆਂ ਕਰੇ।






# ਪੰਜਾਬ ਸਰਕਾਰ ਦੀ ਨੀਅਤ ਤੇ ਨੀਤੀ 'ਚ ਹੈ ਖੋਟ, ਕੇਂਦਰ ਤੋਂ ਫੰਡਾਂ ਦੀ ਕੋਈ ਕਮੀ ਹੈ : ਅਸ਼ਵਨੀ ਸ਼ਰਮਾ

**ਚੰਡੀਗੜ੍ਹ 19 ਜੂਨ–** ਕੇਜਰੀਵਾਲ ਅਤੇ ਉਸਦੀ ਪਾਰਟੀ ਪੰਜਾਬ ਨੂੰ ਨਸ਼ਾ ਮੁਕਤ ਤੇ ਖੁਸ਼ਹਾਲ ਨਹੀ ਬਣਾਉਣਾ ਚਾਹੁੰਦੀ, ਇਹ ਪੰਜਾਬ ਡੀ ਜਨਤਾ ਨੂੰ ਆਆਪ੍ਨੀ ਸਿਆਸਤ ਵਜੋਂ ਵਰਤ ਕੇ ਉਹਨਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਵਰਤ ਰਹੇ ਹਨੀ ਭਗਵੰਤ ਮਾਨ ਸਰਕਾਰ ਨੇ ਵਿਧਾਨ ਸਭਾ ਦੇ ਪਵਿੱਤਰ ਸਦਨ ਨੂੰ ਰਾਜਨੀਤੀ ਦਾ ਅਖਾੜਾ ਬਣਾ ਦਿੱਤਾ ਹੈੀ ਇਹਨਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਬੀਜੇਪੀ ਦੇ ਸੂਬਾਈ ਦਫ਼ਤਰ ਚੰਡੀਗੜ੍ਹ ਵਿਖੇ ਪ੍ਰੈਸ ਕਾਨਫ੍ਰੰਸ ਦੌਰਾਨ ਕੀਤੀ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀ ਨੀਅਤ ਤੇ ਨੀਤੀ 'ਚ ਖੋਟ ਹੈੀ ਹੁਣ ਤੱਕ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਦੇ ਜਿਨ੍ਹੇ ਵੀ ਵਿਸ਼ੇਸ਼ ਸੈਸਨ/ਸੀਟਿੰਗਜ ਸੱਦੇ ਹਨ, ਉਹ ਸਿਰਫ ਸਰਕਾਰੀ ਖਜਾਨੇ ਤੇ ਬੋਝ ਪਾਉਣ ਤੋ ਇਲਾਵਾ ਕੁਝ ਵੀ ਨਹੀਂ ਹਨ। ਇਹਨਾਂ ਦਾ ਸੂਬੇ ਦੇ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆੀ ਇਹ ਸਿਰਫ ਸਰਕਾਰ ਨੇ ਆਪਣੀ ਹੇਕੜੀ ਪੂਰੀ ਕਰਨ ਲਈ ਵਿਸ਼ੇਸ਼ ਸਦਨ ਦਾ ਦੁਰ-ਉਪਯੋਗ ਹੀ ਕੀਤਾ ਹੈੀ ਉਹਨਾਂ ਕਿਹਾ ਕਿ ਅਗਰ ਚਰਚਾ ਕਰਨੀ ਹੈ ਤਾਂ ਨਸ਼ੇ ਦੇ ਮੁੱਦੇ ਤੇ ਕੀਤੀ ਜਾਵੀੇ ਉਹਨਾਂ ਕਿਹਾ ਕਿ ਜਦੋਂ ਪਹਿਲਾ ਵਿਸ਼ੇਸ਼ ਸੈਸਨ ਬੁਲਾਇਆ ਸੀ ਤਾਂ ਇਹਨਾਂ ਨੇ ਅਪਰੇਸਨ ਲੋਟੱਸ ਦਾ ਮੁੱਦਾ ਚੁੱਕਿਆ ਸੀ। ਉਸ ਕੇਸ ਵਿੱਚ ਗ੍ਰੀ ਦਰਜ ਕਰਾਈ ਗਈ, ਲੇਕਿਨ ਉਸਦੇ ਬਾਰੇ ਅੱਜ ਤੱਕ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ ਗਈੀ ਅਸੀ ਉਦੋਂ ਵੀ ਕਿਹਾ ਸੀ ਇਹ ਕੇਵਲ ਮੁੱਦਿਆਂ ਤੋ ਧਿਆਨ ਭਟਕਾਉਣ ਲਈ ਤਮਾਸ਼ਗਿਰੀ ਕੀਤੀ ਜਾ ਰਹੀ ਹੈੀ ਅਸੀ ਉਦੋਂ ਵੀ ਚੈਲੇਜ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੱਸੇ ਕਿ ਉਸਦੇ ਕਿਹੜੇ ਕਿਹੜੇ ਵਿਧਾਇਕਾਂ ਨੂੰ 25-25 ਕਰੋੜ ਵਿੱਚ ਖ਼ਰੀਦਣ ਲਈ ਫ਼ੋਨ ਆਏ ਅਤੇ ਕਿਸਨੇ ਸੰਪਰਕ ਕੀਤਾ? ਉਹ ਸਾਰੇ ਨਾਮ ਜਨਤਕ ਕਰੋ, ਪਰ ਹਾਲੇ ਤੀਕ ਅਜਿਹਾ ਕਿਉਂ ਨਹੀਂ ਕੀਤਾ ਗਿਆ?

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਨਸ਼ੇ ਦੇ ਮੁੱਦੇ ਤੇ ਕੇਜਰੀਵਾਲ ਤੇ ਉਸ ਦੀ ਪਾਰਟੀ ਵੋਟ ਬੈਂਕ ਦੀ ਰਾਜਨੀਤੀ ਕਰ ਰਹੀ ਹੈੀ ਨਸ਼ੇ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਬਿਲਕੁੱਲ ਗੰਭੀਰ ਨਹੀਂ ਹੈੀ ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋ ਲਗਾਇਆ ਜਾ ਸਕਦਾ ਹੈ ਕਿ ਕੱਲ ਗੁਰਦਾਸਪੁਰ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਨਾਰਕੋਟਿਕਸ ਕੰਟਰੋਲ ਬਿਊਰੋ ਦਾ ਅੰਮ੍ਰਿਤਸਰ ਵਿੱਚ ਦਫ਼ਤਰ ਖੋਲਣ ਦੇ ਫੈਸਲੇ ਦਾ ਸਵਾਗਤ ਕਰਨ ਦੀ ਬਜਾਏ, ਕੇਜਰੀਵਾਲ ਨੇ ਆਪੱਤੀਜਨਕ ਟਿੱਪਣੀ ਕੀਤੀ ਹੈ, ਜਿਸ ਦੀ ਪੰਜਾਬ ਭਾਜਪਾ ਘੋਰ ਨਿੰਦਾ ਕਰਦੀ ਹੈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਸੀ ਕਿ ਉਹਨਾਂ ਦੇ ਵਿਧਾਇਕਾਂ ਤੇ ਮੰਤਰੀਆਂ ਨੂੰ ਜਾਣੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਭਾਜਪਾ ਨੇ ਉਦੋਂ ਵੀ ਕਿਹਾ ਸੀ ਕਿ ਉਹ ਸਾਰੇ ਨਾਮ ਜਨਤਕ ਕਰੋ, ਜਿਸ ਵਿਧਾਇਕ ਤੇ ਮੰਤਰੀ ਨੂੰ ਧਮਕੀ ਦਿੱਤੀ ਗਈ ਹੈ ਅਤੇ ਕਿਸ ਨੇ ਦਿੱਤੀ ਹੈ? ਪਰ ਚੀਮਾ ਵਲੋਂ ਜਾਂ ਉਹਨਾਂ ਦੀ ਸਰਕਾਰ ਵਲੋਂ ਅੱਜ ਤੱਕ ਕੁਝ ਵੀ ਜਨਤਕ ਨਹੀਂ ਕੀਤਾ ਗਿਆ। ਭਗਵੰਤ ਮਾਨ ਦੀ ਸਰਕਾਰ ਵਾਸਤੇ ਵੱਡੀ ਸ਼ਰਮ ਦੀ ਗੱਲ ਇਹ ਵੀ ਹੈ ਕਿ ਵਿਜੀਲੈਂਸ, ਪੁਲਿਸ, ਸੀਆਈਡੀ ਸਭਕੁਝ ਹੋਣ ਦੇ ਬਾਵਜੂਦ ਵਿਧਾਇਕਾਂ ਨੂੰ ਖ਼ਰੀਦਣ ਵਾਲੇ ਤੇ ਧਮਕੀਆਂ ਦੇਣ ਵਾਲੇ ਤੇ ਕੋਈ ਕਾਰਵਾਈ ਅੱਜ ਤੱਕ ਕਿਉਂ ਨਹੀਂ ਕੀਤੀ ਗਈ? ਇਹ ਤੋਂ ਸਾਫ਼ ਦਿਸਦਾ ਹੈ ਕਿ ਇਹ ਸਭਕੁਝ ਬੇਬੁਨਿਆਦ ਅਤੇ ਮਨ-ਘੜੰਤ ਅਤੇ ਲੋਕਾ ਨੂੰ ਗੁਮਰਾਹ ਕਰਨ ਅਤੇ ਅਸਲ ਮੁੱਦਿਆਂ ਤੋ ਧਿਆਨ ਭਟਕਾਉਣ ਲਈ ਵਿਸ਼ੇਸ਼ ਸਦਨ ਦਾ ਦੁਰਉਪਯੋਗ ਕੀਤਾ ਗਿਆ ਸੀ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸੇ ਤਰਾਂ ਇਹਨਾਂ ਨੇ ਪੰਜਾਬ ਯੂਨੀਵਰਸਿਟੀ ਦੇ ਮੁੱਦੇ ਤੇ ਵੀ ਬੇਬੁਨਿਆਦ ਅਤੇ ਮਨ-ਘੜੰਤ ਵਿਸ਼ਾ ਬਣਾ ਕੇ ਸਦਨ ਦਾ ਅਪਮਾਨ ਕੀਤਾ ਅਤੇ ਫਿਰ ਵਿਧਾਨਸਭਾ ਦਾ ਵਿਸ਼ੇਸ਼ ਸਦਨ ਬੁਲਾ ਕੇ ਲੋਕਾ ਦੇ ਟੈਕਸ ਦੀ ਕਮਾਈ ਨੂੰ ਬਰਬਾਦ ਕਰਨ ਤੋਂ ਸਿਵਾਏ ਕੁਝ ਵੀ ਨਹੀਂ ਕੀਤੀ




ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਕਹਿੰਦੀ ਹੈ ਕਿ ਕੇਂਦਰ ਨੇ ਪੰਜਾਬ ਦਾ ਫੰਡ ਰੋਕਿਆ ਹੋਇਆ ਹੈ, ਇਹ ਬਿਲਕੁਲ ਕੋਰਾ ਝੂਠ ਤੇ ਬੇਬੁਨਿਆਦ ਹੈ। ਕੇਂਦਰ ਸਰਕਾਰ ਨੇ ਨੈਸਨਲ ਹੈਲਥ ਮਿਸ਼ਨ ਤਹਿਤ ਅਯੂਸ ਹੈਲਥ ਅਤੇ ਵੈਲਨੈਸ ਸੈਂਟਰ ਬਣਾਉਣ ਦੇ ਪ੍ਰੋਗਰਾਮ ਤਹਿਤ ਪੰਜਾਬ ਦੇ ਮੁਢਲੇ ਸਿਹਤ ਕੇਂਦਰਾਂ ਨੂੰ ਅਪਗਰੇਡ ਕਰਨ ਲਈ 1200 ਕਰੋੜ ਦਾ ਸਾਈਨ ਕੀਤਾ ਸੀ। ਪਹਿਲੀ ਕਿਸ਼ਤ 438 ਕਰੋੜ ਰੁਪਏ ਦੀ ਭੇਜ ਦਿੱਤੀ ਸੀ, ਲੇਕਿਨ ਉਸ ਪੈਸੇ ਦੀ ਪੰਜਾਬ ਸਰਕਾਰ ਨੇ ਦੁਰਵਰਤੋਂ ਕੀਤੀ। ਪੰਜਾਬ ਸਰਕਾਰ ਦੱਸੇ ਕਿ ਉਹ ਪੈਸਾ ਕਿੱਥੇ ਗਿਆ? ਉਸਦਾ ਅੱਜ ਤੱਕ ਹਿਸਾਬ ਕਿਉਂ ਨਹੀਂ ਦਿੱਤਾ ਗਿਆ? ਇਸੇ ਤਰਾਂ ੍ਧਾਂ ਦਾ ਪੈਸਾ ਮੰਡੀਆਂ ਦੇ ਰੱਖ ਰਖਾਓ, ਕਿਸਾਨ ਵੀਰਾਂ ਨੂੰ ਮੰਡੀਆਂ ਵਿੱਚ ਬੁਨਿਆਦੀ ਸਹੂਲਤਾਂ ਦੇਣ ਲਈ ਅਤੇ ਪਿੰਡਾਂ ਦੀਆਂ ਸੜਕਾਂ ਆਦਿ ਦੇ ਵਿਕਾਸ ਵਾਸਤੇ ਹੀ ਖ਼ਰਚਿਆ ਜਾ ਸਕਦਾ ਹੈ, ਪਰ ਪੰਜਾਬ ਸਰਕਾਰ ਨੇ ਇਹ ਸਾਰਾ ਪੈਸਾ ਕਰਜ਼ੇ ਚਕਾਉਣ ਲਈ ਬੈਂਕਾਂ ਨੂੰ ਪਲੈਜ ਕੀਤਾ ਹੋਇਆ ਹੈ। ਪੰਜਾਬ ਸਰਕਾਰ ਨੇ ਪਿਛਲੇ ਪੈਸੇ ਦਾ ਹਿਸਾਬ ਕੇਂਦਰ ਸਰਕਾਰ ਨੂੰ ਨਹੀਂ ਦਿੱਤਾ। ਇਹ ਰੌਲਾ ਸਿਰਫ ਕੇਂਦਰ ਸਰਕਾਰ ਨੂੰ ਬਦਨਾਮ ਕਰਨ ਲਈ ਹੀ ਪਾਇਆ ਜਾ ਰਿਹਾ ਹੈ, ਇਸ ਵਿੱਚ ਕੋਈ ਸੱਚਾਈ ਨਹੀਂ ਹੈ। ਇਹ ਸਾਫ਼ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਕਿਸਾਨ ਅਤੇ ਲੋਕ ਵਿਰੋਧੀ ਹੈ। ਕੇਂਦਰ ਸਰਕਾਰ ਨੇ 1298 ਕਰੋੜ ਰੁਪਏ ਸਮੱਗਰ ਸਿੱਖਿਆ ਅਭਿਆਨ ਤਹਿਤ 2800 ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਨੂੰ ਸਮਾਰਟ ਸਕੂਲ ਬਣਾਉਣ ਲਈ ਅਲਾਟ ਕੀਤੇ ਹਨ ਤੇ ਪਿਛਲੇ ਸਾਲ 900 ਕਰੋੜ ਰੁਪਏ ਭੇਜੇ ਜਾ ਚੁੱਕੇ ਹਨ।

ਪੰਜਾਬ ਦੇ 28 ਰੇਲਵੇ ਸਟੇਸ਼ਨਾਂ ਨੂੰ ਅੱਪਗਰੇਡ ਅਤੇ ਸੁੰਦਰੀਕਰਨ ਲਈ ਲੱਗਭੱਗ 4000 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਮੋਦੀ ਸਰਕਾਰ ਆਉਣ ਤੋ ਬਾਅਦ 50,000 ਕਰੋੜ ਰੁਪਏ ਨੈਸਨਲ ਹਾਈਵੇ ਅਥਾਰਟੀ ਵੱਲੋਂ ਖਰਚ ਕੀਤੇ ਜਾ ਚੁੱਕੇ ਹਨ। ਸਮਾਰਟ ਸਿਟੀ ਤੇ ਅੰਮ੍ਰਿਤ ਸਕੀਮ ਤਹਿਤ ਹਜ਼ਾਰਾਂ ਕਰੋੜ ਰੁਪਏ ਪੰਜਾਬ ਨੂੰ ਦਿੱਤੇ ਜਾ ਚੁੱਕੇ ਹਨ। ਪੰਜਾਬ ਵਿੱਚ ਸਾਰੇ ਵਿਕਾਸ ਦੇ ਕੰਮ ਖਾਸਕਰ ਸ਼ਹਿਰਾਂ ਅਤੇ ਪਿੰਡਾਂ ਵਿੱਚ ਕੇਂਦਰ ਸਰਕਾਰ ਦੇ ਪੈਸੇ ਨਾਲ ਹੀ ਚੱਲ ਰਹੇ ਹਨ, ਪੰਜਾਬ ਸਰਕਾਰ ਕੁਝ ਨਹੀਂ ਕਰ ਰਹੀ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ 1000 ਕਰੋੜ ਰੁਪਏ ਦਾ ਮੈਗਾ ਟੈਕਸਟਾਈਲ ਪਾਰਕ ਪ੍ਰੋਜੈਕਟ ਵੀ ਪੰਜਾਬ ਸਰਕਾਰ ਨੇ ਵਾਪਸ ਕਰ ਦਿੱਤਾ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਹੁਣ ਭਗਵੰਤ ਮਾਨ ਦੱਸੇ ਕਿ ਉਸਦੀ ਸਰਕਾਰ ਨੇ ਪਿਛਲੇ 15 ਮਹੀਨਿਆਂ ਵਿੱਚ ਪੰਜਾਬ ਵਾਸਤੇ ਕੀ ਕੀਤਾ ਹੈ? ਉਹਨਾਂ ਕਿਹਾ ਕਿ ਕੇਂਦਰ ਸਰਕਾਰ ਕੋਲ ਪੰਜਾਬ ਨੂੰ ਦਿੱਤੇ ਜਾਣ ਵਾਲੇ ਫੰਡਾਂ ਦੀ ਕੋਈ ਕਮੀ ਨਹੀਂ ਹੈ, ਕੋਈ ਫੰਡ ਰੋਕਿਆ ਨਹੀਂ ਗਿਆ ਹੈ। ਸਿਰਫ ਉਸਦੀ ਸਹੀ ਵਰਤੋਂ ਕੀਤੀ ਜਾਵੇ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਧਾਰਮਿਕ ਮਾਮਲਿਆਂ ਵਿੱਚ ਪੰਜਾਬ ਸਰਕਾਰ ਨੂੰ ਦਖਲ ਨਹੀਂ ਦੇਣਾ ਚਾਹੀਦਾੀ ਉਨ੍ਹਾਂ ਕਿਹਾ ਕਿ ਕੇਜਰੀਵਾ਼ਲ ਭਗਵੰਤ ਮਾਨ ਨੂੰ ਉਂਗਲੀਆਂ ਤੇ ਨਚਾ ਰਿਹਾ ਹੈੀ ਇਸ ਮੌਕੇ ਅਸ਼ਵਨੀ ਸ਼ਰਮਾ ਦੇ ਨਾਲ ਸੂਬਾ ਮੀਤ ਪ੍ਰਧਾਨ ਡਾ। ਸੁਭਾਸ਼ ਸ਼ਰਮਾ, ਐਮਐਲਏ ਜੰਗੀ ਲਾਲ ਮਹਾਜਨ ਤੇ ਭਾਜਪਾ ਦੇ ਸੂਬਾ ਮੀਡੀਆ ਸਹਿ ਸਕੱਤਰ ਹਰਦੇਵ ਸਿੰਘ ਉਭਾ ਆਦਿ ਹਾਜ਼ਰ ਸਨੀ

# ਪੰਜਾਬ ਸਰਕਾਰ ਕੇਂਦਰ ਦੇ ਫੰਡਾਂ ਦਾ ਕਰ ਰਹੀ ਹੈ ਦੁਰਵਰਤੋਂ : ਅਸ਼ਵਨੀ ਸ਼ਰਮਾ

## ਫਿਰੋਜ਼ਪੁਰ ਦਾ ਪੀਜੀਆਈ ਸੈਟੇਲਾਈਟ ਸੈਂਟਰ ਜਲਦੀ ਹੋਵੇਗਾ ਸ਼ੁਰੂ : ਰਾਣਾ ਗੁਰਮੀਤ ਸੋਢੀ

**ਚੰਡੀਗੜ੍ਹ–** ਮੋਦੀ ਸਰਕਾਰ ਦੇ ਨੌ ਸਾਲ ਬੇਮਿਸਾਲ, ਤਹਿਤ ਪੰਜਾਬ ਭਾਜਪਾ ਵਲੋਂ ਸੂਬੇ ਦੀ ਜਨਤਾ ਨੂੰ ਕੇਂਦਰ ਦੀ ਬੀਜੇਪੀ ਸਰਕਾਰ ਦੀਆਂ '9 ਸਾਲ ਸੇਵਾ ਸੁਸ਼ਾਸਨ ਅਤੇ ਗਰੀਬ ਕਲਿਆਣ' ਦੀਆਂ ਉਪਲਬਧੀਆਂ ਬਾਰੇ ਜਾਣੂ ਕਰਵਾਉਣ ਦੇ ਮਕਸਦ ਹੇਠ ਫਿਰੋਜਪੁਰ ਦੇ ਜਿਲਾ ਪ੍ਰਧਾਨ ਅਵਤਾਰ ਸਿੰਘ ਜੀਰਾ ਦੀ ਪ੍ਰਧਾਨਗੀ ਹੇਠ ਉਲੀਕੀ ਇੱਕ ਵਿਸ਼ਾਲ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਫਿਰੋਜ਼ਪੁਰ ਦੀ ਸ਼ਹੀਦਾਂ ਦੀ ਧਰਤੀ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀ ਸੇਵਾ, ਭਲਾਈ ਅਤੇ ਗਰੀਬਾਂ ਦੀ ਭਲਾਈ ਨੂੰ ਸਮਰਪਿਤ ਮੋਦੀ ਜੀ ਦੀਆਂ ਨੀਤੀਆਂ ਕਾਰਨ ਅੱਜ ਦੇਸ਼ ਆਰਥਿਕ ਤੌਰ 'ਤੇ ਮਜ਼ਬੂਤ ਹੋ ਕੇ ਅਤੇ ਫੌਜੀ ਸੁਰੱਖਿਆ ਦਾ ਆਧੁਨਿਕੀਕਰਨ ਕਰਕੇ ਭਾਰਤ ਨੇ ਵਿਸ਼ਵ ਪੱਧਰ 'ਤੇ ਆਪਣੀ ਸਾਖ ਬਣਾਈ ਹੈ। ਮੋਦੀ ਜੀ ਨੇ ਅਜਿਹੇ ਕਈ ਕੰਮ ਪੂਰੇ ਕੀਤੇ ਹਨ ਜੋ ਸਾਲਾਂ ਤੋਂ ਲਟਕ ਰਹੇ ਸਨ। ਜਿਸ ਵਿੱਚ ਗਰੀਬ ਭਲਾਈ ਆਵਾਸ ਯੋਜਨਾ, ਸਫਾਈ ਵਿਵਸਥਾ, ਹਰ ਘਰ ਵਿੱਚ ਸ਼ੁੱਧ ਪਾਣੀ ਦੀ ਸਪਲਾਈ ਆਦਿ ਅਹਿਮ ਹਨ। ਅੱਜ ਇਸ ਵਿਸ਼ਾਲ ਇਕੱਠ ਨੇ ਸਾਬਿਤ ਕਰ ਦਿੱਤਾ ਹੈ ਕਿ ਲੋਕਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਪੱਕੀ ਹੈ। ਪੰਜਾਬ ਦੇ ਪਿੰਡਾਂ ਵਿੱਚ ਭਾਜਪਾ ਨੂੰ ਮਿਲਦਾ ਹੁੰਗਾਰਾ ਦੇਖ ਕੇ ਇਹ ਸਾਫ਼ ਹੋ ਚੁੱਕਾ ਹੈ ਕਿ ਭਾਜਪਾ ਪੰਜਾਬੀਆਂ ਦੀ ਪਹਿਲੀ ਪਸੰਦੀਦਾ ਪਾਰਟੀ ਬਣ ਚੁੱਕੀ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਿ ਮੋਦੀ ਸਰਕਾਰ ਦੇ 9 ਸਾਲ ਸੇਵਾ, ਗ਼ਰੀਬ ਕਲਿਆਣ ਤੇ ਸੁਸ਼ਾਸਨ ਲਈ ਸਮ੍ਰਪਿਤ ਰਹੇ ਹਨੀ ਕੇਂਦਰ ਦੀ ਬੀਜੇਪੀ ਸਰਕਾਰ ਵਲੋਂ ਬਣਾਈਆਂ ਅਤੇ ਜਮੀਨੀ ਪਧਰ 'ਤੇ ਉਤਾਰੀਆਂ ਗਾਈਆਂ ਸਾਰੀਆਂ ਸਕੀਮਾਂ ਗਰੀਬਾਂ ਦਾ ਖਿਆਲ ਰੱਖ ਕਿ ਬਣਾਈਆਂ ਗਈਆਂ ਹਨ। ਬੀਜੇਪੀ ਦੀ ਕੇਂਦਰ ਸਰਕਾਰ ਨੇ ਕਰੋਨਾ ਦੀ ਮਹਾਂਮਾਰੀ ਦੌਰਾਨ ਦੇਸ਼ ਦੇ 140 ਕਰੋੜ ਲੋਕਾਂ ਨੂੰ ਵੈਕਸੀਨ ਲਗਾ ਕਿ ਬਚਾਇਆ 'ਤੇ 83 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਮੁਹਇਆ ਕਰਵਾਇਆ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਰਬਾਦ ਕਰਕੇ ਰੱਖ ਦਿੱਤਾ ਹੈੀ ਉਨ੍ਹਾਂ ਕਿਹਾ ਕਿ ਕੇਜਰੀਵਾਲ ਤੇ ਭਗਵੰਤ ਮਾਨ ਦੋਨੋਂ ਹੀ ਨਹੀਂ ਚਾਹੁੰਦੇ ਕਿ ਪੰਜਾਬ ਵਿੱਚੋ ਨਸ਼ਾ ਖਤਮ ਹੋਵੀੇ ਇਸੇ ਕਰਕੇ ਕੇਜਰੀਵਾਲ ਨੇ ਕੇਂਦਰੀ ਗ੍ਰਹਿ ਮੰਤਰੀ ਵਲੋਂ



ਅੰਮ੍ਰਿਤਸਰ ਸਾਹਿਬ ਵਿਖੇ ਐਨਸੀਬੀ ਦੇ ਦਫਤਰ ਖੋਲਣ ਦੇ ਐਲਾਨ ਦਾ ਸਵਾਗਤ ਕਰਨ ਦੀ ਬਜਾਏ ਆਪਤਿਜਨਕ ਟਿੱਪਣੀ ਕੀਤੀ ਹੈੀ ਸਾਡੀ ਕੇਂਦਰ ਸਰਕਾਰ ਨੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦਵਾਈਆਂ, ਸਿੱਖਾਂ ਦੀ ਕਾਲੀ ਸੂਚੀ ਖਤਮ ਕੀਤੀ, ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਿਆ, ਲੰਗਰ ਤੋਂ ਜੀਐਸਟੀ ਖਤਮ ਕੀਤੀ ਉਹਨਾਂ ਕਿਹਾ ਕਿ ਮੋਦੀ ਜੀ ਪੰਜਾਬ ਦਾ ਵਿਕਾਸ ਕਰਨਾ ਚਾਹੁੰਦੇ ਹਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈੀ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਪਿੰਡਾਂ ਵਿਕਾਸ ਲਈ ਭੇਜੇ ਗਏ ਪੈਸੇ ਨੂੰ ਸਾਡੇ ਕਿਸਾਨਾਂ, ਮੰਡੀਆਂ ਅਤੇ ਸੜਕਾਂ ਤੇ ਖ਼ਰਚ ਕਰਨ ਦੀ ਬਜਾਏ ਪੈਸੇ ਦਾ ਦੁਰੁਪਯੋਗ ਕਰਕੇ ਬੈਂਕ ਗਾਰੰਟੀਆਂ ਵਗੈਰਾ ਦੇ ਲਈ ਵਰਤ ਰਹੀ ਹੈ।

ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਵਿਕਾਸ ਦੇ ਕੰਮਾਂ ਲਈ ਪੈਸੇ ਦੀ ਕਮੀ ਨਹੀਂ ਆਉਣ ਦੇਵੇਗੀ, ਜਰੂਰੀ ਹੈ ਕਿ ਪੰਜਾਬ ਸਰਕਾਰ ਪੈਸੇ ਦੀ ਸਹੀ ਵਰਤੋਂ ਕਰੀੇ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਕੇਜਰੀਵਾਲ ਦੀ ਕਠਪੁਤਲੀ ਬਣਕੇ ਕੰਮ ਕਰ ਰਹੇ ਹਨ ਅਤੇ ਪੰਜਾਬ ਦੇ ਪੈਸੇ ਨੂੰ ਬਰਬਾਦ ਕਰ ਰਿਹਾ ਹਨੀ ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬੀਆਂ ਦੇ ਸਾਰੇ ਸੁਪਨੇ ਪੂਰੇ ਕਰੇਗੀੀ ਪੰਜਾਬ ਨੂੰ ਖੁਸ਼ਹਾਲ, ਨਸ਼ਾ ਮੁਕਤ, ਭ੍ਰਿਸ਼ਟਾਚਾਰ ਮੁਕਤ, ਕਰਜ਼ ਮੁਕਤ, ਡਰ ਮੁਕਤ ਬਣਾ ਕੇ ਸਾਰੇ ਵਰਗਾਂ ਨੂੰ ਸਹੂਲਤਾਂ ਮੁਹੱਈਆ ਕਰਵਾਏਗੀ।

ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਲੋਕਾਂ ਨੇ ਬੀਜੇਪੀ ਵਿੱਚ ਜੋ ਵਿਸਵਾਸ਼ ਪ੍ਰਗਟ ਕੀਤਾ, ਸਾਡੀ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨ, ਮਜਦੂਰਾਂ, ਵਿਆਪਾਰੀਆਂ ਸਮੇਤ ਸਾਰੇ ਵਰਗਾਂ ਲਈ ਬਿਨ੍ਹਾਂ ਕਿਸੇ ਭੇਦਭਾਵ ਦੇ ਲਾਭਕਾਰੀ ਨੀਤੀਆਂ ਬਣਾਈਆਂ ਅਤੇ ਸਫਲਤਾ ਪੂਰਵਕ ਲਾਗੂ ਵੀ ਕੀਤੀਆੀ ਉਹਨਾਂ ਕਿਹਾ ਕਿ ਕਿਸੇ ਨੂੰ ਵਿਸ਼ਵਾਸ ਨਹੀਂ ਸੀ ਕਿ ਧਾਰਾ 370 ਹੱਟ ਜਾਵੇਗੀ, ਪਰ ਬੀਜੇਪੀ ਧਾਰਾ 370 ਹਟਾ ਕੇ ਆਪਣਾ ਵਾਅਦਾ ਪੂਰਾ ਕੀਤੀ ਅਸੀਂ ਪੰਜਾਬ ਦੀਆਂ 13 ਦੀਆਂ 13 ਲੋਕਸਭਾ ਸੀਟਾਂ ਜਿੱਤ ਕੇ ਮੋਦੀ ਜੀ ਨੂੰ ਫਿਰ ਤੋਂ ਪ੍ਰਧਾਨ ਮੰਤਰੀ ਬਣਾਵਾਂਗੇ।

ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਤੇ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਨੇ ਕਿਹਾ ਹੈ ਕਿ ਫਿਰੋਜ਼ਪੁਰ ਦਾ ਪੀਜੀਆਈ ਦਾ ਸੈਟੇਲਾਈਟ ਸੈਂਟਰ ਜਲਦੀ ਚਾਲੂ ਕਰ ਦਿੱਤਾ ਜਾਵੇਗਾ ਅਤੇ ਇਸ ਇਲਾਕੇ ਦੀਆਂ ਸਾਰੀਆਂ ਸਮੱਸਿਆਵਾ ਹੱਲ ਹੋਣਗੀਆੀ ਉਨ੍ਹਾਂ ਕਿਹਾ ਕਿ ਜਿੰਨੇ ਕੰਮ ਪਿਛਲੇ 9 ਸਾਲ ਵਿੱਚ ਕੇਂਦਰ ਦੀ ਬੀਜੇਪੀ ਸਰਕਾਰ ਦੇ ਸ਼ਾਸਨ ਵਿੱਚ ਹੋਏ ਹਨ ਓਨੇ ਕੰਮ ਦੇਸ਼ ਦੀ ਆਜਾਦੀ ਤੋਂ ਬਾਅਦ ਅੱਜ ਤੱਕ ਨਹੀਂ ਹੋਏ।

ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਡਾ: ਰਾਜ ਕੁਮਾਰ ਵੇਰਕਾ, ਪੰਜਾਬ ਭਾਜਪਾ ਸਕੱਤਰ ਸ਼ਿਵਰਾਜ ਗੋਇਲ, ਫਿਰੋਜ਼ਪੁਰ ਲੋਕ ਸਭਾ ਇੰਚਾਰਜ ਗੋਪਾਲ ਸੋਨੀ, ਪੰਜਾਬ ਸੋਸ਼ਲ ਮੀਡੀਆ ਕੋ-ਕਨਵੀਨਰ ਅਵਿਨਾਸ਼ ਗੁਪਤਾ, ਜ਼ਿਲ੍ਹਾ ਜਨਰਲ ਸਕੱਤਰ ਅਸ਼ਵਨੀ ਗਰੋਵਰ, ਜ਼ਿਲ੍ਹਾ ਫਿਰੋਜ਼ਪੁਰ ਭਾਜਪਾ ਇੰਚਾਰਜ ਵਿਜੇ ਸਿੰਗਲਾ, ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਸਤਕਾਰ ਕੌਰ, ਲਾਡੀ ਗਹਿਰੀ, ਗੁਰੂਹਰਸਹਾਏ ਵਿਧਾਨ ਸਭਾ ਤੋਂ ਗੁਰਪਰਵਾਜ ਸਿੰਘ ਸ਼ੈਲਾ ਸੰਧੂ, ਅਮਨਦੀਪ ਗਿਰਧਰ, ਜ਼ਿਲ੍ਹਾ ਜਨਰਲ ਸਕੱਤਰ ਕੈਪਟਨ ਸਵਰਨ ਸਿੰਘ, ਆਈ।ਟੀ ਸੈੱਲ ਦੇ ਜ਼ਿਲ੍ਹਾ ਕਨਵੀਨਰ ਵਿਕਾਸ ਗਰੋਵਰ, ਸੋਸ਼ਲ ਮੀਡੀਆ ਦੇ ਜ਼ਿਲ੍ਹਾ ਕਨਵੀਨਰ ਸੰਦੀਪ ਸਚਦੇਵਾ ਅਤੇ ਭਾਜਪਾ ਦੇ ਕਈ ਸੀਨੀਅਰ ਆਗੂ ਹਾਜ਼ਰ ਸਨ।

# ਸਰਕਾਰ ਨੂੰ ਧਰਮ ਜਾਂ ਪੰਥ ਦੇ ਮਾਮਲੇ 'ਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ : ਸੁਭਾਸ਼ ਸ਼ਰਮਾ

**ਚੰਡੀਗੜ੍ਹ–** ਅੱਜ ਪੰਜਾਬ ਸਰਕਾਰ ਨੇ ਦੇਸ਼ ਦੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ, ਹਾਊਸ ਦੀ ਮਰਿਆਦਾ ਨੂੰ ਤਾਰ ਤਾਰ ਕਰਦੇ ਹੋਏ, ਦੇਸ਼ ਦੀ ਵਿਵਸਥਾ ਨੂੰ ਚੁਨੌਤੀ ਦਿੰਦੇ ਹੋਏ ਇੱਕ ਤਰਫ਼ਾਂ ਬਿੱਲ ਲਿਆ ਕੇ ਪਾਸ ਕਰਨ ਦੀ ਪੰਜਾਬ ਭਾਜਪਾ ਘੋਰ ਨਿੰਦਾ ਕਰਦੀ ਹੈ। ਇਹਨਾਂ ਗੱਲਾ ਦਾ ਪ੍ਰਗਟਾਵਾ ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਸ਼ੁਭਾਸ ਸ਼ਰਮਾ ਨੇ ਭਾਜਪਾ ਸੂਬਾਈ ਦਫਤਰ ਚੰਡੀਗੜ੍ਹ ਵਿਖੇ ਉਲੀਕੀ ਗਈ ਪ੍ਰੇਸ ਕਾਨਫਰੰਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ।

ਸੁਭਾਸ਼ ਸ਼ਰਮਾ ਨੇ ਕਿਹਾ ਕਿ ਅੱਜ ਜੋ ਕੁਝ ਸਦਨ ਵਿੱਚ ਹੋਇਆ ਹੈ, ਉਹ ਸਾਰਾ ਡਰਾਮਾ ਸੀ। ਤੁਸੀਂ ਸਦਨ ਵਿੱਚ ਸਵਾਲ ਨਹੀਂ ਪੁੱਛ ਸਕਦੇ। ਕੋਈ ਏਜੰਡਾ ਨਹੀਂ ਲਿਆ ਸਕਦੇ। ਜੋ ਕੇਜਰੀਵਾਲ ਕਹੇ ਉਹੀ ਏਜੰਡਾ ਹੈ, ਵਿਰੋਧੀ ਧਿਰਾਂ ਨੂੰ ਬੋਲਣ ਤੱਕ ਨਹੀਂ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਦਕਰ ਜੀ ਅਤੇ ਦੇਸ਼ ਦੇ ਸੰਵਿਧਾਨ ਦਾ ਅਪਮਾਨ ਤੇ ਅਪਮਾਨ ਕਰ ਰਹੀ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਦੇਸ਼ ਦੇ ਸੰਵਿਧਾਨ ਦਾ ਮਜ਼ਾਕ ਬਣਾ ਰੱਖਿਆ ਹੈ। ਉਹਨਾਂ ਕਿਹਾ ਕਿ ਆਰਡੀਐਫ ਜਾ ਕੇਂਦਰ ਸਰਕਾਰ ਨਾਲ ਸੰਬੰਧਿਤ ਹੋਰ ਮੁੱਦੇ ਤਾਂ ਸਿਰਫ ਇੱਕ ਬਹਾਨਾ ਹੈ ਅਸਲੀ ਮੁੱਦਾ ਤਾਂ ਪੰਜਾਬ ਵਿੱਚ ਕੇਜਰੀਵਾਲ ਦਾ ਏਜੰਡਾ ਲਾਗੂ ਕਰਕੇ ਪੰਜਾਬ ਪੁਲਿਸ, ਯੂਨੀਵਰਸਿਟੀਆਂ, ਧਾਰਮਿਕ ਸਥਾਨਾਂ ਤੇ ਕੇਜਰੀਵਾਲ ਦਾ ਕੰਟਰੋਲ ਸਥਾਪਿਤ ਕਰਨਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਪੂਰਨ ਬਹੁਮਤ ਦਾ ਨਾਜਾਇਜ਼ ਫ਼ਾਇਦਾ ਚੁੱਕ ਕੇ ਵਿਰੋਧੀ ਧਿਰਾਂ ਦਾ ਗਲਾ ਘੁੱਟ ਰਹੀ ਹੈ। ਲੋਕਾਂ ਦੀ ਅਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਲੋਕਤੰਤਰ ਦੇ ਚੋਥੇ ਥੰਮ ਮੀਡੀਆ ਨੂੰ ਡਰਾਉਣ, ਧਮਕਾਉਣ ਤੇ ਝਕਾਉਣ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੱਤਾ ਦਾ ਜਮ ਕੇ ਦੁਰਉਪਯੋਗ ਕੀਤਾ ਜਾ ਰਿਹਾ ਹੈ।




ਸੁਭਾਸ਼ ਸ਼ਰਮਾ ਨੇ ਕਿਹਾ ਕਿ ਵਿਧਾਨਸਭਾ ਦੇ ਪਵਿੱਤਰ ਸਦਨ ਵਿੱਚ ਲੋਕਾਂ ਦੇ ਭੱਖਦੇ ਮਸਲਿਆਂ ਤੇ ਗੱਲ ਕਰਨ ਦੀ ਬਜਾਏ, ਲੋਕਾ ਦੇ ਅਸਲੀ ਮੁੱਦਿਆਂ ਤੋ ਭਟਕਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਭਗਵੰਤ ਮਾਨ ਸਰਕਾਰ ਨੇ ਪਵਿਤਰ ਸਦਨ ਨੂੰ ਰਾਜਨੀਤੀ ਦਾ ਅਖਾੜਾ ਬਣਾਇਆ ਹੋਇਆ ਹੈ। ਉਹਨਾਂ ਕਿਹਾ ਕਿ ਲੋਕਾਂ ਦੀ ਅਵਾਜ ਨੂੰ ਦਬਾਉਣ ਦੀ ਕੋਸ਼ਿਸ਼ ਹੋ ਰਹੀ ਹੈ, ਪਰ ਬੀਜੇਪੀ ਚੁੱਪ ਨਹੀਂ ਬੈਠੇਗੀ। ਅਸੀਂ ਹਰ ਪਿੰਡ, ਹਰ ਸ਼ਹਿਰ, ਹਰ ਜਗਾ, ਹਰ ਰਸਤੇ ਤੇ ਜਨਤਾ ਸਦਨ ਲਗਾ ਕੇ ਲੋਕਾਂ ਦੀ ਆਵਾਜ ਉਠਾਵਾਂਗੇ ਅਤੇ ਜਨਤਾ ਨੂੰ ਇਸ ਸੰਬੰਧੀ ਜਾਗਰੂਕ ਵੀ ਕਰਾਂਗੇ। ਉਹਨਾਂ ਕਿਹਾ ਇਹ ਸਭਕੁਝ ਕੇਜਰੀਵਾਲ ਦੇ ਗੈਰ ਕਾਬਲ ਚਹੇਤਿਆਂ ਨੂੰ ਪੰਜਾਬ ਦੇ ਸਰਕਾਰੀ ਅਹੁਦਿਆਂ ਤੇ ਫਿੱਟ ਕਰਨ ਤੇ ਪੰਜਾਬੀਆ ਨਾਲ ਧੋਖਾ ਕਰਨ ਲਈ ਹੋ ਰਿਹਾ ਹੈ। ਉਹਨਾਂ ਕਿਹਾ ਕਿ ਇਹ ਸਭ ਗੈਰ ਕਾਨੂੰਨੀ ਹੈ। ਸੁਭਾਸ਼ ਸ਼ਰਮਾ ਨੇ ਕਿਹਾ ਕਿ ਗੁਰਦੁਆਰਾ ਐਕਟ ਵਿੱਚ ਸੋਧ ਕਰਕੇ ਪੰਜਾਬ ਸਰਕਾਰ ਨੇ ਬਹੁਤ ਮਾੜਾ ਕੰਮ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦਾ ਸਪਸ਼ਟ ਮੱਤ ਹੈ ਕਿ ਧਰਮ ਜਾਂ ਪੰਥ ਦੇ ਮਾਮਲੇ 'ਚ ਸਰਕਾਰ ਨੂੰ ਦਖਲ ਨਹੀਂ ਦੇਣਾ ਚਾਹਿਦਾ। ਗੁਰਬਾਣੀ ਦੇ ਪ੍ਰਸਾਰਣ ਦਾ ਅਧਿਕਾਰ ਸਭ ਨੂੰ ਮਿਲੇ ਇਸ 'ਤੇ ਕਿਸੇ ਨੂੰ ਕੋਈ ਇਤਰਾਜ ਨਹੀਂ ਹੈ। ਗੁਰਬਾਣੀ ਨੂੰ ਸਾਰੇ ਸੰਸਾਰ 'ਚ ਕਿੰਵੇਂ ਪਹੁੰਚਾਇਆ ਜਾਵੇ ਇਸ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਪਰ ਭਗਵੰਤ ਮਾਨ ਸਰਕਾਰ ਵਲੋਂ ਜਿਦਾਂ ਇਹ ਸਭ ਕੀਤਾ ਜਾ ਰਿਹਾ ਹੈ, ਉਸ ਤੋਂ ਸਾਫ਼ ਹੈ ਕਿ ਗੁਰਬਾਣੀ ਦਾ ਪ੍ਰਸਾਰਨ ਤਾਂ ਸਿਰਫ ਬਹਾਨਾ ਹੈ, ਅਸਲ ਵਿੱਚ ਸਾਰਾ ਕੰਟਰੋਲ ਭਗਵੰਤ ਮਾਨ ਸਰਕਾਰ ਤੇ ਕੇਜਰੀਵਾਲ ਵਲੋਂ ਆਪਣੇ ਹਥ ਕਰਨਾ ਹੈ।

# ਵਿਦੇਸ਼ੀ ਯੂਨੀਵਰਸਿਟੀਆਂ ਨੇ ਵਿਦਿਆਰਥੀ ਦਸਤਾਵੇਜ਼ਾਂ ਦੀ ਚੈਕਿੰਗ ਵਧਾਈ

**ਨਵੀਂ ਦਿੱਲੀ–** ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਨੇ ਵਿਦਿਆਰਥੀਆਂ ਦੇ ਜਾਅਲੀ ਦਸਤਾਵੇਜ਼ਾਂ ਨੂੰ ਲੈ ਕੇ ਚੌਕਸੀ ਵਾਧਾ ਦਿੱਤੀ ਹੈ, ਜਿਸ ਕਾਰਨ ਵਿਦਿਆਰਥੀਆਂ ਦਾ ਵੀਜ਼ਾ ਰੱਦ ਹੋਣ ਦੇ ਮਾਮਲੇ ਵੀ ਵੱਧ ਗਏ ਹਨ। ਸਿੱਖਿਆ ਸਲਾਹਕਾਰਾਂ ਨੇ ਵੀ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਜਾਅਲੀ ਦਸਤਾਵੇਜ਼ਾਂ ਦਾ ਸਹਾਰਾ ਨਾ ਲੈਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਜਰਮਨੀ, ਆਸਟ੍ਰੇਲੀਆ ਅਤੇ ਕੈਨੇਡਾ ਵਿਚ ਵਿਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਚੈਕਿੰਗ ਵਧਾ ਦਿੱਤੀ ਗਈ ਹੈ ਅਤੇ ਕਰਾਸ ਚੈਕਿੰਗ ਲਈ ਉਮੀਦਵਾਰਾਂ ਦੇ ਵਿਦਿਅਕ ਅਦਾਰਿਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

**ਭਾਰਤੀ ਵਿਦਿਆਰਥੀਆਂ ਨੂੰ ਆ ਸਕਦੀ ਦਿੱਕਤ**

ਇਕ ਮੀਡੀਆ ਰਿਪੋਰਟ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦਾਖਲਾ ਸੁਰੱਖਿਅਤ ਕਰਨ ਵਿਚ ਮਦਦ ਕਰਨ ਵਾਲੀ ਕੰਪਨੀ ਵੇਬਰਜ਼ ਐਜੂਕੰਪ ਲਿਮਟਿਡ ਦੇ ਡਾਇਰੈਕਟਰ ਨਿਸ਼ਾਂਤ ਖੰਨਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਰਕਾਰੀ ਕਾਲਜਾਂ ਵਿਚ ਫੀਸਾਂ ਘੱਟ ਹੋਣ ਕਾਰਨ ਅਰਜ਼ੀਆਂ ਦੀ ਗਿਣਤੀ ਜ਼ਿਆਦਾ ਹੈ ਪਰ ਹੁਣ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਵਧੇਰੇ ਸਾਵਧਾਨੀ ਵਰਤ ਰਹੀਆਂ ਹਨ। ਮੀਡੀਆ ਰਿਪੋਰਟਾਂ ਦੇ ਅਨੁਸਾਰ ਮਾਰਚ ਵਿਚ ਕੈਨੇਡੀਅਨ ਅਧਿਕਾਰੀ 700 ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕਰ ਰਹੇ ਸਨ, ਜਿਨ੍ਹਾਂ ਨੇ ਵੀਜ਼ਾ ਸੁਰੱਖਿਅਤ ਕਰਨ ਲਈ ਯੂਨੀਵਰਸਿਟੀਆਂ ਦੇ ਜਾਅਲੀ ਦਾਖਲਾ ਪੇਸ਼ਕਸ਼ ਪੱਤਰਾਂ ਦੀ ਵਰਤੋਂ ਕੀਤੀ ਸੀ। ਸਲਾਹਕਾਰਾਂ ਨੇ ਕਿਹਾ ਕਿ ਜਾਅਲੀ ਦਸਤਾਵੇਜ਼ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਸਾਖ ਨੂੰ ਖਰਾਬ ਕਰਦੇ ਹਨ, ਸਰਕਾਰਾਂ ਨੂੰ ਯੂਨੀਵਰਸਿਟੀਆਂ ਦੀ ਜਾਂਚ ਵਧਾਉਣ ਦਾ ਦਾਇਰਾ ਵਧਾ ਦਿੰਦੇ ਹਨ। ਜਿਸ ਕਾਰਨ ਹੁਣ ਭਾਰਤੀ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



**ਕੰਮ ਦੇ ਘੰਟਿਆਂ 'ਤੇ ਕਰਨਾ ਹੋਵੇਗਾ ਵਿਚਾਰ**

ਇਮੀਗ੍ਰੇਸ਼ਨ ਸਲਾਹਕਾਰ ਅਜੇ ਸ਼ਰਮਾ ਨੇ ਕਿਹਾ ਕਿ ਦੇਸ਼ ਇਸ ਖਾਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸ਼ਰਮਾ ਨੇ ਕਿਹਾ ਕਿ ਦੇਸ਼ਾਂ ਨੂੰ ਵਿਦਿਆਰਥੀਆਂ ਲਈ ਕੰਮ ਦੇ ਘੰਟਿਆਂ 'ਤੇ ਮੁੜ ਵਿਚਾਰ ਕਰਨਾ ਹੋਵੇਗਾ ਕਿਉਂਕਿ ਹੁਣ ਉਨ੍ਹਾਂ ਦੇ ਆਪਣੇ ਨਾਗਰਿਕਾਂ ਨੂੰ ਵੀ ਮੰਦੀ ਦੌਰਾਨ ਨੌਕਰੀਆਂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਕੋਵਿਡ ਤੋਂ ਬਾਅਦ ਵੀਜ਼ਾ ਮਾਨਤਾ ਵਿਚ ਵਾਧਾ ਹੋਇਆ ਹੈ ਕਿਉਂਕਿ ਦੇਸ਼ ਦੋ ਸਾਲਾਂ ਬਾਅਦ ਖੁੱਲ੍ਹੇ ਸਨ। ਉਦਾਹਰਨ ਲਈ ਆਸਟ੍ਰੇਲੀਆ ਵਿਚ ਜਿਥੇ ਵਿਦਿਆਰਥੀ ਹਫ਼ਤੇ ਵਿਚ ਵੱਧ ਤੋਂ ਵੱਧ 40 ਘੰਟੇ ਕੰਮ ਕਰ ਸਕਦੇ ਸਨ, ਹਾਲਾਂਕਿ ਕੋਵਿਡ ਦੇ ਪ੍ਰਕੋਪ ਦੌਰਾਨ ਇਹ ਮਿਆਦ ਖਤਮ ਕਰ ਦਿੱਤੀ ਗਈ ਸੀ। ਜੁਲਾਈ 2022 ਵਿਚ ਇਸ ਨੇ ਮਿਆਦ ਨੂੰ ਵਾਪਸ ਲਿਆਇਆ ਅਤੇ ਕੰਮ ਦੇ ਘੰਟਿਆਂ ਨੂੰ ਹਫ਼ਤੇ ਵਿਚ ਸਿਰਫ 48 ਘੰਟੇ ਤੱਕ ਵਧਾ ਦਿੱਤਾ। ਕੁਝ ਅਜਿਹੇ ਮਾਮਲੇ ਸਨ ਜਿਥੇ ਵਿਦਿਆਰਥੀ ਕੁਝ ਯੂਨੀਵਰਸਿਟੀਆਂ ਵਿਚ ਦਾਖਲ ਹੋਏ ਪਰ ਕੁਝ ਸਮੈਸਟਰਾਂ ਤੋਂ ਬਾਅਦ ਫਰਾਰ ਹੋ ਗਏ। ਉਨ੍ਹਾਂ ਨੇ ਇਕ ਸਸਤੀ ਅਤੇ ਗੈਰ-ਮਾਨਤਾ ਪ੍ਰਾਪਤ ਮਜ਼ਦੂਰ ਕਿਰਤ ਬੱਲ ਦੇ ਹਿੱਸੇ ਵਜੋਂ ਭੋਜਨ ਅਤੇ ਪ੍ਰਚੂਨ ਚੇਨਾਂ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ।

**ਚੋਰੀ ਨੌਕਰੀ ਕਰਨ ਦੇ ਮਾਮਲਿਆਂ ਵਿਚ ਵਾਧਾ**

2022 ਵਿਚ 700,000 ਤੋਂ ਵੱਧ ਉਚ ਸਿੱਖਿਆ ਲਈ ਵਿਦੇਸ਼ ਗਏ। ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਦਾਖ਼ਲੇ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਗੁਪਤ ਨੌਕਰੀਆਂ ਕਰਨ ਦੇ ਮਾਮਲਿਆਂ ਵਿਚ ਵੀ ਵਾਧਾ ਹੋਇਆ ਹੈ। ਇਕ ਰਿਪੋਰਟ ਅਨੁਸਾਰ, ਭਾਰਤੀ ਵਿਦਿਆਰਥੀਆਂ ਨੇ ਕਥਿਤ ਤੌਰ 'ਤੇ 2022 ਵਿਚ ਯੂਨੀਵਰਸਿਟੀ ਵਿਚ ਦਾਖਲਾ ਲੈਣ ਤੋਂ ਬਾਅਦ ਪੜ੍ਹਾਈ ਛੱਡ ਦਿੱਤੀ ਅਤੇ ਸਸਤੇ ਵਪਾਰਕ ਸੰਸਥਾਵਾਂ ਵਿਚ ਚਲੇ ਗਏ ਸਨ।

ਮਈ ਵਿਚ ਦੋ ਆਸਟ੍ਰੇਲੀਆਈ ਯੂਨੀਵਰਸਿਟੀਆਂ ਵਿਕਟੋਰੀਆ ਵਿਚ ਫੈਡਰੇਸ਼ਨ ਯੂਨੀਵਰਸਿਟੀ ਅਤੇ ਨਿਊ ਸਾਊਥ ਵੇਲਜ਼ ਵਿਚ ਪੱਛਮੀ ਸਿਡਨੀ ਯੂਨੀਵਰਸਿਟੀ ਨੇ ਕੁਝ ਭਾਰਤੀ ਵਿਦਿਆਰਥੀਆਂ ਦੀ ਭਰਤੀ ਨੂੰ ਰੋਕ ਦਿੱਤਾ ਸੀ। ਇਸ ਦੇ ਲਈ ਸਿੱਖਿਆ ਏਜੰਟਾਂ ਨੂੰ ਇਕ ਨੋਟ ਜਾਰੀ ਕੀਤਾ ਗਿਆ ਸੀ, ਜੋ ਵਿਦਿਆਰਥੀਆਂ ਲਈ ਦਾਖਲੇ ਦੀ ਸਹੂਲਤ ਦਿੰਦੇ ਹਨ।

**ਇਨ੍ਹਾਂ ਰਾਜਾਂ ਦੇ ਵਿਦਿਆਰਥੀਆਂ ਦੇ ਦਾਖ਼ਲੇ 'ਤੇ ਲੱਗੀ ਪਾਬੰਦੀ**

ਫੈਡਰੇਸ਼ਨ ਯੂਨੀਵਰਸਿਟੀ ਨੇ ਅਗਲੀ ਸੂਚਨਾ ਤੱਕ ਪੰਜਾਬ, ਹਰਿਆਣਾ, ਜੰਮੂ ਅਤੇ ਕਸ਼ਮੀਰ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਤੋਂ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ 'ਤੇ ਰੋਕ ਲਗਾ ਦਿੱਤੀ ਹੈ, ਜਦਕਿ ਪੱਛਮੀ ਸਿਡਨੀ ਯੂਨੀਵਰਸਿਟੀ ਨੇ ਮਈ ਅਤੇ ਜੂਨ ਲਈ ਪੰਜਾਬ, ਹਰਿਆਣਾ ਅਤੇ ਗੁਜਰਾਤ ਤੋਂ ਭਰਤੀ 'ਤੇ ਰੋਕ ਲਗਾ ਦਿੱਤੀ ਹੈ। ਇਸ ਤੋਂ ਪਹਿਲਾਂ ਅਪ੍ਰੈਲ ਵਿਚ ਘੱਟੋ-ਘੱਟ ਚਾਰ ਹੋਰ ਯੂਨੀਵਰਸਿਟੀਆਂ ਵਿਕਟੋਰੀਆ, ਐਡਿਥ ਕੋਵਾਨ, ਟੋਰੇਨਸ ਅਤੇ ਦੱਖਣੀ ਕਰਾਸ ਨੇ ਚੋਣਵੇਂ ਭਾਰਤੀ ਖੇਤਰਾਂ ਤੋਂ ਦਾਖਲੇ 'ਤੇ ਰੋਕ ਲਗਾ ਦਿੱਤੀ ਸੀ। ਦੋ ਹੋਰ ਯੂਨੀਵਰਸਿਟੀਆਂ, ਵੋਲੋਂਗੋਂਗ ਅਤੇ ਫਲਿੰਡਰਜ਼ ਨੇ ਉੱਚ ਜੋਖਮ ਸਮਝੇ ਜਾਣ ਵਾਲੇ ਦੇਸ਼ਾਂ ਦੇ ਵਿਦੇਸ਼ੀ ਵਿਦਿਆਰਥੀਆਂ ਲਈ ਮਾਰਚ ਵਿਚ ਆਪਣੀ ਅਰਜ਼ੀ ਪ੍ਰਕਿਰਿਆ ਵਿਚ ਸੋਧ ਕੀਤੀ ਹੈ।

# ਹਾਲੀਵੁੱਡ ਫਿਲਮ 'ਚ ਕਿਰਦਾਰ ਨਿਭਾਉਂਦੀ ਨਜ਼ਰ ਆਏਗੀ ਨੀਰੂ ਬਾਜਵਾ

**ਮੁੰਬਈ–** ਪਾਲੀਵੁੱਡ ਦੀ ਕੁਈਨ ਨੀਰੂ ਬਾਜਵਾ, ਜਿਸ ਨੇ ਇਸ ਸਾਲ ਦੋ ਸੁਪਰਹਿੱਟ ਫਿਲਮਾਂ 'ਚੱਲ ਜਿੰਦੀਏ' ਅਤੇ 'ਕਲੀ ਜੋਟਾ' ਪੰਜਾਬੀ ਫਿਲਮਾਂ ਦੇ ਪ੍ਰੇਮੀਆਂ ਨੂੰ ਦਿੱਤੀਆਂ ਹਨ, ਨੇ ਖੁਲਾਸਾ ਕੀਤਾ ਹੈ ਕਿ ਉਹ ਇੱਕ ਨਵੀਂ ਫਿਲਮ ਬਣਾਉਣ ਜਾ ਰਹੀ ਹੈ। ਫਿਲਮ, ਜਿਸਦਾ ਸਿਰਲੇਖ ਬੂਹੇ ਬਾਰੀਆਂ ਹੈ, ਇਸ ਫਿਲਮ ਵਿੱਚ ਰੁਬੀਨਾ ਬਾਜਵਾ,




ਨਿਰਮਲ ਰਿਸ਼ੀ ਅਤੇ ਹੋਰ ਬਹੁਤ ਸਾਰੇ ਅਹਿਮ ਕਲਾਕਾਰ ਹਨ। ਇਸ ਫਿਲਮ ਤੋਂ ਇਲਾਵਾ 'ਜੱਟ ਐਂਡ ਜੂਲੀਅਟ' ਅਦਾਕਾਰਾ ਨੇ ਆਪਣੀ ਆਉਣ ਵਾਲੀ ਡਰਾਉਣੀ ਤਸਵੀਰ ਦਾ ਪਹਿਲਾ ਲੁੱਕ ਪੋਸਟਰ ਜਾਰੀ ਕੀਤਾ ਹੈ।

ਜੀ ਹਾਂ...ਇਸ ਫਿਲਮ ਦਾ ਸਿਰਲੇਖ 'ਇਟ ਲਿਵਜ਼ ਇਨਸਾਈਡ' ਹੈ, ਇਹ ਇੱਕ ਡਰਾਉਣੀ ਫਿਲਮ ਹੈ। ਬਾਜਵਾ ਨੇ ਇਸ ਨੂੰ ਕੈਪਸ਼ਨ ਦਿੱਤਾ 'ਇਹ ਤੁਹਾਨੂੰ ਤੁਰੰਤ ਨਹੀਂ ਮਾਰਦਾ...ਇਹ ਤੁਹਾਨੂੰ ਹੌਲੀ ਹੌਲੀ ਖਾ ਜਾਂਦਾ ਹੈ।'

ਫਿਲਮ 'ਇਟ ਲਾਈਵਜ਼ ਇਨਸਾਈਡ' ਬਿਸ਼ਾਲ ਦੱਤਾ ਦੁਆਰਾ ਨਿਰਦੇਸ਼ਿਤ ਕੀਤੀ ਗਈ ਹੈ ਅਤੇ ਬਿਸ਼ਾਲ ਦੱਤਾ ਅਤੇ ਆਸ਼ੀਸ਼ ਮਹਿਤਾ ਦੁਆਰਾ ਮਿਲ ਕੇ ਲਿਖੀ ਗਈ ਹੈ। ਇਸ ਫਿਲਮ ਵਿੱਚ ਨੀਰੂ ਬਾਜਵਾ ਦੇ ਨਾਲ ਮੇਗਨ ਸੂਰੀ, ਮੋਹਨਾ ਕ੍ਰਿਸ਼ਨਨ, ਵਿਕ ਸਹਾਏ ਅਤੇ ਬੈਟੀ ਗੈਬਰੀਅਲ ਸਮੇਤ ਪ੍ਰਤਿਭਾਸ਼ਾਲੀ ਕਲਾਕਾਰ ਹਨ।"ਇਟ ਲਿਵਜ਼ ਇਨਸਾਈਡ" ਦੀ ਕਹਾਣੀ ਇੱਕ ਭਾਰਤੀ-ਅਮਰੀਕੀ ਕਿਸ਼ੋਰ ਦੇ ਆਲੇ ਦੁਆਲੇ ਘੁੰਮਦੀ ਹੈ ਜੋ ਸਕੂਲ ਵਿੱਚ ਫਿੱਟ ਹੋਣ ਲਈ ਬੇਤਾਬ ਹੈ ਅਤੇ ਉਸਦੇ ਭਾਰਤੀ ਸੱਭਿਆਚਾਰ ਅਤੇ ਪਰਿਵਾਰ ਨੂੰ ਇਸ ਲਈ ਰੱਦ ਕਰਦੀ ਹੈ। ਪਰ ਜਦੋਂ ਇੱਕ ਮਿਥਿਹਾਸਿਕ ਸ਼ੈਤਾਨੀ ਆਤਮਾ ਉਸਦੇ ਸਾਬਕਾ ਸਭ ਤੋਂ ਚੰਗੇ ਦੋਸਤ ਨਾਲ ਜੁੜ ਜਾਂਦੀ ਹੈ ਤਾਂ ਉਸਨੂੰ ਇਸ ਨੂੰ ਜਿੱਤਣ ਲਈ ਆਪਣੀਆਂ ਜੜ੍ਹਾਂ ਨਾਲ ਸਮਝੌਤਾ ਕਰਨਾ ਪੈਂਦਾ ਹੈ।

ਫਿਲਮ ਇਟ ਲਿਵਜ਼ ਇਨਸਾਈਡ ਦਾ ਨਿਰਮਾਣ QC ਐਂਟਰਟੇਨਮੈਂਟ ਦੇ ਰੇਮੰਡ ਮੈਨਸਫੀਲਡ ਅਤੇ ਸੀਨ ਮੈਕਕਿਟ੍ਰਿਕ ਦੁਆਰਾ ਨਿਓਨ, ਐਡਵਰਡ ਐਚ। ਹੈਮ ਜੂਨੀਅਰ, ਜੇਮਸਨ ਪਾਰਕਰ, ਏਰੀਅਲ ਵੋਇਸਵਰਟ ਅਤੇ ਸ਼ੌਨ ਵਿਲੀਅਮਸਨ ਨਾਲ ਕੀਤਾ ਗਿਆ ਹੈ। ਪ੍ਰਸ਼ੰਸਕ "ਕ੍ਰਿਸਮਸ ਟਾਈਮ ਇਜ਼ ਹੇਅਰ" ਤੋਂ ਬਾਅਦ ਹਾਲੀਵੁੱਡ ਵਿੱਚ ਨੀਰੂ ਬਾਜਵਾ ਦੇ ਪ੍ਰਦਰਸ਼ਨ ਨੂੰ ਦੁਬਾਰਾ ਦੇਖਣ ਲਈ ਇੰਤਜ਼ਾਰ ਨਹੀਂ ਕਰ ਸਕਦੇ।

ਦੱਸ ਦਈਏ ਕਿ ਨੀਰੂ ਬਾਜਵਾ ਦੀ ਇਸ ਸਾਲ ਫਰਵਰੀ ਵਿੱਚ ਰਿਲੀਜ਼ ਹੋਈ ਫਿਲਮ 'ਕਲੀ ਜੋਟਾ' ਬਲਾਕਬਸਟਰ ਸਾਬਤ ਹੋਈ। ਫਿਲਮ ਨੇ ਕਾਫੀ ਚੰਗਾ ਕਾਰੋਬਾਰ ਕੀਤਾ। ਇਸ ਫਿਲਮ ਨੂੰ ਪੂਰੀ ਦੁਨੀਆਂ ਦੇ ਲੋਕਾਂ ਦੁਆਰਾ ਪਸੰਦ ਕੀਤਾ ਗਿਆ। ਇਸ ਤੋਂ ਬਾਅਦ ਰਿਲੀਜ਼ ਹੋਈ ਨੀਰੂ ਬਾਜਵਾ ਦੀ ਫਿਲਮ 'ਚੱਲ ਜ਼ਿੰਦੀਏ' ਨੂੰ ਵੀ ਦਰਸ਼ਕਾਂ ਨੇ ਚੰਗਾ ਰਿਸਪਾਂਸ ਦਿੱਤਾ ਹੈ। ਹੁਣ ਨੀਰੂ ਬਾਜਵਾ ਦੇ ਵਰਕਫਰੰਟ ਦੀ ਗੱਲ ਕਰੀਏ ਅਦਾਕਾਰਾ ਨੇ ਹਾਲ ਹੀ ਵਿੱਚ ਆਪਣੀ ਫਿਲਮ 'ਬੂਹੇ ਬਾਰੀਆਂ' ਦਾ ਐਲਾਨ ਕੀਤਾ ਹੈ। ਇਹ ਫਿਲਮ ਇਸ ਸਾਲ ਸਤੰਬਰ ਮਹੀਨੇ ਵਿੱਚ ਰਿਲੀਜ਼ ਹੋ ਜਾਵੇਗੀ।

# ਇੰਗਲੈਂਡ 'ਚ ਛੁਰੇਬਾਜ਼ੀ ਦੌਰਾਨ ਭਾਰਤੀ ਵਿਦਿਆਰਥਣ ਸਮੇਤ ਤਿੰਨ ਦੀ ਮੌਤ

**ਲੰਡਨ–** ਇੰਗਲੈਂਡ ਵਿਚ ਛੁਰੇਬਾਜ਼ੀ ਹਮਲਿਆਂ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਕੇਂਦਰੀ ਇੰਗਲੈਂਡ ਦੇ ਨਾਟਿੰਘਮ ਵਿੱਚ ਚਾਕੂ ਨਾਲ ਕੀਤੇ ਗਏ ਲੜੀਵਾਰ ਹਮਲਿਆਂ ਵਿਚ ਇੱਕ ਭਾਰਤੀ ਮੂਲ ਦੀ ਮੈਡੀਕਲ ਵਿਦਿਆਰਥਣ ਸਮੇਤ 3 ਲੋਕਾਂ ਦੀ ਮੌਤ 'ਤੇ ਵੀਰਵਾਰ ਨੂੰ ਸ਼ਹਿਰ ਵਿੱਚ ਸੋਗ ਦਾ ਮਾਹੌਲ ਰਿਹਾ। ਉਥੇ ਹੀ ਲੋਕ ਪੀੜਤਾਂ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਇਕ ਹੋਰ ਸ਼ੋਕ ਸਭਾ ਦੀ ਤਿਆਰੀ ਕਰ ਰਹੇ ਹਨ। ਮਰਨ ਵਾਲਿਆਂ 'ਚ 19 ਸਾਲਾ ਗ੍ਰੇਸੀ ਓ'ਮੈਲੀ ਕੁਮਾਰ, ਉਸ ਦਾ ਦੋਸਤ ਬਰਨਬੀ ਵੈਬਰ (19) ਅਤੇ 65 ਸਾਲਾ ਇਆਨ ਕੋਟਸ ਸ਼ਾਮਲ ਹਨ। ਗ੍ਰੇਸੀ ਇੱਕ ਪ੍ਰਤਿਭਾਸ਼ਾਲੀ ਕ੍ਰਿਕਟਰ ਅਤੇ ਹਾਕੀ ਖਿਡਾਰਣ ਸੀ। ਪੁਲਸ ਮੁਤਾਬਕ ਗ੍ਰੇਸੀ ਨੌਟਿੰਘਮ ਯੂਨੀਵਰਸਿਟੀ ਵਿਚ ਸਹਿਪਾਠੀ ਅਤੇ ਕ੍ਰਿਕਟਰ ਦੋਸਤ ਬਰਨਬੀ ਵੈਬਰ ਦੇ ਨਾਲ ਸੀ, ਜਦੋਂ ਹਮਲਾਵਰ ਨੇ ਮੰਗਲਵਾਰ ਤੜਕੇ ਉਨ੍ਹਾਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਦੋਸ਼ੀ ਨੇ ਕੋਟਸ ਨੂੰ ਵੀ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਉਸ ਦੀ ਵੈਨ ਚੋਰੀ ਕਰਨ ਤੋਂ ਬਾਅਦ 3 ਲੋਕਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ। ਮੰਨਿਆ ਜਾਂਦਾ ਹੈ ਕਿ ਦੋਸ਼ੀ 31 ਸਾਲਾ ਪੱਛਮੀ ਅਫਰੀਕੀ ਮੂਲ ਦਾ ਹੈ ਅਤੇ ਅਜੇ ਵੀ ਪੁਲਸ ਦੀ ਹਿਰਾਸਤ 'ਚ ਹੈ। ਅੱਤਵਾਦ ਰੋਕੂ ਅਧਿਕਾਰੀ ਮਾਮਲੇ ਦੀ ਜਾਂਚ 'ਚ ਮਦਦ ਕਰ ਰਹੇ ਹਨ।



ਨਾਟਿੰਘਮ ਤੋਂ ਬ੍ਰਿਟਿਸ਼ ਭਾਰਤੀ ਸੰਸਦ ਮੈਂਬਰ ਨਾਦੀਆ ਵਿੱਟਮ ਨੇ ਪੱਤਰਕਾਰਾਂ ਨੂੰ ਦੱਸਿਆ, "ਸ਼ਹਿਰ ਇਸ ਸਮੇਂ ਸੋਗ ਵਿੱਚ ਹੈ... ਇਸ ਹਮਲੇ ਨਾਲ ਪੂਰਾ ਸ਼ਹਿਰ ਸਦਮੇ ਵਿੱਚ ਹੈ, ਜਿਸ ਵਿੱਚ 3 ਲੋਕਾਂ ਦੀ ਮੌਤ ਹੋ ਗਈ ਅਤੇ 3 ਹੋਰ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਨਾਟਿੰਘਮ ਵਿੱਚ ਪਹਿਲਾਂ ਅਜਿਹਾ ਕੁਝ ਨਹੀਂ ਹੋਇਆ ਸੀ, ਨਿਸ਼ਚਤ ਤੌਰ 'ਤੇ ਮੇਰੇ ਜੀਵਨ ਕਾਲ ਵਿੱਚ ਤਾਂ ਬਿਲਕੁੱਲ ਵੀ ਨਹੀਂ ਹੋਇਆ ਸੀ। ਪਰ ਸਾਡੇ ਭਾਈਚਾਰੇ ਦਾ ਅਜਿਹੇ ਸਮੇਂ ਵਿੱਚ ਇਕੱਠੇ ਆਉਣ ਅਤੇ ਇੱਕ ਦੂਜੇ ਦਾ ਸਮਰਥਨ ਕਰਨ ਦਾ ਮਾਣਮੱਤਾ ਇਤਿਹਾਸ ਰਿਹਾ ਹੈ ਅਤੇ ਮੈਂ ਜਾਣਦਾ ਹਾਂ ਕਿ ਇਹ ਸਮਾਂ ਵੱਖ ਨਹੀਂ ਹੋਵੇਗਾ।"

ਇਹ ਇਕੱਠ ਬੁੱਧਵਾਰ ਨੂੰ ਨਾਟਿੰਘਮ ਯੂਨੀਵਰਸਿਟੀ ਵਿੱਚ ਹੋਏ ਹਮਲੇ ਵਿੱਚ ਮਾਰੇ ਗਏ 2 ਵਿਦਿਆਰਥੀਆਂ ਦੀ ਯਾਦ ਵਿੱਚ ਆਯੋਜਿਤ ਕੀਤਾ ਗਿਆ ਸੀ। ਇਸ ਵਿੱਚ ਪਰਿਵਾਰ, ਦੋਸਤਾਂ ਅਤੇ ਸਹਿਪਾਠੀਆਂ ਨੇ ਨਮ ਅੱਖਾਂ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਗ੍ਰੇਸੀ ਲੰਡਨ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਡਾਕਟਰ ਸੰਜੋਏ ਕੁਮਾਰ ਦੀ ਧੀ ਸੀ। ਸੰਜੋਏ ਕੁਮਾਰ ਨੂੰ 'ਹੀਰੋ' ਡਾਕਟਰ ਦੱਸਿਆ ਜਾਂਦਾ ਹੈ ਜਿਨ੍ਹਾਂ ਨੇ 2009 ਵਿੱਚ ਚਾਕੂ ਦੇ ਹਮਲੇ ਵਿੱਚ ਜ਼ਖ਼ਮੀ ਹੋਏ ਕੁਝ ਨੌਜਵਾਨਾਂ ਦੀ ਜਾਨ ਬਚਾਈ ਸੀ। ਗ੍ਰੇਸੀ ਦੇ ਪਰਿਵਾਰ ਨੇ ਕਿਹਾ ਕਿ ਉਹ ਉਸਦੀ ਮੌਤ ਨਾਲ "ਬੁਰੀ ਤਰ੍ਹਾਂ ਟੁੱਟ" ਗਏ ਹਨ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਸ਼ੀਅਰਰ ਵੈਸਟ ਨੇ ਕਿਹਾ ਕਿ ਉਹ ਇਕ ਪ੍ਰਤਿਭਾਸ਼ਾਲੀ ਖਿਡਾਰਨ ਸੀ, ਜੋ ਅੰਡਰ-16 ਅਤੇ ਅੰਡਰ-18 ਵਿਚ ਇੰਗਲੈਂਡ ਦੀ ਹਾਕੀ ਟੀਮ ਲਈ ਅੰਤਰਰਾਸ਼ਟਰੀ ਹਾਕੀ ਖੇਡ ਚੁੱਕੀ ਸੀ ਅਤੇ ਏਸੇਕਸ ਦੀ ਅੰਡਰ 15 ਮਹਿਲਾ ਕ੍ਰਿਕਟ ਟੀਮ ਲਈ ਵੀ ਖੇਡ ਚੁੱਕੀ ਸੀ। ਬਿਆਨ ਮੁਤਾਬਕ ਉਸ ਦੀ ਇੱਛਾ ਡਾਕਟਰ ਬਣਨ ਦੀ ਸੀ ਅਤੇ ਉਹ ਮੈਡੀਕਲ ਦੀ ਪਹਿਲੇ ਸਾਲ ਦੀ ਪੜ੍ਹਾਈ ਕਰ ਰਹੀ ਸੀ।

# ਕੌਮੀ ਸਿੱਖਿਆ ਨੀਤੀ ਸਬੰਧੀ ਚਰਚਾ ਦੀਆਂ ਤਿਆਰੀਆਂ ਮੁਕੰਮਲ

**ਜਲੰਧਰ–** ਦੇਸ਼ ਭਗਤ ਯਾਦਗਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਕੌਮੀ ਸਿੱਖਿਆ ਨੀਤੀ: 2020 ਸਬੰਧੀ 24 ਜੂਨ ਸ਼ਨਿਚਰਵਾਰ ਸਵੇਰੇ 10:30 ਵਜੇ ਹੋ ਰਹੀ ਵਿਚਾਰ-ਚਰਚਾ ਦੀਆਂ ਤਿਆਰੀਆਂ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ। ਦੇਸ਼ ਭਗਤ ਯਾਦਗਾਰ ਹਾਲ 'ਚ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਹੋਣ ਵਾਲੀ ਇਸ ਵਿਚਾਰ-ਚਰਚਾ ਮੌਕੇ ਕੌਮੀ ਸਿੱਖਿਆ ਨੀਤੀ: 2020 - ਸਿੱਖਿਆ, ਵਿਗਿਆਨ ਅਤੇ ਤਰਕਸ਼ੀਲਤਾ ਵਿਸ਼ੇ ਉਪਰ ਉੱਘੇ ਵਿਦਵਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋ. ਕੁਲਦੀਪ ਪੁਰੀ ਮੁੱਖ ਬੁਲਾਰੇ ਹੋਣਗੇ। ਕਮੇਟੀ ਨੇ ਸਮੂਹ ਵਿਦਿਅਕ ਅਦਾਰਿਆਂ, ਵਿਦਿਆਰਥੀ, ਨੌਜਵਾਨ, ਤਰਕਸ਼ੀਲ, ਜਮਹੂਰੀ, ਲੋਕ-ਪੱਖੀ ਸੰਸਥਾਵਾਂ ਨੂੰ ਇਸ ਭਖਵੇਂ ਮੁੱਦੇ ਉਪਰ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਹੈ ਤਾਂ ਜੋ ਸਿੱਖਿਆ ਉਪਰ ਚੌਤਰਫ਼ੇ ਹੱਲਿਆਂ ਖ਼ਿਲਾਫ਼ ਜਾਗਰੂਕ ਹੋ ਕੇ ਸਾਂਝੀ ਜਨਤਕ ਆਵਾਜ਼ ਬੁਲੰਦ ਕੀਤੀ ਜਾ ਸਕੇ। ਤਿਆਰੀਆਂ ਨੂੰ ਅੰਤਿਮ ਛੋਹਾਂ ਦੇਣ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਆਡਿਟ ਅਤੇ ਦੇਖ ਰੇਖ ਕਮੇਟੀ ਦੇ ਕਨਵੀਨਰ ਰਣਜੀਤ ਸਿੰਘ ਔਲਖ ਅਤੇ ਲਾਇਬਰੇਰੀ ਕਮੇਟੀ ਦੇ ਕਨਵੀਨਰ ਡਾ. ਗੋਪਾਲ ਬੁੱਟਰ ਵੀ ਹਾਜ਼ਰ ਸਨ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਰਿਟ੍ਰੀਟ ਸੈਰਾਮਨੀ 'ਚ ਬੁਰਕੇ 'ਚੋਂ ਬਾਹਰ ਆਉਣ ਲੱਗੀਆਂ ਪਾਕਿ ਔਰਤਾਂ

**ਕਰਾਚੀ–**ਅੰਮ੍ਰਿਤਸਰ ਵਿਚ ਵਾਹਗਾ-ਅਟਾਰੀ, ਫਿਰੋਜ਼ਪੁਰ ਵਿਚ ਹੁਸੈਨੀਵਾਲਾ ਅਤੇ ਫਾਜ਼ਿਲਕਾ ਦੇ ਸਾਦਕੀ ਬਾਰਡਰ 'ਤੇ ਹੋਣ ਵਾਲੀ ਰਿਟ੍ਰੀਟ ਸੈਰਾਮਨੀ ਵਿਚ ਪਾਕਿਸਤਾਨੀ ਗੈਲਰੀ 'ਚ ਆਉਣ ਵਾਲੀਆਂ ਜ਼ਿਆਦਾਤਰ ਔਰਤਾਂ ਹੁਣ ਬਿਨਾਂ ਬੁਰਕੇ ਦੇ ਨਜ਼ਰ ਆਉਂਦੀਆਂ ਹਨ। ਹਾਲਾਂਕਿ ਪਾਕਿਸਤਾਨ ਵਿਚ ਆਰਥਿਕ ਅਤੇ ਸਿਆਸੀ ਸੰਕਟ ਤੋਂ ਬਾਅਦ ਪਾਕਿਸਤਾਨੀ ਗੈਲਰੀ ਵਿਚ ਆਉਣ ਵਾਲੇ ਪਾਕਿਸਤਾਨੀ ਲੋਕਾਂ ਦੀ ਗਿਣਤੀ ਘੱਟ ਹੋਈ ਹੈ ਪਰ ਪਾਕਿਸਤਾਨੀ ਰੇਂਜਰਾਂ ਦਾ ਹੌਂਸਲਾ ਵਧਾਉਣ ਲਈ ਹੁਣ ਪਾਕਿਸਤਾਨੀ ਸਕੂਲਾਂ ਦੇ ਬੱਚਿਆਂ ਨੂੰ ਪਰੇਡ ਵਿਚ ਲਿਆਂਦਾ ਜਾ ਰਿਹਾ ਹੈ, ਜਦਕਿ ਭਾਰਤ ਦੀ ਗੈਲਰੀ 'ਚ ਫਲੈਗ ਹੋਸਟਿੰਗ ਰਸਮ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਦਾ ਜੋਸ਼ ਭਾਰਤ ਦੇ ਵਧਦੇ ਕਦਮਾਂ ਦੀ ਕਹਾਣੀ ਬਿਆਨ ਕਰਦਾ ਹੈ।



ਇਸ ਰਸਮ ਨੂੰ ਵੇਖਣ ਲਈ ਦੋਵਾਂ ਦੇਸ਼ਾਂ ਨੇ ਸਰਹੱਦ ਨਾਲ ਲੱਗਦੇ ਇਨ੍ਹਾਂ ਤਿੰਨੋਂ ਇਲਾਕਿਆਂ ਵਿਚ ਸ਼ਾਨਦਾਰ ਪੈਵੇਲੀਅਨ ਦਾ ਵੀ ਨਿਰਮਾਣ ਕੀਤਾ ਹੈ। ਹਰ ਦਿਨ ਦੋਵਾਂ ਦੇਸ਼ਾਂ ਦੇ ਹਜ਼ਾਰਾਂ ਲੋਕ ਇਸ ਫਲੈਗ ਹੋਸਟਿੰਗ ਸੈਰਾਮਨੀ ਨੂੰ ਵੇਖਣ ਲਈ ਆਉਂਦੇ ਹਨ। ਅੰਮ੍ਰਿਤਸਰ ਵਿਚ ਵਾਹਗਾ-ਅਟਾਰੀ ਸਰਹੱਦ 'ਤੇ ਭਾਰਤ ਵਾਲੇ ਪਾਸੇ ਬਣੇ ਸਟੇਡੀਅਮ ਵਿਚ 25,000 ਦਰਸ਼ਕਾਂ ਦੇ ਬੈਠਣ ਦੀ ਸਮਰੱਥਾ ਹੈ, ਜਦਕਿ ਪਾਕਿਸਤਾਨ ਦੇ ਪਾਸੇ ਵਾਲੀ ਗੈਲਰੀ ਵਿਚ 10,000 ਦਰਸ਼ਕ ਬੈਠ ਸਕਦੇ ਹਨ। ਭਾਰਤ ਵਾਲੀ ਗੈਲਰੀ ਵਿਚ ਪੰਜਾਬ ਤੋਂ ਇਲਾਵਾ ਹੋਰ ਸੂਬਿਆਂ ਤੋਂ ਵੀ ਲੋਕ ਆਉਂਦੇ ਹਨ ਅਤੇ ਇਹ ਸਟੇਡੀਅਮਨੁਮਾ ਗੈਲਰੀ ਭਰੀ ਹੁੰਦੀ ਹੈ ਪਰ ਪਾਕਿਸਤਾਨ ਵਾਲੀ ਛੋਟੀ ਗੈਲਰੀ ਵਿਚ ਕੰਮ ਵਾਲੇ ਦਿਨਾਂ 'ਚ ਤਾਂ ਦਰਸ਼ਕ ਘੱਟ ਹੀ ਹੁੰਦੇ ਹਨ ਪਰ ਜੁੰਮੇ (ਸ਼ੁੱਕਰਵਾਰ) ਦੇ ਦਿਨ ਆਮ ਦਿਨਾਂ ਨਾਲੋਂ ਜ਼ਿਆਦਾ ਭੀੜ ਹੁੰਦੀ ਹੈ।

ਫਿਰੋਜ਼ਪੁਰ 'ਚ ਹੁਸੈਨੀਵਾਲਾ-ਗੰਡਾ ਸਿੰਘ ਵਾਲਾ ਸਰਹੱਦ 'ਤੇ ਵੀ ਲਗਭਗ ਅਜਿਹੀ ਹੀ ਸਥਿਤੀ ਹੁੰਦੀ ਹੈ। ਮੁਹੰਮਦ ਅਲੀ ਜਿਨਾਹ ਦੀ ਫੋਟੋ ਵਾਲੀ ਪਾਕਿਸਤਾਨ ਦੀ ਛੋਟੀ ਬਣੀ ਗੈਲਰੀ ਵਿਚ ਹੁਣ ਅਕਸਰ ਜ਼ਿਆਦਾਤਰ ਸਕੂਲੀ ਬੱਚੇ ਹੀ ਨਜ਼ਰ ਆਉਂਦੇ ਹਨ। ਪਰੇਡ ਸ਼ੁਰੂ ਹੁੰਦੇ ਹੀ ਪਾਕਿਸਤਾਨੀ ਰੇਂਜਰਸ ਉਨ੍ਹਾਂ ਬੱਚਿਆਂ ਨੂੰ ਪਾਕਿਸਤਾਨੀ ਝੰਡੇ ਫੜਾ ਕੇ ਪਾਕਿਸਤਾਨ ਦੇ ਪੱਖ 'ਚ ਨਾਅਰੇਬਾਜ਼ੀ ਲਈ ਉਕਸਾਉਂਦੇ ਨਜ਼ਰ ਆਉਂਦੇ ਹਨ ਤਾਂ ਜੋ ਭਾਰਤ ਦੀ ਗੈਲਰੀ ਵਿਚ ਲੋਕਾਂ ਦੇ ਜੋਸ਼ ਦਾ ਮੁਕਾਬਲਾ ਕੀਤਾ ਜਾ ਸਕੇ ਪਰ ਭਾਰਤੀ ਲੋਕਾਂ ਦੇ ਜੋਸ਼ ਹੇਠ ਪਾਕਿਸਤਾਨੀ ਅਵਾਮ ਅਤੇ ਰੇਂਜਰਸ ਦੀ ਪਰੇਡ ਦੀ ਅਵਾਜ਼ ਦੱਬ ਕੇ ਰਹਿ ਜਾਂਦੀ ਹੈ। ਪਿਛਲੇ ਕੁਝ ਸਮੇਂ ਤੋਂ ਪਾਕਿਸਤਾਨ ਵੱਲੋਂ ਇਹ ਦ੍ਰਿਸ਼ ਵੀ ਆਉਣ ਲੱਗਾ ਹੈ ਕਿ ਪਾਕਿਸਤਾਨੀ ਔਰਤਾਂ ਬੁਰਕੇ 'ਚੋਂ ਬਾਹਰ ਆਉਣ ਲੱਗੀਆਂ ਹਨ। ਪਾਕਿਸਤਾਨੀ ਗੈਲਰੀ ਵਿਚ ਜਿੰਨੀਆਂ ਔਰਤਾਂ ਬੁਰਕਨਾਸ਼ੀਨ ਹੁੰਦੀਆਂ ਹਨ, ਉਸ ਨਾਲੋਂ ਵੀ ਜ਼ਿਆਦਾ ਪਾਕਿਸਤਾਨੀ ਔਰਤਾਂ ਬੇਪਰਦਾ ਹੁੰਦੀਆਂ ਹਨ ਭਾਵ ਬਿਨਾਂ ਬੁਰਕੇ ਦੇ ਆਉਂਦੀਆਂ ਹਨ, ਜਦੋਂਕਿ ਸਕੂਲੀ ਬੱਚੀਆਂ ਵਿਚ ਕੋਈ ਬੁਰਕਾਧਾਰੀ ਨਹੀਂ ਹੁੰਦੀ, ਬਸ ਸਿਰ 'ਤੇ ਚੁੰਨੀ ਲਈ ਹੁੰਦੀ ਹੈ। ਫਾਜ਼ਿਲਕਾ ਦੀ ਸਾਦਕੀ ਸਰਹੱਦ 'ਤੇ ਭਾਰਤ ਦਾ ਵਿਸ਼ਾਲ ਤਿਰੰਗਾ ਹੀ ਪਾਕਿਸਤਾਨ ਦਾ ਕੱਦ ਛੋਟਾ ਕਰਦਾ ਹੈ।

ਪਾਕਿਸਤਾਨ ਤੋਂ ਇਸ ਸਰਹੱਦ 'ਤੇ ਕਦੇ-ਕਦੇ ਹੀ ਜ਼ਿਆਦਾ ਭੀੜ ਹੁੰਦੀ ਹੈ ਪਰ ਇਨ੍ਹਾਂ ਵਿਚੋਂ ਵੀ ਕਦੇ-ਕਦੇ ਵਿਛੜੀਆਂ ਅੱਖਾਂ ਇਕ-ਦੂਜੇ ਦੇ ਦੇਸ਼ ਦੀ ਗੈਲਰੀ ਵਿਚ ਕਿਸੇ ਆਪਣੇ ਨੂੰ ਲੱਭਦੀਆਂ ਹਨ।

ਵਰਣਨਯੋਗ ਹੈ ਕਿ ਵੰਡ ਤਕ ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਫਾਜ਼ਿਲਕਾ ਸਰਹੱਦ ਤੋਂ ਹੁਣ ਦੇ ਭਾਰਤ-ਪਾਕਿਸਤਾਨ ਵਿਚ ਰੇਲ ਗੱਡੀਆਂ ਦਾ ਆਉਣਾ-ਜਾਣਾ ਸੀ। ਫਾਜ਼ਿਲਕਾ ਤੇ ਫਿਰੋਜ਼ਪੁਰ ਵਿਚ ਵੰਡ ਦੇ ਸਮੇਂ ਹਿੰਦੂ, ਸਿੱਖ ਤੇ ਮੁਸਲਮਾਨ ਸਰਹੱਦਾਂ ਦੇ ਆਸ-ਪਾਸ ਹੀ ਮੁੜ ਵਾਪਸ ਆਉਣ ਦੀ ਉਮੀਦ ਵਿਚ ਵਸ ਗਏ ਸਨ। ਸਰਹੱਦ ਤਾਂ ਟੁੱਟੀ ਨਹੀਂ ਪਰ ਇੱਧਰ-ਉੱਧਰ ਵਸੇ ਲੋਕ ਟੁੱਟ ਗਏ।

ਫਿਰੋਜ਼ਪੁਰ ਵਿਚ ਹੁਸੈਨੀਵਾਲਾ ਸਰਹੱਦ 'ਤੇ ਨੋਇਡਾ ਤੋਂ ਪਰੇਡ ਵੇਖਣ ਆਏ ਜੋੜੇ ਆਸ਼ੂਤੋਸ਼ ਰਾਣਾ-ਰੁਚੀ ਦਾ ਕਹਿਣਾ ਸੀ ਕਿ ਅਸਲ ਵਿਚ ਭਾਰਤ ਦੀ ਪਰੇਡ ਉਸ ਦੀ ਸ਼ਕਤੀ, ਵਿਕਾਸ ਅਤੇ ਸਰਹੱਦ 'ਤੇ ਤਾਇਨਾਤ ਬੀ। ਐਸ। ਐਫ਼। ਦੇ ਜਵਾਨਾਂ ਦੇ ਹੌਂਸਲੇ ਨੂੰ ਦਰਸਾਉਂਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਘੱਟੋ-ਘੱਟ ਭਾਰਤ ਦੀ ਗੈਲਰੀ ਨੂੰ ਹੀ ਵੇਖ ਕੇ ਪਾਕਿਸਤਾਨੀ ਔਰਤਾਂ ਨੇ ਪਰਦੇ 'ਚੋਂ ਬਾਹਰ ਆਉਣਾ ਸ਼ੁਰੂ ਕੀਤਾ, ਜੋ ਕਿ ਔਰਤਾਂ ਲਈ ਚੰਗੀ ਗੱਲ ਹੈ।

# ਸਾਹਿਤ ਸਭਾ ਵਲੋਂ ਪੰਜਾਬੀ ਕਵਿਤਰੀ ਦੇ ਅਚਨਚੇਤ ਚਲਾਣੇ ਤੇ ਗਹਿਰਾ ਅਫ਼ਸੋਸ

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਨੇ ਉੱਘੀ ਪੰਜਾਬੀ ਕਵਿਤਰੀ ਡਾ. ਕੁਲਦੀਪ ਕੌਰ ਦੇ ਅਚਨਚੇਤ ਸਦੀਵੀ ਵਿਛੋੜੇ ਤੇ ਗਹਿਰੀ ਸੰਵੇਦਨਾ ਪ੍ਰਗਟਾਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਮਦਨ ਵੀਰਾ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਅਟਵਾਲ ਵਿਖੇ 1944 ਈਸਵੀ ਨੂੰ ਜਨਮੀ ਡਾ. ਕੁਲਦੀਪ ਕੌਰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਲੰਮਾ ਸਮਾਂ ਜਨਰਲ ਸਕੱਤਰ ਰਹੇ ਡਾ. ਪਰਮਿੰਦਰ ਸਿੰਘ ਜੀ ਦੇ ਵੱਡੀ ਬੇਟੀ ਸਨ। ਡਾ. ਕੁਲਦੀਪ ਕੌਰ ਨੇ ਆਪਣੇ ਅਧਿਆਪਨ ਦਾ ਸਫ਼ਰ ਸਰਕਾਰੀ ਰਣਧੀਰ ਕਾਲਜ ਕਪੂਰਥਲਾ ਤੋਂ ਸ਼ੁਰੂ ਕੀਤਾ ਜਿੱਥੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਅਤੇ ਪ੍ਰਿੰਸੀਪਲ ਵੀਰ ਸਿੰਘ ਰੰਧਾਵਾ ਉਨ੍ਹਾਂ ਦੇ ਪਹਿਲ ਪਲੱਕੜੇ ਵਿਦਿਆਰਥੀ ਰਹੇ। ਉਹ ਸਰਕਾਰੀ ਕਾਲਜ ਅੰਮ੍ਰਿਤਸਰ ਤੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ।




ਡਾ. ਕੁਲਦੀਪ ਕੌਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਸਤਿੰਦਰ ਸਿੰਘ ਦੀ ਦੇਖ-ਰੇਖ ਹੇਠ 1984 ਈਸਵੀ ਵਿੱਚ 'ਵੀਰ ਸਿੰਘ, ਮੋਹਨ ਸਿੰਘ ਤੇ ਪੂਰਨ ਸਿੰਘ ਦਾ ਕਾਵਿ ਸਿਧਾਂਤ: ਤੁਲਨਾਤਮਕ ਅਧਿਐਨ' ਵਿਸ਼ੇ ਤੇ ਪੀਐੱਚ. ਡੀ. ਕੀਤੀ। ਬੇਤਾਲ ਰਾਗਣੀ, ਬਸਤੀ ਤੇ ਸਹਿਰਾ, ਜਗਦੇ ਬੁਝਦੇ ਜਜ਼ੀਰੇ ਅਤੇ ਬਲ਼ਦੇ ਪਿਆਰ ਚਾਰ ਕਾਵਿ ਸੰਗ੍ਰਹਿ ਉਨ੍ਹਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਏ।ਚਰਚਾ ਵਿੱਚ ਰਹੀ ਉਨ੍ਹਾਂ ਦੀ ਸਵੈ-ਜੀਵਨੀ 'ਲਿਖੀਆਂ ਅਣਲਿਖੀਆਂ' ਸਾਲ 2003 ਵਿੱਚ ਛਪੀ। ਉਹ ਪਿਛਲੇ ਚਾਰ-ਪੰਜ ਸਾਲ ਤੋਂ ਬਿਮਾਰ ਚੱਲੇ ਆ ਰਹੇ ਸਨ।ਆਪਣਾ ਆਖ਼ਰੀ ਸਾਹ ਉਨ੍ਹਾਂ ਆਪਣੀ ਛੋਟੀ ਭੈਣ ਡਾ. ਅਰਸ਼ਦੀਪ ਕੌਰ ਅਤੇ ਉਸਦੇ ਪਤੀ ਡਾ. ਗੁਰਦੀਪ ਸਿੰਘ ਹੇਅਰ ਕੋਲ ਸ਼ਾਹਬਾਦ ਮਾਰਕੰਡਾ ਵਿਖੇ ਲਿਆ। ਸਾਹਿਤ ਸਭਾ ਦੇ ਮੈਂਬਰਾਂ ਨੇ ਸਾਰੀ ਉਮਰ ਸਿਰਜਣਾ ਦੇ ਲੇਖੇ ਲਾਉਣ ਵਾਲੀ ਆਲੋਚਕ ਅਤੇ ਸ਼ਾਇਰਾ ਡਾ. ਕੁਲਦੀਪ ਕੌਰ ਦੇ ਦੇਹਾਂਤ ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ। ਇਸ ਸਮੇਂ ਡਾ. ਕਰਮਜੀਤ ਸਿੰਘ, ਕੁਲਤਾਰ ਸਿੰਘ ਕੁਲਤਾਰ, ਤ੍ਰਿਪਤਾ ਕੇ ਸਿੰਘ, ਸੁਰਿੰਦਰ ਸਿੰਘ ਕੰਗਵੀ, ਡਾ. ਮਨਮੋਹਨ ਸਿੰਘ ਤੀਰ, ਡਾ. ਸ਼ਮਸ਼ੇਰ ਮੋਹੀ, ਸੀਤਾ ਰਾਮ ਬਾਂਸਲ, ਦਰਸ਼ਨ ਸਿੰਘ ਦਰਸ਼ਨ, ਹਰਵਿੰਦਰ ਸਿੰਘ ਸਾਬੀ, ਸੁਰਿੰਦਰ ਸੱਲ੍ਹਣ, ਤੀਰਥ ਰਾਮ ਸਰੋਆ, ਡਾ. ਅਜੀਤ ਸਿੰਘ ਜੱਬਲ ਆਦਿ ਸਾਹਿਤਕਾਰ ਮੌਜੂਦ ਸਨ। **ਰਿਪੋਰਟ: ਡਾ. ਜਸਵੰਤ ਰਾਏ (9815825999)**

# ਕਈ ਪੱਛਮੀ ਦੇਸਾਂ ਵਿਚ ਭਾਰਤੀ ਕਰ ਸਕਦੈ ਮੁਫਤ ਪੜ੍ਹਾਈ

**ਦਿੱਲੀ–** ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦਾ ਕ੍ਰੇਜ਼ ਵੱਧ ਰਿਹਾ ਹੈ, ਖਾਸ ਕਰਕੇ ਉੱਚ ਸਿੱਖਿਆ ਲਈ ਬਹੁਤ ਸਾਰੇ ਵਿਦਿਆਰਥੀ ਦੇਸ਼ ਤੋਂ ਬਾਹਰ ਜਾਣਾ ਚਾਹੁੰਦੇ ਹਨ। ਸਭ ਤੋਂ ਵੱਧ ਮੰਗ ਯੂ।ਕੇ।, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਜਾਣ ਦੀ ਹੈ। ਕਿਰਗਿਸਤਾਨ, ਉਜ਼ਬੇਕਿਸਤਾਨ ਅਤੇ ਰੂਸ ਜਾਣ ਵਾਲੇ ਲੋਕ ਵੀ ਘੱਟ ਨਹੀਂ ਹਨ, ਇੱਥੇ ਜਾਣ ਵਾਲੇ ਲੋਕਾਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਕਈ ਵਾਰ ਵਿਦਿਆਰਥੀਆਂ ਦਾ ਵੀਜ਼ਾ ਵੀ ਨਹੀਂ ਮਿਲਦਾ। ਇਸੇ ਲਈ ਵੀਜ਼ੇ ਦੇ ਨਾਂ 'ਤੇ ਉਹ ਠੱਗੀ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਅਤੇ ਮੋਟੀਆਂ ਫੀਸਾਂ ਵੀ ਭਰਦੇ ਹਨ।ਦੁਨੀਆ ਵਿੱਚ ਕੁਝ ਦੇਸ਼ ਅਜਿਹੇ ਹਨ ਜਿੱਥੇ ਭਾਰਤੀ ਵਿਦਿਆਰਥੀਆਂ ਤੋਂ ਪੜ੍ਹਾਈ ਲਈ ਕੋਈ ਫੀਸ ਨਹੀਂ ਲਈ ਜਾਂਦੀ। ਆਓ ਜਾਣਦੇ ਹਾਂ ਉਨ੍ਹਾਂ ਦੇਸ਼ਾਂ ਬਾਰੇ।



**ਨਾਰਵੇ:** ਇੱਕ ਅਜਿਹਾ ਦੇਸ਼ ਹੈ ਜਿਸ ਵਿੱਚ ਪੜ੍ਹਾਈ ਲਈ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ। ਇੱਥੇ ਸਿਰਫ਼ ਭਾਰਤੀ ਹੀ ਨਹੀਂ ਸਗੋਂ ਕਿਸੇ ਹੋਰ ਦੇਸ਼ ਦੇ ਵਿਦਿਆਰਥੀਆਂ ਨੂੰ ਫੀਸ ਨਹੀਂ ਦੇਣੀ ਪੈਂਦੀ। ਖਾਸ ਗੱਲ ਇਹ ਹੈ ਕਿ ਨਾਰਵੇ ਦੀ ਸਰਕਾਰ ਉਚੇਰੀ ਸਿੱਖਿਆ ਲਈ ਸਕਾਲਰਸ਼ਿਪ ਵੀ ਦਿੰਦੀ ਹੈ। ਓਸਲੋ ਯੂਨੀਵਰਸਿਟੀ, ਯੂਨੀਵਰਸਿਟੀ ਅਤੇ ਸਟੈਵੈਂਜਰ ਅਤੇ ਐਨਐਚਐਚ ਸਕੂਲ ਆਫ਼ ਇਕਨਾਮਿਕਸ ਸਮੇਤ ਬਹੁਤ ਸਾਰੀਆਂ ਅਜਿਹੀਆਂ ਸੰਸਥਾਵਾਂ ਹਨ ਜਿੱਥੇ ਹਰ ਵਿਦਿਆਰਥੀ ਪੜ੍ਹਨਾ ਚਾਹੁੰਦਾ ਹੈ।

**ਚੈੱਕ ਗਣਰਾਜ:** ਯੂਰਪ ਦਾ ਦਿਲ ਕਹੇ ਜਾਣ ਵਾਲੇ ਇਸ ਦੇਸ਼ ਵਿੱਚ ਵਿਦਿਆਰਥੀਆਂ ਤੋਂ ਪੜ੍ਹਾਈ ਲਈ ਕੋਈ ਫੀਸ ਨਹੀਂ ਲਈ ਜਾਂਦੀ, ਪਰ ਇਸਦੇ ਲਈ ਇੱਥੋਂ ਦੀ ਸਥਾਨਕ ਭਾਸ਼ਾ ਨੂੰ ਸਮਝਣਾ ਜ਼ਰੂਰੀ ਹੈ। ਚੈੱਕ ਟੈਕਨੀਕਲ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਸੈਡ ਬੋਹੇਮੀਆ ਅਤੇ ਮਾਸਰਿਕ ਯੂਨੀਵਰਸਿਟੀ ਇੱਥੋਂ ਦੀਆਂ ਚੋਟੀ ਦੀਆਂ ਵਿਦਿਅਕ ਸੰਸਥਾਵਾਂ ਚੋਂ ਹਨ।

**ਸਵੀਡਨ:** ਜੇਕਰ ਤੁਸੀਂ ਇਸ ਦੇਸ਼ ਵਿੱਚ ਪੀਐਚਡੀ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਕੋਈ ਫੀਸ ਨਹੀਂ ਦੇਣੀ ਪਵੇਗੀ, ਪਰ ਜੇਕਰ ਤੁਸੀਂ ਇੱਥੇ ਗ੍ਰੈਜੂਏਸ਼ਨ ਲਈ ਜਾਂਦੇ ਹੋ ਤਾਂ ਯੂਨੀਅਨ ਅਤੇ ਸਵਿਟਜ਼ਰਲੈਂਡ ਤੋਂ ਇਲਾਵਾ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਤੋਂ ਬਹੁਤ ਘੱਟ ਟਿਊਸ਼ਨ ਫੀਸ ਲਈ ਜਾਂਦੀ ਹੈ।

**ਫਿਨਲੈਂਡ:** ਇਹ ਇੱਕ ਅਜਿਹਾ ਦੇਸ਼ ਹੈ ਜੋ ਨਾ ਸਿਰਫ ਭਾਰਤੀਆਂ ਨੂੰ ਬਲਕਿ ਦੁਨੀਆ ਦੇ ਸਾਰੇ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦਿੰਦਾ ਹੈ। ਇੱਥੇ ਕੁਝ ਯੂਨੀਵਰਸਿਟੀਆਂ ਵਿਦਿਆਰਥੀ ਤੋਂ ਉਦੋਂ ਹੀ ਟਿਊਸ਼ਨ ਫੀਸ ਲੈਂਦੀਆਂ ਹਨ ਜਦੋਂ ਉਹ ਅੰਗਰੇਜ਼ੀ ਭਾਸ਼ਾ ਵਿੱਚ ਕਲਾਸਾਂ ਲੈਣਾ ਚਾਹੁੰਦਾ ਹੈ। ਡਾਇਕੋਨੀਆ ਯੂਨੀਵਰਸਿਟੀ, ਯੂਨੀਵਰਸਿਟੀ ਆਫ ਇੰਟਰਨਲ ਫਿਨ-ਲੈਂਡ ਸਮੇਤ ਇੱਥੇ ਬਹੁਤ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਹਨ।

**ਸਪੇਨ:** ਆਪਣੇ ਵਿਲੱਖਣ ਸੱਭਿਆਚਾਰ ਲਈ ਦੁਨੀਆ ਭਰ ਵਿੱਚ ਜਾਣਿਆ ਜਾਣ ਵਾਲਾ ਇਹ ਦੇਸ਼ ਵੀ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇਣ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੈ। ਸਪੇਨ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਕੋਈ ਫੀਸ ਨਹੀਂ ਦਿੰਦਾ ਹੈ। ਇਸ ਤੋਂ ਇਲਾਵਾ ਬਾਰਲੀਸੋਨਾ ਯੂਨੀਵਰਸਿਟੀ, ਨਵੇਰਾ ਯੂਨੀਵਰਸਿਟੀ ਸਮੇਤ ਹੋਰ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ।

**ਬ੍ਰਾਜ਼ੀਲ:** ਬ੍ਰਾਜ਼ੀਲ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਵੀ ਇੱਕ ਵਧੀਆ ਬਦਲ ਹੈ, ਇਹ ਦੇਸ਼ ਬਾਹਰੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਵੀ ਪ੍ਰਦਾਨ ਕਰਦਾ ਹੈ, ਪਰ ਇਸਦੇ ਲਈ ਪੁਰਤਗਾਲੀ ਪ੍ਰੀਖਿਆ ਵਿੱਚ ਬੈਠਣਾ ਬਹੁਤ ਜ਼ਰੂਰੀ ਹੈ। ਕੁਝ ਪ੍ਰਾਈਵੇਟ ਯੂਨੀਵਰਸਿਟੀਆਂ ਵਿਦਿਆਰਥੀਆਂ ਤੋਂ ਸਿਰਫ਼ ਰਜਿਸਟ੍ਰੇਸ਼ਨ ਫੀਸ ਵਸੂਲਦੀਆਂ ਹਨ ਜੇਕਰ ਉਹ ਪੁਰਤਗਾਲੀ ਪ੍ਰੀਖਿਆ ਪਾਸ ਕਰਦੇ ਹਨ। ਖਾਸ ਗੱਲ ਇਹ ਹੈ ਕਿ ਇਸ ਦੇਸ਼ 'ਚ ਖਾਣਾ, ਰਹਿਣ-ਸਹਿਣ ਅਤੇ ਆਵਾਜਾਈ ਸਭ ਕੁਝ ਸਸਤੀ ਹੈ।

# ਪੰਜਾਬੀ ਗੱਬਰੂ ਨੂੰ ਇਟਲੀ ਦੇ ਰੇਲਵੇ ਵਿਭਾਗ ਵਿਚ ਮਿਲੀ ਨੌਕਰੀ

**ਰੋਮ–** ਜ਼ਿਲ੍ਹਾ ਜਲੰਧਰ (ਪੰਜਾਬ) ਦੇ ਪਿੰਡ ਲੜੋਈ ਦੇ ਜੰਮਪਲ ਤੇ ਉੱਤਰੀ ਇਟਲੀ ਦੇ ਫਊਮੈਂ ਵੈਨੇਤੋ (ਪੋਰਦੇਨੋਨੇ) ਵਿੱਚ ਰਹਿ ਰਹੇ ਗੁਰਸਿਖ ਪਰਿਵਾਰ ਮਾਤਾ ਸੁਰਜੀਤ ਕੌਰ ਤੇ ਪਿਤਾ ਹਰਮਿਲਾਪ ਸਿੰਘ ਦੇ ਗੁਰਸਿੱਖ ਪੁੱਤਰ ਰੌਬਿਨਜੀਤ ਸਿੰਘ ਨੇ ਤਰੈਂਨੋ ਇਟਾਲੀਆ (ਇਟਲੀ) ਦੇ ਰੇਲਵੇ ਵਿਭਾਗ ਦੂਰਸੰਚਾਰ ਵਿਭਾਗ ਵਿਚ ਆਪਣੀ ਕਾਬਲੀਅਤ ਦੀ ਬਦੌਲਤ ਬੀਤੇ ਦਿਨੀਂ ਸਰਕਾਰੀ ਨੌਕਰੀ ਹਾਸਲ ਕੀਤੀ ਹੈ। ਅੱਜਕਲ੍ਹ ਰੌਬਿਨਜੀਤ ਇਟਲੀ ਦੇ ਊਧਨੇ ਸ਼ਹਿਰ ਦੇ ਮੁੱਖ ਸਟੇਸ਼ਨ 'ਤੇ ਬਤੌਰ ਸਰਕਾਰੀ ਮੁਲਾਜ਼ਮ ਆਪਣੀ ਭੂਮਿਕਾ ਨਿਭਾ ਰਿਹਾ ਹੈ। ਉਸ ਨੇ ਦੱਸਿਆ ਉਹ ਬਚਪਨ ਵਿਚ ਹੀ ਪਰਿਵਾਰ ਨਾਲ ਇਟਲੀ ਆ ਗਿਆ ਸੀ। ਰੌਬਿਨਜੀਤ ਸਿੰਘ ਨੇ ਇਟਲੀ 'ਚ ਵਸਦੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਜ਼ਰੂਰ ਕਰਵਾਉਣ, ਜਿਸ ਨਾਲ ਉਨ੍ਹਾਂ ਦੇ ਬੱਚੇ ਇਸ ਦੇਸ਼ ਵਿੱਚ ਵਧੀਆ ਨੌਕਰੀਆਂ ਹਾਸਲ ਕਰਕੇ ਉਨ੍ਹਾਂ ਦਾ ਤੇ ਪੰਜਾਬੀ ਤੇ ਸਿਖ ਭਾਈਚਾਰੇ ਦਾ ਨਾਂ ਰੌਸ਼ਨ ਕਰ ਸਕਣ।



# ਮਸਤੂਆਣਾ ਸਾਹਿਬ ਵਿਖੇ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਬਣਾਉਣ ਲਈ ਪੱਕਾ ਮੋਰਚਾ ਜਾਰੀ

**ਸੰਗਰੂਰ, (ਦਲਜੀਤ ਕੌਰ)** ਮਸਤੂਆਣਾ ਸਾਹਿਬ ਵਿਖੇ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ ਬਣਾਉਣ ਦੇ ਵੱਡੇ ਪ੍ਰੋਜੈਕਟ ਦੇ ਰਾਹ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਾਹੇ ਜਾ ਰਹੇ ਅੜਿੱਕਿਆਂ ਨੂੰ ਖ਼ਤਮ ਕਰਾਉਣ ਲਈ, ਮਸਤੂਆਣਾ ਸਾਹਿਬ ਦੇ ਬੱਸ ਸਟੈਂਡ 'ਤੇ ਲੱਗੇ ਹੋਏ ਅਣਮਿਥੇ ਸਮੇਂ ਦੇ ਪੱਕੇ ਮੋਰਚੇ ਦੇ 18ਵੇਂ ਦਿਨ ਹਾਜ਼ਰ ਸੰਗਤਾਂ ਅਤੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦਰਸ਼ਨ ਸਿੰਘ ਕੂਨਰਾਂ, ਮੱਖਣ ਸਿੰਘ ਦੁੱਗਾਂ, ਰਾਜਿੰਦਰ ਸਿੰਘ ਲਿੱਦੜਾਂ, ਬਲਦੇਵ ਸਿੰਘ ਬੱਗੂਆਣਾ, ਜਗਤਾਰ ਸਿੰਘ ਦੁੱਗਾਂ, ਬੰਤ ਸਿੰਘ ਚੰਗਾਲ, ਜਸਵੰਤ ਸਿੰਘ ਦੁੱਗਾਂ, ਕਰਨੈਲ ਸਿੰਘ ਜੱਸੇਕਾ ਤੇ ਗੁਰਪਿਆਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਹ ਸੰਘਰਸ਼ ਜਿਉਂ ਜਿਉਂ ਅੱਗੇ ਵਧ ਰਿਹਾ ਹੈ, ਮਸਤੂਆਣਾ ਸਾਹਿਬ ਦੇ ਨੇੜਲੇ 50-60 ਪਿੰਡਾਂ ਦੇ ਲੋਕਾਂ ਦੇ ਮਨਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਖ਼ਿਲਾਫ਼ ਜ਼ੋਰਦਾਰ ਰੋਸ ਪੈਦਾ ਹੁੰਦਾ ਜਾ ਰਿਹਾ ਹੈ। ਜਿਸ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਮਦਰਦਾਂ ਦੀਆਂ ਭਾਜੜਾਂ ਪੈ ਰਹੀਆਂ ਹਨ ਕਿਉਂਕਿ ਉਹ ਮਹਿਸੂਸ ਕਰ ਰਹੇ ਹਨ ਕਿ ਜੇ ਇਹ ਮਸਲਾ ਛੇਤੀ ਹੱਲ ਨਾ ਹੋਇਆ ਤਾਂ ਇਸ ਇਲਾਕੇ ਦੇ ਲੋਕ ਉਨ੍ਹਾਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ। ਬੁਲਾਰਿਆਂ ਨੇ ਕਿਹਾ ਕਿ ਸੁਖਬੀਰ ਬਾਦਲ ਜਿੰਨੀ ਜਲਦੀ ਪੜ੍ਹਿਆ ਵਿਚਾਰ ਲਵੇ ਉਸ ਲਈ ਨਾ ਹੀ ਚੰਗਾ ਹੈ। ਅੱਜ ਦੇ ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਬਲਵੀਰ ਸਿੰਘ ਕੂਨਰਾਂ, ਸਪਿੰਦਰ ਸਿੰਘ ਦੁੱਗਾਂ, ਬਲਵਿੰਦਰ ਸਿੰਘ ਕਾਂਝਲੀ, ਅਵਤਾਰ ਸਿੰਘ ਲਿੱਦੜਾਂ, ਕਾਕੂ ਸਿੰਘ ਖਿੱਲਰੀਆਂ ਆਦਿ ਆਗੂ ਹਾਜ਼ਰ ਸਨ।



# ਓ.ਟੀ.ਟੀ. (OTT) ਪਲੇਟਫਾਰਮ ਕੀ ਹੈ?




ਓ.ਟੀ.ਟੀ. (ਓਵਰ ਦਾ ਟੌਪ-Over-"he-"op) ਕੀ ਹੈ? ਇਸ ਲੇਖ ਵਿੱਚ ਇਸ ਬਾਰੇ ਜਾਣਕਾਰੀ ਦੇਵਾਂਗਾ। ਇੰਟਰਨੈਟ ਨੇ ਸਾਡੀ ਜ਼ਿੰਦਗੀ ਵਿਚ ਕਈ ਬਦਲਾਅ ਲਿਆਂਦੇ ਹਨ। ਇੰਟਰਨੈਟ ਅਤੇ ਹੋਰ ਬਹੁਤ ਸਾਰੀਆਂ ਆਧੁਨਿਕ ਤਕਨੀਕਾਂ ਨੇ ਸਾਡੇ ਬਹੁਤ ਸਾਰੇ ਕੰਮ ਕਰਨ ਦੇ ਤਰੀਕੇ ਨੂੰ ਬਦਲ ਦਿੱਤਾ ਹੈ। ਇਸੇ ਤਰ੍ਹਾਂ ਓ.ਟੀ.ਟੀ. ਨੇ ਮਨੋਰੰਜਨ ਦੇ ਢੰਗ ਨੂੰ ਬਹੁਤ ਬਦਲ ਦਿੱਤਾ ਹੈ। ਅੱਜ ਕੱਲ੍ਹ ਬਹੁਤ ਸਾਰੇ ਓ.ਟੀ.ਟੀ. ਪਲੇਟਫਾਰਮ ਹਨ ਜੋ ਬਹੁਤ ਮਸ਼ਹੂਰ ਹੋ ਰਹੇ ਹਨ ਅਤੇ ਜੋ ਮਨੋਰੰਜਨ ਲਈ ਅੱਜ ਦੀ ਨੌਜਵਾਨ ਪੀੜ੍ਹੀ ਦੀ ਪਹਿਲੀ ਪਸੰਦ ਬਣ ਗਏ ਹਨ। ਓ.ਟੀ.ਟੀ. ਦੀ ਪ੍ਰਸਿੱਧੀ ਦੇ ਕਾਰਨ, ਅੱਜਕੱਲ੍ਹ ਬਹੁਤ ਸਾਰੀਆਂ ਫਿਲਮਾਂ ਸਿਨੇਮਾਘਰਾਂ ਦੀ ਬਜਾਏ ਓ.ਟੀ.ਟੀ. ਐਪਸ ਜਾਂ ਓ.ਟੀ.ਟੀ. ਪਲੇਟਫਾਰਮ 'ਤੇ ਰਿਲੀਜ਼ ਕੀਤੀਆਂ ਜਾ ਰਹੀਆਂ ਹਨ। ਪਰ ਫਿਰ ਵੀ ਜ਼ਿਆਦਾਤਰ ਲੋਕ ਓ.ਟੀ.ਟੀ. ਬਾਰੇ ਬਹੁਤ ਘੱਟ ਜਾਣਦੇ ਹਨ ਜਾਂ ਬਹੁਤ ਸਾਰੇ ਲੋਕ ਨਹੀਂ ਜਾਣਦੇ ਕਿ ਓ.ਟੀ.ਟੀ. ਕੀ ਹੈ। ਤਾਂ ਆਓ ਸ਼ੁਰੂ ਤੋਂ ਜਾਣਦੇ ਹਾਂ ਕਿ ਇਹ ਓ.ਟੀ.ਟੀ. ਕੀ ਹੈ ਅਤੇ ਓ.ਟੀ.ਟੀ. ਐਪਸ ਦਾ ਕੀ ਅਰਥ ਹੈ। ਓ.ਟੀ.ਟੀ. ਦਾ ਪੂਰਾ ਨਾਂਅ ਹੈ 'ਓਵਰ-ਦਾ-ਟੌਪ' ਹੈ। ਓ.ਟੀ.ਟੀ. ਨੂੰ ਇੱਕ ਪਲੇਟਫਾਰਮ ਕਿਹਾ ਜਾਂਦਾ ਹੈ ਜੋ ਇੰਟਰਨੈਟ ਰਾਹੀਂ ਵੀਡੀਓ ਜਾਂ ਹੋਰ ਮੀਡੀਆ ਸਮੱਗਰੀ ਪ੍ਰਦਾਨ ਕਰਦਾ ਹੈ। ਓ.ਟੀ.ਟੀ. ਸ਼ਬਦ ਆਮ ਤੌਰ 'ਤੇ ਵੀਡੀਓ ਆਨ ਡਿਮਾਂਡ ਪਲੇਟਫਾਰਮਾਂ ਲਈ ਵਰਤਿਆ ਜਾਂਦਾ ਹੈ, ਇਸ ਤੋਂ ਇਲਾਵਾ ਆਡੀਓ ਸਟਰੀਮਿੰਗ, ਓ.ਟੀ.ਟੀ. ਡਿਵਾਈਸਾਂ, ਓ.ਟੀ.ਟੀ. ਕਾਲ, ਸੰਚਾਰ ਚੈਨਲ ਮੈਸੇਜਿੰਗ ਆਦਿ ਨੂੰ ਵੀ ਇਸ ਵਿੱਚ ਗਿਣਿਆ ਜਾਂਦਾ ਹੈ।

ਓ.ਟੀ.ਟੀ. ਸਮੱਗਰੀ ਲੋਕਾਂ ਨੂੰ ਇੰਟਰਨੈਟ ਰਾਹੀਂ ਉਪਲਬਧ ਕਰਵਾਈ ਜਾਂਦੀ ਹੈ। ਵੀਡੀਓ ਸਟਰੀਮਿੰਗ ਸੇਵਾ ਪੂਰੀ ਦੁਨੀਆ ਵਿੱਚ ਤੇਜ਼ੀ ਨਾਲ ਵਧ ਰਹੀ ਹੈ। ਓ.ਟੀ.ਟੀ. ਪਲੇਟਫਾਰਮ ਅਮਰੀਕਾ ਵਿੱਚ ਬਹੁਤ ਮਸ਼ਹੂਰ ਹੈ ਅਤੇ ਹਾਲ ਹੀ ਵਿੱਚ, ਓ.ਟੀ.ਟੀ. ਸੇਵਾ ਭਾਰਤ ਵਿੱਚ ਵੀ ਪ੍ਰਸਿੱਧੀ ਵਿੱਚ ਵੱਧ ਰਹੀ ਹੈ। ਮਾਹਿਰਾਂ ਦੇ ਅਨੁਸਾਰ, ਆਉਣ ਵਾਲੇ ਸਮੇਂ ਵਿੱਚ ਮਨੋਰੰਜਨ ਲਈ ਓ.ਟੀ.ਟੀ. ਸਮੱਗਰੀ ਨੂੰ ਸਭ ਤੋਂ ਵੱਧ ਦੇਖਿਆ ਜਾ ਸਕਦਾ ਹੈ।

### ਓ.ਟੀ.ਟੀ. ਐਪ ਕੀ ਹੈ?

ਓ.ਟੀ.ਟੀ. ਸਮੱਗਰੀ ਜਿਵੇਂ ਕਿ ਵੈੱਬ ਸੀਰੀਜ਼, ਫਿਲਮਾਂ ਆਦਿ ਨੂੰ ਓ.ਟੀ.ਟੀ. ਐਪਸ 'ਤੇ ਦੇਖਿਆ ਜਾ ਸਕਦਾ ਹੈ। ਫਿਲਮ ਜਾਂ ਟੈਲੀਵਿਜ਼ਨ ਸਮੱਗਰੀ ਇੰਟਰਨੈਟ ਅਤੇ ਓ.ਟੀ.ਟੀ. ਐਪਾਂ ਰਾਹੀਂ ਉਪਲਬਧ ਕਰਵਾਈ ਜਾਂਦੀ ਹੈ, ਜੋ ਗਾਹਕਾਂ ਲਈ ਮੰਗ 'ਤੇ ਉਪਲਬਧ ਹੁੰਦੀ ਹੈ ਜਾਂ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਤਿਆਰ ਕੀਤੀ ਜਾਂਦੀ ਹੈ।

ਅੱਜ ਕੱਲ੍ਹ ਬਹੁਤ ਸਾਰੇ ਓ.ਟੀ.ਟੀ. ਐਪਸ ਜਾਂ ਓਟੀਟੀ ਪਲੇਟਫਾਰਮ ਉਪਲਬਧ ਹਨ ਅਤੇ ਇਹਨਾਂ ਵਿੱਚੋਂ ਬਹੁਤ ਸਾਰੇ ਪਲੇਟਫਾਰਮ ਆਪਣੀ ਵੈੱਬ ਸੀਰੀਜ਼ ਲਈ ਜਾਣੇ ਜਾਂਦੇ ਹਨ। ਵੈੱਬ ਸੀਰੀਜ਼ ਦੇ ਕਾਰਨ ਕਈ ਓਟੀਟੀ ਐਪਸ ਦੀ ਪ੍ਰਸਿੱਧੀ ਤੇਜ਼ੀ ਨਾਲ ਵਧੀ ਹੈ। ਐਪਾਂ ਦੀਆਂ ਉਦਾਹਰਨਾਂ ਵਿਚ Netfilx, Amazon Pirme, Hotstar ਆਦਿ ਹਨ। ਇੰਟਰਨੈਟ ਦੇ ਉਭਾਰ ਦੇ ਨਾਲ, ਨੈੱਟਫਲਿਕਸ ਵਰਗੀਆਂ ਕੰਪਨੀਆਂ ਨੇ ਬਹੁਤ ਸਾਰੇ ਲੋਕਾਂ ਦੇ ਮਨੋਰੰਜਨ ਦੇ ਤਰੀਕੇ ਨੂੰ ਬਦਲ ਦਿੱਤਾ ਹੈ। Netfilx Amazon Pirme ਅੱਜ ਸਭ ਤੋਂ ਵੱਧ ਪ੍ਰਸਿੱਧ ਹਨ।

### ਓਵਰ-ਦ-ਟੌਪ ਓ.ਟੀ.ਟੀ. ਸੇਵਾ ਦੇ ਫਾਇਦੇ

ਆਮ ਤੌਰ 'ਤੇ ਸਾਨੂੰ ਆਪਣੇ ਮਨਪਸੰਦ ਪ੍ਰੋਗਰਾਮਾਂ ਜਾਂ ਫਿਲਮਾਂ ਨੂੰ ਦੇਖਣ ਲਈ ਇੱਕ ਕੇਬਲ ਟੀਵੀ ਕਨੈਕਸ਼ਨ ਜਾਂ ਡੀਟੀਐਚ ਕਨੈਕਸ਼ਨ ਦੀ ਲੋੜ ਹੁੰਦੀ ਹੈ, ਪਰ ਅੱਜਕੱਲ੍ਹ ਇੱਕ ਉਪਭੋਗਤਾ ਨੂੰ ਓ.ਟੀ.ਟੀ. ਸਮੱਗਰੀ ਦੇਖਣ ਲਈ ਸਿਰਫ਼ ਇੰਟਰਨੈਟ ਕਨੈਕਟੀਵਿਟੀ ਅਤੇ ਇੱਕ ਹਾਰਡਵੇਅਰ ਡਿਵਾਈਸ ਦੀ ਲੋੜ ਹੁੰਦੀ ਹੈ। ਤੁਸੀਂ ਓ.ਟੀ.ਟੀ. ਪਲੇਟਫਾਰਮ 'ਤੇ ਅਜਿਹੀ ਅਸਲੀ ਸਮੱਗਰੀ, ਵੈੱਬ ਸੀਰੀਜ਼, ਡਾਕੂਮੈਂਟਰੀ ਆਦਿ ਦੇਖ ਸਕਦੇ ਹੋ, ਜੋ ਕਿ ਕਿਸੇ ਹੋਰ ਪਲੇਟਫਾਰਮ 'ਤੇ ਉਪਲਬਧ ਨਹੀਂ ਹਨ।

ਪਿਛਲੇ ਕੁਝ ਸਾਲਾਂ ਵਿੱਚ, ਓ.ਟੀ.ਟੀ. ਲਈ ਵਿਸ਼ੇਸ਼ ਪ੍ਰੋਗਰਾਮ ਬਣ ਰਹੇ ਹਨ। ਓਵਰ-ਦ-ਟੌਪ (ਓ.ਟੀ.ਟੀ.) ਤਕਨਾਲੋਜੀ ਗਾਹਕਾਂ ਲਈ ਬਹੁਤ ਸੁਵਿਧਾਜਨਕ ਹੈ। ਲੋਕ ਆਪਣੇ ਹਿਸਾਬ ਨਾਲ ਵੱਖ-ਵੱਖ ਤਰ੍ਹਾਂ ਦੇ ਓ.ਟੀ.ਟੀ. ਐਪਸ ਦੀ ਵਰਤੋਂ ਕਰ ਸਕਦੇ ਹਨ। ਓ.ਟੀ.ਟੀ. ਰਾਹੀਂ, ਤੁਹਾਡੀ ਪਸੰਦ ਦੀ ਕੋਈ ਵੀ ਸਮੱਗਰੀ ਕਿਤੇ ਵੀ ਵੇਖੀ ਜਾ ਸਕਦੀ ਹੈ।

ਪਹਿਲੇ ਸਮਿਆਂ ਵਿੱਚ ਮਨੋਰੰਜਨ ਲਈ ਟੈਲੀਵਿਜ਼ਨ ਦੀ ਲੋੜ ਸੀ, ਟੀ ਵੀ ਚੈਨਲਾਂ ਦੇ ਪ੍ਰੋਗਰਾਮਾਂ ਲਈ ਪ੍ਰਚਲਿਤ ਟੈਲੀਵਿਜ਼ਨ ਜ਼ਰੂਰੀ ਸੀ। ਪਰ ਅੱਜ, ਓ.ਟੀ.ਟੀ. ਰਾਹੀਂ, ਸਮਗਰੀ ਨੂੰ ਸਮਾਰਟ ਟੀਵੀ, ਸਮਾਰਟਫ਼ੋਨ, ਟੈਬਲੇਟ ਆਦਿ ਵਰਗੇ ਵੱਖ-ਵੱਖ ਕਿਸਮਾਂ ਦੇ ਡਿਵਾਈਸਾਂ 'ਤੇ ਦੇਖਿਆ ਜਾ ਸਕਦਾ ਹੈ।

ਓ.ਟੀ.ਟੀ. ਐਪਸ ਮੋਬਾਈਲ ਫੋਨ ਡਿਵਾਈਸਾਂ ਜਾਂ ਸਮਾਰਟਫ਼ੋਨਾਂ, ਟੈਬਲੇਟਾਂ ਲਈ ਉਪਲਬਧ ਹਨ, ਜਿਨ੍ਹਾਂ ਨੂੰ ਐਪ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਸਮਾਰਟ ਟੀਵੀ ਮਾਰਕੀਟ ਵਿੱਚ ਆ ਚੁੱਕੇ ਹਨ ਅਤੇ ਉਹਨਾਂ ਵਿੱਚ ਓ.ਟੀ.ਟੀ. ਐਪ ਨੂੰ ਵੀ ਸਪੋਰਟ ਕੀਤਾ ਜਾ ਰਿਹਾ ਹੈ। ਓ।ਟੀ.ਟੀ. ਸੇਵਾ ਕੰਪਿਊਟਰ ਜਾਂ ਲੈਪਟਾਪ ਲਈ ਵੀ ਆਸਾਨੀ ਨਾਲ ਉਪਲਬਧ ਹੈ।

ਇਸ ਤੋਂ ਇਲਾਵਾ, ਓ.ਟੀ.ਟੀ. ਸਮੱਗਰੀ ਨੂੰ ਡਿਜੀਟਲ ਮੀਡੀਆ ਪਲੇਅਰਸ ਅਤੇ ਸਟਰੀਮਿੰਗ ਡਿਵਾਈਸਾਂ ਜਿਵੇਂ ਕਿ Chromecast, Amazon iFre Sitcks, Apple TV ਰਾਹੀਂ ਵੀ ਦੇਖਿਆ ਜਾ ਸਕਦਾ ਹੈ।

ਇਨ੍ਹਾਂ ਤੋਂ ਇਲਾਵਾ ਕਈ ਨਵੇਂ ਪਲੇਟਫਾਰਮ ਆ ਰਹੇ ਹਨ, ਜੋ ਲੋਕਾਂ ਨੂੰ ਉਨ੍ਹਾਂ ਦੀ ਅਸਲੀ ਸਮੱਗਰੀ ਅਤੇ ਵੈੱਬ ਸੀਰੀਜ਼ ਦੇਖਣ ਦੀ ਸਹੂਲਤ ਦੇ ਰਹੇ ਹਨ। ਦੁਨੀਆ ਭਰ ਦੀਆਂ ਕਈ ਵੱਡੀਆਂ ਕੰਪਨੀਆਂ ਓ.ਟੀ.ਟੀ. ਵੱਲ ਵਧ ਰਹੀਆਂ ਹਨ।

## ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦਾ ਸਲਾਨਾ ਇਜਲਾਸ ਅਤੇ ਨਵੀਂ ਕਮੇਟੀ ਦੀ ਹੋਈ ਚੋਣ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**-ਬੀਤੇ ਕੱਲ੍ਹ 'ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ' ਹੇਸਟਿੰਗਜ਼ ਦਾ ਸਲਾਨਾ ਇਜਲਾਸ ਅਹੁਦੇਦਾਰਾਂ ਦੀ ਹਾਜ਼ਰੀ ਵਿਚ ਕੀਤਾ ਗਿਆ। ਪਿਛਲੇ ਸਾਲ ਦਾ ਲੇਖਾ-ਜੋਖਾ ਕੀਤਾ ਗਿਆ, ਜਿਸ ਉਤੇ ਤਸੱਲੀ ਪ੍ਰਗਟ ਕੀਤੀ ਗਈ। ਹੁਣ ਤੱਕ ਕੀਤੇ ਗਏ ਖੇਡ ਮੁਕਾਬਲਿਆਂ ਅਤੇ ਹੋਰ ਕਾਰਜਾਂ ਉਤੇ ਇਕ ਦੂਜੇ ਦੀ ਪ੍ਰਤੀਕ੍ਰਿਆ ਸਾਂਝੀ ਕੀਤੀ ਗਈ ਅਤੇ ਆਉਣ ਵਾਲੇ ਕਾਰਜਾਂ ਦੀ ਰੂਪ ਰੇਖਾ ਬਾਰੇ ਵਿਚਾਰ ਚਰਚਾ ਹੋਈ। ਇਹ ਫੈਸਲਾ ਵੀ ਹੋਇਆ ਕਿ ਅਗਲੇ ਸਾਲ ਗਰਮੀਆਂ ਦੇ ਵਿਚ 'ਹਾਕਸ ਬੇਅ ਹਾਕੀ ਲੀਗ' ਕਰਵਾਈ ਜਾਵੇਗੀ। ਇਸ ਉਪਰੰਤ ਪੁਰਾਣੀ ਕਮੇਟੀ ਨੂੰ ਖਾਰਜ ਕਰਕੇ ਨਵੀਂ ਕਮੇਟੀ ਦੀ ਚੋਣ ਸਰਬ ਸੰਮਤੀ ਦੇ ਨਾਲ ਕੀਤੀ ਗਈ। ਜਿਸ ਦੇ ਵਿਚ ਸ। ਬੂਟਾ ਸਿੰਘ ਨੂੰ ਪ੍ਰਧਾਨ, ਸ। ਪਰਮਜੀਤ ਸਿੰਘ ਪੰਮੀ ਉਪ-ਪ੍ਰਧਾਨ, ਸ। ਬਲਜੀਤ ਸਿੰਘ ਸਕੱਤਰ, ਸ। ਜਸਵੀਰ ਸਿੰਘ ਸੋਹਲ ਉਪ ਸਕੱਤਰ, ਸ। ਰਣਜੀਤ ਸਿੰਘ ਜੀਤਾ ਖਜ਼ਾਨਚੀ, ਸ। ਗੁਰਿੰਦਰ ਸਿੰਘ ਉਪ-ਖਜ਼ਾਨਚੀ, ਮੀਡੀਆ ਤਾਲਮੇਲ ਸਕੱਤਰ ਇੰਦਰਜੀਤ ਸਿੰਘ ਲਾਡੀ ਨੂੰ ਚੁਣਿਆ ਗਿਆ। ਹਾਕੀ ਟੂਰਨਾਮੈਂਟ ਦੀ ਦੇਖ-ਰੇਖ ਲਈ ਸ। ਰਣਜੀਤ ਸਿੰਘ ਜੀਤਾ, ਜਸਵੀਰ ਸਿੰਘ ਸੋਹਲ ਤੇ ਸਹਾਇਕ ਮੈਂਬਰ ਸ। ਹਰਵਿੰਦਰ ਸਿੰਘ ਸੰਘਾ ਅਤੇ ਜਸਵਿੰਦਰ ਸਿੰਘ ਜੱਸੀ ਲਗਾਏ ਗਏ। ਇਸ ਤੋਂ ਇਲਾਵਾ ਕਬੱਡੀ ਅਤੇ ਕ੍ਰਿਕਟ ਟੂਰਨਾਮੈਂਟ ਸਬੰਧੀ ਵੀ ਜਲਦੀ ਹੀ ਮੀਡੀਆ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਸੋ ਲਗਦਾ ਹੈ ਹੇਸਟਿੰਗਜ਼ ਵਿਖੇ ਭਾਵੇਂ ਠੰਡਾ ਮੌਸਮ ਚੱਲ ਰਿਹਾ ਹੈ, ਪਰ 'ਪੰਜਾਬ ਸਪੋਰਟਸ ਕਲੱਬ' ਵਾਲੇ ਬੱਚਿਆਂ ਦੀ ਹਾਕੀ ਲੀਗ ਨੂੰ ਲੈ ਕੇ ਹੁਣ ਤੋਂ 'ਵਾਰਮ ਅੱਪ' ਹੋਣਾ ਸ਼ੁਰੂ ਹੋ ਗਏ ਹਨ।







# ਗਿਆਨੀ ਰਘਬੀਰ ਸਿੰਘ ਬਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ

**ਜਲੰਧਰ ਤੋਂ ਜੇ ਸਿੰਘ 'ਭਡਿਆਰ'**

ਪਿਛਲੇ ਕੁਝ ਦਿਨਾਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਦੀ ਚਰਚਾ ਚੱਲ ਰਹੀ ਸੀ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾ ਕੇ ਗਿਆਨੀ ਰਘਬੀਰ ਸਿੰਘ ਨੂੰ ਜਥੇਦਾਰੀ ਸੌਂਪ ਦਿੱਤੀ ਹੈ। ਗਿਆਨੀ ਹਰਪ੍ਰੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਹਨ ਅਤੇ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵਾਧੂ ਚਾਰਜ ਸੰਭਾਲ ਰਹੇ ਸਨ। ਸ੍ਰੀ ਅਕਾਲ ਤਖਤ ਸਾਹਿਬ ਦੇ ਨਵ ਨਿਯੁਕਤ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਪੰਥ ਵੱਲੋਂ ਸੌਂਪੀਆਂ ਗਈਆਂ ਸੇਵਾਵਾਂ ਸਤਿਗੁਰੂ ਦੀ ਕਿਰਪਾ ਨਾਲ ਚੜ੍ਹਦੀਕਲਾ ਨਾਲ ਨਿਭਾਵਾਂਗੇ। ਉਨ੍ਹਾਂ ਕਿਹਾ ਕਿ ਸੇਵਾਵਾਂ ਸਾਰੀਆਂ ਹੀ ਵੱਡੀਆਂ ਹੁੰਦੀਆਂ ਹਨ, ਪਰ ਇਕ ਸ਼੍ਰੋਮਣੀ ਤਖਤ ਹੋਣ ਕਾਰਨ ਅਕਾਲ ਤਖਤ ਸਾਹਿਬ ਦੀ ਸੇਵਾ ਇਕ ਜ਼ਿੰਮੇਵਾਰੀ ਵਾਲੀ ਸੇਵਾ ਹੈ ਤੇ ਜੋ ਵਿਸ਼ਵਾਸ ਪੰਥ ਵੱਲੋਂ ਉਨ੍ਹਾਂ ਉਤੇ ਜਤਾਇਆ ਗਿਆ ਹੈ ਤੇ ਉਸ ਨੂੰ ਪੂਰਾ ਨਿਭਾਉਣ ਦਾ ਯਤਨ ਕੀਤਾ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਸਿੰਘ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲਣ ਸਬੰਧੀ 22 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਵੇਰੇ 10 ਵਜੇ ਸਮਾਗਮ ਰੱਖਿਆ ਗਿਆ ਹੈ, ਜਿਸ ਵਿਚ ਸਮੂਹ ਪੰਥਕ ਜਥੇਬੰਦੀਆਂ, ਨਿਹੰਗ ਸਿੰਘ ਦਲਾਂ, ਸਿੱਖ ਸੰਪਰਦਾਵਾਂ, ਗੁਰਮਤਿ ਟਕਸਾਲਾਂ, ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਸਣੇ ਪੰਥਕ ਆਗੂ, ਸੰਤ-ਮਹਾਪੁਰਸ਼ ਤੇ ਸੰਗਤਾਂ ਸ਼ਾਮਿਲ ਹੋਣਗੀਆਂ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਸਵੈਇੱਛਾ ਅਨੁਸਾਰ ਤਖ਼ਤ ਸ੍ਰੀ ਅਕਾਲ ਤਖਤ ਸਾਹਿਬ ਦਾ ਚਾਰਜ ਛੱਡਣ ਦਾ ਨੋਟਿਸ ਦੇ ਕੇ ਕੀਰਤੀਮਾਣ ਸਥਾਪਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਥ ਦੀ ਮੰਗ ਤੇ ਗਿਆਨੀ ਹਰਪ੍ਰੀਤ ਸਿੰਘ ਦੇ ਨੋਟਿਸ ਮਗਰੋਂ ਗਿਆਨੀ ਰਘਬੀਰ ਸਿੰਘ, ਜੋ ਕਿ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਹਨ, ਉਨ੍ਹਾ ਨੂੰ ਸ੍ਰੀ ਅਕਾਲ ਤਖਤ ਸਾਹੀਬ ਦੇ ਪੱਕੇ ਤੌਰ ਉਤੇ ਜਥੇਦਾਰ ਨਿਯੁਕਤ ਕੀਤਾ ਗਿਆ ਹੈ।

ਅੰਤ੍ਰਿੰਗ ਕਮੇਟੀ ਦੇ ਹਲਕਾ ਲੌਂਗੋਵਾਲ ਤੋਂ ਮੈਂਬਰ ਜਥੇਦਾਰ ਮਲਕੀਤ ਸਿੰਘ ਚੰਗਾਲ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾਵਾਂ ਖ਼ਤਮ ਕਰਨਾ ਬੇਹੱਦ ਮੰਦਭਾਗਾ ਹੈ ਤੇ ਇਸ ਦਾ ਸਿੱਖ ਸੰਗਤ ਵਿਚ ਅਤੇ ਅਕਾਲ ਤਖ਼ਤ ਦੇ ਜਥੇਦਾਰ ਦੀ ਸਤਿਕਾਰਤ ਪਦਵੀ 'ਤੇ ਗਹਿਰਾ ਪ੍ਰਭਾਵ ਪਵੇਗਾ। ਜਥੇਦਾਰ ਚੰਗਾਲ ਨੇ ਕਿਹਾ ਕਿ ਉਨ੍ਹਾਂ ਇਸ ਇਕੱਤਰਤਾ ਵਿਚ ਇਹ ਲਿਖ਼ਤੀ ਵਿਰੋਧ ਦਰਜ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਨਵ ਨਿਯੁਕਤ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਕੋਈ ਨਿੱਜੀ ਵਿਰੋਧ ਨਹੀਂ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦੇ ਪੈਮਾਨੇ ਤੇ ਇਸਦੀ ਚੋਣ ਲਈ ਕੀ ਪੈਮਾਨੇ ਤੇ ਪ੍ਰਕਿਰਿਆ ਹੈ, ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਨਿਯੁਕਤ ਕਰਨ ਲਈ ਨਾ ਕੋਈ ਸਲਾਹ ਲਈ ਗਈ, ਨਾ ਕੋਈ ਕਮੇਟੀ ਬਣਾਈ ਗਈ, ਜੋ ਆਉਣ ਵਾਲੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਬੋਰਡ 'ਤੇ ਸਵਾਲੀਆ ਚਿੰਨ੍ਹ ਰਹੇਗੀ।

ਇੱਥੇ ਦੱਸ ਦੇਈਏ ਅਕਾਲੀ ਦਲ ਪਿਛਲੇ ਕਾਫੀ ਸਮੇਂ ਤੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਲੈ ਕੇ ਨਾਰਾਜ਼ ਸੀ। ਸਭ ਤੋਂ ਵੱਧ ਨਾਰਾਜ਼ਗੀ ਉਨ੍ਹਾਂ ਦੀ ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਦੀ ਮੰਗਣੀ 'ਤੇ ਜਾਣ ਨੂੰ ਲੈ ਕੇ ਸੀ। ਇਸ ਤੋਂ ਇਲਾਵਾ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੰਥ ਨੂੰ ਛੱਡ ਕੇ ਸਿਆਸੀ ਹਿੱਤਾਂ ਵੱਲ ਅਕਾਲੀ ਦਲ ਦੇ ਝੁਕਾਅ 'ਤੇ ਲਗਾਤਾਰ ਸਵਾਲ ਉਠਾਏ ਜਾ ਰਹੇ ਸਨ। ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਖੁਦ ਇਹ ਅਹੁਦਾ ਛੱਡ ਚੁੱਕੇ ਹਨ। ਇਸ ਫੈਸਲੇ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦਾ ਚਾਰਜ ਛੱਡ ਦਿੱਤਾ ਹੈ। ਇਸ ਮੀਟਿੰਗ ਵਿੱਚ ਲਏ ਗਏ ਫੈਸਲੇ ਤੋਂ ਬਾਅਦ ਹੁਣ ਗਿਆਨੀ ਹਰਪ੍ਰੀਤ ਸਿੰਘ ਕੋਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵਾਧੂ ਚਾਰਜ ਨਹੀਂ ਰਿਹਾ ਹੈ। ਗਿਆਨੀ ਹਰਪ੍ਰੀਤ ਸਿੰਘ ਹੁਣ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਰਹਿਣਗੇ।



**ਜਾਣੋਂ ਨਵੇਂ ਥਾਪੇ ਗਏ ਜਥੇਦਾਰ ਗਿਆਨੀ ਰਘਬੀਰ ਸਿੰਘ ਬਾਰੇ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਅੰਤ੍ਰਿੰਗ ਕਮੇਟੀ ਦੀ ਉਚੇਚੀ ਇਕੱਤਰਤਾ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾਅ ਰਹੇ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਵਾਂ ਜਥੇਦਾਰ ਨਿਯੁਕਤ ਕੀਤਾ ਗਿਆ । ਇਸ ਦੇ ਨਾਲ ਹੀ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਵੀ ਸੇਵਾ ਨਿਭਾਉਣਗੇ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਲਗਾਉਣ ਦਾ ਵੀ ਫੈਸਲਾ ਲਿਆ ਗਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਗਏ ਗਿਆਨੀ ਰਘਬੀਰ ਸਿੰਘ ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡ ਦੇ ਰਹਿਣ ਵਾਲੇ ਹਨ। ਗਿਆਨੀ ਰਘਬੀਰ ਸਿੰਘ ਦਾ ਜਨਮ ਪਿਤਾ ਬਚਨ ਸਿੰਘ ਅਤੇ ਮਾਤਾ ਸਵਿੰਦਰ ਕੌਰ ਦੇ ਘਰ 29 ਮਾਰਚ 1970 ਨੂੰ ਹੋਇਆ। ਘਰ ਵਿੱਚ ਸ਼ੁਰੂ ਤੋਂ ਹੀ ਧਾਰਮਿਕ ਮਾਹੌਲ ਹੋਣ ਕਰਕੇ ਰਘਬੀਰ ਸਿੰਘ ਵੀ ਇਸ ਮਾਹੌਲ 'ਚ ਢੱਲਦੇ ਚਲੇ ਗਏ। ਉਨ੍ਹਾਂ ਦਾ ਰੁਝਾਨ ਪ੍ਰਮਾਤਮਾ ਦੀ ਭਗਤੀ ਵੱਲ ਵੱਧਦਾ ਚਲਾ ਗਿਆ। ਉਮਰ ਹੋਣ ਉੱਤੇ ਪਰਿਵਾਰ ਨੇ ਉਨ੍ਹਾਂ ਦਾ ਵਿਆਹ ਕੀਤਾ, ਜਿਸ ਤੋਂ ਉਨ੍ਹਾਂ ਦੇ ਘਰ 2 ਬੇਟੀਆਂ ਅਤੇ ਇੱਕ ਬੇਟਾ ਪੈਦਾ ਹੋਇਆ।

ਗਿਆਨੀ ਰਘਬੀਰ ਸਿੰਘ ਨੇ ਸਾਲ 1989 ਵਿੱਚ ਆਪਣੀ ਧਾਰਮਿਕ ਜ਼ਿੰਮੇਦਾਰੀਆਂ ਦੀ ਸ਼ੁਰੂਆਤ ਕੀਤੀ। ਸਭ ਤੋਂ ਪਹਿਲਾਂ ਉਹ ਅਖੰਡ ਪਾਠੀ ਦੇ ਤੌਰ ਉੱਤੇ ਭਰਤੀ ਹੋਏ। ਜਿਸ ਤੋਂ ਬਾਅਦ 1982 ਵਿੱਚ ਉਨ੍ਹਾਂ ਨੂੰ ਗ੍ਰੰਥੀ ਸਿੰਘ ਦੀ ਜ਼ਿੰਮੇਦਾਰੀ ਸੌਂਪੀ ਗਈ। ਸਾਲ 1992 ਤੋਂ 1995 ਤੱਕ ਉਨ੍ਹਾਂ ਨੇ ਵੱਖ-ਵੱਖ ਧਾਰਮਿਕ ਅਸਥਾਨਾਂ 'ਤੇ ਗ੍ਰੰਥੀ ਸਿੰਘ ਵੱਜੋਂ ਸੇਵਾਵਾਂ ਨਿਭਾਈਆਂ। ਜਿਸ ਤੋਂ ਬਾਅਦ ਉਨ੍ਹਾਂ ਨੇ ਸਾਲ 1995 ਵਿੱਚ ਪੰਜ ਪਿਆਰਿਆਂ 'ਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੇਵਾ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੀ ਇਹ ਸੇਵਾ 21 ਅਪ੍ਰੈਲ 2014 ਤੱਕ ਜਾਰੀ ਰਹੀ। ।

ਇਸੇ ਦੌਰਾਨ 21 ਅਪ੍ਰੈਲ 2014 ਨੂੰ ਰਘਬੀਰ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਵਜੋਂ ਨਿਯੁਕਤ ਹੋਏ ਅਤੇ 24 ਅਗਸਤ 2017 ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਸੇਵਾ ਸੰਭਾਲੀ। ਗਿਆਨੀ ਰਘਬੀਰ ਸਿੰਘ ਨੂੰ ਅੱਜ 16 ਜੂਨ 2023 ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਲਗਾਉਣ ਦਾ ਫੈਸਲਾ ਕੀਤਾ ਗਿਆ।

## ਗਿਆਨੀ ਹਰਪ੍ਰੀਤ ਸਿੰਘ ਦੇ ਮਹੱਤਵਪੂਰਨ ਬਿਆਨ

ਇਸ ਸਾਲ 27 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਹੋਏ ਪੰਥਕ ਇਕੱਠ ਦੌਰਾਨ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦਿੱਤਾ ਸੀ, ਕਿ ਉਹ ਪੰਜਾਬ ਵਿੱਚ ਪਿਛਲੇ ਦਿਨੀਂ ਗ੍ਰਿਫ਼ਤਾਰ ਬੇਕਸੂਰ ਨੌਜਵਾਨਾਂ ਨੂੰ ਰਿਹਾਅ ਕਰੇ।ਉਸ ਸਮੇਂ ਪੰਜਾਬ ਵਿੱਚ ਅਮ੍ਰਿਤਪਾਲ ਸਿੰਘ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਸੈਂਕੜੇ ਕਾਰਕੁਨਾਂ ਖ਼ਿਲਾਫ਼ ਪੁਲਿਸ ਕਾਰਵਾਈ ਚੱਲ ਰਹੀ ਸੀ। ਜਥੇਦਾਰ ਦੇ ਇਸ ਬਿਆਨ ਦਾ ਦੇਸਾਂ ਵਿਦੇਸ਼ਾਂ ਵਿਚ ਸਵਾਗਤ ਹੋਇਆ ਸੀ।

ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ, ਜਥੇਦਾਰ ਨੇ ਕਿਹਾ ਸੀ : "ਸਾਰੇ ਸਿੱਖ ਖਾਲਿਸਤਾਨ ਚਾਹੁੰਦੇ ਹਨ। ਜੇਕਰ ਭਾਰਤ ਸਰਕਾਰ ਦਿੰਦੀ ਹੈ ਤਾਂ ਅਸੀਂ ਲੈ ਲਵਾਂਗੇ। ਅਸੀਂ ਹੋਰ ਕੀ ਮੰਗ ਸਕਦੇ ਹਾਂ?

ਗਿਆਨੀ ਹਰਪ੍ਰੀਤ ਸਿੰਘ ਨੇ ਐਨਆਰਸੀ ਅਤੇ ਸੀਏਏ ਖਿਲਾਫ਼ ਵਿਰੋਧ ਕਰ ਰਹੇ ਮੁਸਲਮਾਨਾਂ ਦੇ ਸੰਘਰਸ਼ ਦਾ ਸਮਰਥਨ ਕੀਤਾ ਸੀ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ, "ਪੰਜਾਬ ਦੇ ਸਿੱਖਾਂ ਅਤੇ ਹਿੰਦੂਆਂ ਨੂੰ ਗੁੰਮਰਾਹ ਕਰਕੇ ਈਸਾਈ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਇਹ ਸਭ ਸਰਕਾਰ ਦੀ ਨੱਕ ਥੱਲੇ ਹੋ ਰਿਹਾ ਹੈ।"

ਸਿੰਘ ਸਾਹਿਬ ਹਰਪ੍ਰੀਤ ਸਿੰਘ ਨੇ ਕਿਹਾ ਸੀ, "ਪੰਜਾਬ ਵਿੱਚ 625 ਸੈਂਟਰ ਖੁੱਲ ਚੁੱਕੇ ਹਨ ਜਿੱਥੇ ਟੈਸਟ ਟਿਊਬ ਰਾਹੀਂ ਬੱਚਿਆਂ ਦੇ ਜਨਮ ਹੋ ਰਹੇ ਹਨ। ਗੈਰ-ਪੰਜਾਬੀਆਂ ਦਾ ਸੀਮਨ ਆ ਰਿਹਾ ਹੈ।।।ਇਹ ਸੋਚਣ ਵਾਲੀ ਗੱ.ਲ ਹੈ ਕਿ ਸਾਡੀਆਂ ਫਸਲਾਂ ਤੇ ਨਸਲਾਂ ਨੂੰ ਉਜਾੜਿਆ ਜਾ ਰਿਹਾ ਹੈ।" ਦੇ ਮਹੱਤਵਪੂਰਨ ਬਿਆਨ-

ਇਸ ਸਾਲ 27 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਹੋਏ ਪੰਥਕ ਇਕੱਠ ਦੌਰਾਨ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਦਿੱਤਾ ਸੀ, ਕਿ ਉਹ ਪੰਜਾਬ ਵਿੱਚ ਪਿਛਲੇ ਦਿਨੀਂ ਗ੍ਰਿਫ਼ਤਾਰ ਬੇਕਸੂਰ ਨੌਜਵਾਨਾਂ ਨੂੰ ਰਿਹਾਅ ਕਰੇ।ਉਸ ਸਮੇਂ ਪੰਜਾਬ ਵਿੱਚ ਅਮ੍ਰਿਤਪਾਲ ਸਿੰਘ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਸੈਂਕੜੇ ਕਾਰਕੁਨਾਂ ਖ਼ਿਲਾਫ਼ ਪੁਲਿਸ ਕਾਰਵਾਈ ਚੱਲ ਰਹੀ ਸੀ। ਜਥੇਦਾਰ ਦੇ ਇਸ ਬਿਆਨ ਦਾ ਦੇਸਾਂ ਵਿਦੇਸ਼ਾਂ ਵਿਚ ਸਵਾਗਤ ਹੋਇਆ ਸੀ।

ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ, ਜਥੇਦਾਰ ਨੇ ਕਿਹਾ ਸੀ : "ਸਾਰੇ ਸਿੱਖ ਖਾਲਿਸਤਾਨ ਚਾਹੁੰਦੇ ਹਨ। ਜੇਕਰ ਭਾਰਤ ਸਰਕਾਰ ਦਿੰਦੀ ਹੈ ਤਾਂ ਅਸੀਂ ਲੈ ਲਵਾਂਗੇ।।। ਅਸੀਂ ਹੋਰ ਕੀ ਮੰਗ ਸਕਦੇ ਹਾਂ?

ਗਿਆਨੀ ਹਰਪ੍ਰੀਤ ਸਿੰਘ ਨੇ ਐਨਆਰਸੀ ਅਤੇ ਸੀਏਏ ਖਿਲਾਫ਼ ਵਿਰੋਧ ਕਰ ਰਹੇ ਮੁਸਲਮਾਨਾਂ ਦੇ ਸੰਘਰਸ਼ ਦਾ ਸਮਰਥਨ ਕੀਤਾ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ, "ਪੰਜਾਬ ਦੇ ਸਿੱਖਾਂ ਅਤੇ ਹਿੰਦੂਆਂ ਨੂੰ ਗੁੰਮਰਾਹ ਕਰਕੇ ਈਸਾਈ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਇਹ ਸਭ ਸਰਕਾਰ ਦੀ ਨੱਕ ਥੱਲੇ ਹੋ ਰਿਹਾ ਹੈ।"

ਸਿੰਘ ਸਾਹਿਬ ਹਰਪ੍ਰੀਤ ਸਿੰਘ ਨੇ ਕਿਹਾ ਸੀ, "ਪੰਜਾਬ ਵਿੱਚ 625 ਸੈਂਟਰ ਖੁੱਲ ਚੁੱਕੇ ਹਨ ਜਿੱਥੇ ਟੈਸਟ ਟਿਊਬ ਰਾਹੀਂ ਬੱਚਿਆਂ ਦੇ ਜਨਮ ਹੋ ਰਹੇ ਹਨ। ਗੈਰ-ਪੰਜਾਬੀਆਂ ਦਾ ਸੀਮਨ ਆ ਰਿਹਾ ਹੈ।।।ਇਹ ਸੋਚਣ ਵਾਲੀ ਗੱ.ਲ ਹੈ ਕਿ ਸਾਡੀਆਂ ਫਸਲਾਂ ਤੇ ਨਸਲਾਂ ਨੂੰ ਉਜਾੜਿਆ ਜਾ ਰਿਹਾ ਹੈ।"

# ਰਾਜਪਾਲ ਦੀ ਥਾਂ ਮੁੱਖ ਮੰਤਰੀ ਹੋਵੇਗਾ 'ਵਰਸਿਟੀਆਂ ਦਾ ਚਾਂਸਲਰ

ਪੰਜਾਬ ਵਿਧਾਨ ਸਭਾ ਨੇ ਸੂਬਾਈ ਯੂਨੀਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਰਾਜਪਾਲ ਦੀ ਥਾਂ ਮੁੱਖ ਮੰਤਰੀ ਨੂੰ ਦੇਣ ਲਈ 'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023' ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਤੋਂ ਇਲਾਵਾ ਇਕਲੌਤੇ ਆਜ਼ਾਦ ਉਮੀਦਵਾਰ ਨੇ ਵੀ ਇਸ ਬਿੱਲ ਦੀ ਹਮਾਇਤ ਕੀਤੀ। ਬਿੱਲ ਦੇ ਪਾਸ ਹੋਣ ਨਾਲ ਰਾਜਪਾਲ ਦੇ ਬਤੌਰ ਚਾਂਸਲਰ ਅਧਿਕਾਰ ਖ਼ਤਮ ਹੋਣ ਦਾ ਮੁੱਢ ਬੱਝ ਗਿਆ ਹੈ ਅਤੇ ਪੰਜਾਬ ਦੀਆਂ 13 ਰਾਜ ਸੰਚਾਲਿਤ ਯੂਨੀਵਰਸਿਟੀਆਂ ਦੇ ਚਾਂਸਲਰ ਦਾ ਅਹੁਦਾ ਮੁੱਖ ਮੰਤਰੀ ਕੋਲ ਹੋਵੇਗਾ। ਪੰਜਾਬ ਨੇ ਪੱਛਮੀ ਬੰਗਾਲ ਦੀ ਤਰਜ਼ 'ਤੇ ਅਜਿਹਾ ਬਿੱਲ ਪਾਸ ਕਰਕੇ ਰਾਜਪਾਲ ਦੀ ਭੂਮਿਕਾ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਹੈ। ਰਾਜਪਾਲ ਵੱਲੋਂ ਇਸ ਬਿੱਲ 'ਤੇ ਮੋਹਰ ਲਾਈ ਜਾਂਦੀ ਹੈ ਜਾਂ ਨਹੀਂ, ਇਹ ਵੇਖਣਾ ਦਿਲਚਸਪ ਹੋਵੇਗਾ। ਰਾਜਪਾਲ ਨੇ ਪਿਛਲੇ ਸਮੇਂ ਦੌਰਾਨ ਸੂਬਾਈ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਲਗਾਏ ਜਾਣ ਸਮੇਂ ਅੜਿੱਕੇ ਖੜ੍ਹੇ ਕੀਤੇ ਸਨ। ਉਚੇਰੀ ਸਿੱਖਿਆ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਬਿੱਲ ਨੂੰ ਸਦਨ ਵਿਚ ਪੇਸ਼ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਬਿੱਲ 'ਤੇ ਬਹਿਸ ਦੌਰਾਨ ਕਿਹਾ ਕਿ ਸੂਬਾਈ ਯੂਨੀਵਰਸਿਟੀਆਂ ਪੰਜਾਬ ਦੀ ਅਮੀਰ ਵਿਰਾਸਤ, ਭਾਸ਼ਾ ਅਤੇ ਸਭਿਆਚਾਰ ਦੀ ਨੁਮਾਇੰਦਗੀ ਕਰਦੀਆਂ ਹਨ ਅਤੇ ਇਸ ਵਿਰਾਸਤ ਨੂੰ ਅੱਗੇ ਲਿਜਾਣ ਲਈ ਪੰਜਾਬ ਪਿਛੋਕੜ ਵਾਲੇ ਚੰਗੇ ਵਾਈਸ ਚਾਂਸਲਰਾਂ ਦੀ ਲੋੜ ਹੈ। ਪੰਜਾਬ ਦੇ ਪਿਛੋਕੜ ਤੋਂ ਅਣਭਿੱਜ ਰਾਜਪਾਲ ਇਨ੍ਹਾਂ ਨਿਯੁਕਤੀਆਂ ਵਿਚ ਅੜਿੱਕੇ ਖੜ੍ਹੇ ਕਰਦੇ ਹਨ। ਮੁੱਖ ਮੰਤਰੀ ਨੇ ਮਿਸਾਲ ਦਿੱਤੀ ਕਿ ਪੰਜਾਬ 'ਵਰਸਿਟੀ ਦੇ ਮਾਮਲੇ 'ਚ ਪੰਜਾਬ ਦੇ ਰਾਜਪਾਲ ਨੇ ਹਰਿਆਣਾ ਦਾ ਪੱਖ ਲੈਂਦਿਆਂ ਸੈਨੇਟ ਵਿਚ ਹਰਿਆਣਾ ਦੀ ਘੁਸਪੈਠ ਕਰਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਰਾਜਪਾਲ ਦਿੱਲੀ ਵਿਚ ਬੈਠੇ ਆਪਣੇ ਸਿਆਸੀ ਆਕਾਵਾਂ ਨੂੰ ਖ਼ੁਸ਼ ਕਰਨ ਦੇ ਚੱਕਰ ਵਿਚ ਰਹਿੰਦੇ ਹਨ। ਅਜਿਹਾ ਕਰਕੇ ਰਾਜਪਾਲ ਚੁਣੀ ਹੋਈ ਸਰਕਾਰ ਦਾ ਨਿਰਾਦਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਐਕਟ ਦੇ ਲਾਗੂ ਹੋਣ ਨਾਲ ਰਾਜਪਾਲ ਦੀ ਥਾਂ ਮੁੱਖ ਮੰਤਰੀ ਸੂਬੇ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਹੋਣਗੇ। ਮੁੱਖ ਮੰਤਰੀ ਨੇ ਉਚੇਚੇ ਤੌਰ 'ਤੇ ਪੰਜਾਬੀ ਯੂਨੀਵਰਸਿਟੀ ਦੇ ਵਿੱਤੀ ਸੰਕਟ ਦਾ ਹਵਾਲਾ ਦਿੱਤਾ ਅਤੇ ਸਰਕਾਰ ਵੱਲੋਂ ਦਿੱਤੀ ਵਿੱਤੀ ਮਦਦ ਦੀ ਗੱਲ ਵੀ ਰੱਖੀ।



ਅਕਾਲੀ ਵਿਧਾਇਕ ਡਾ। ਸੁਖਵਿੰਦਰ ਕੁਮਾਰ ਨੇ ਬਿੱਲ ਦੀ ਹਮਾਇਤ ਕੀਤੀ ਤੇ ਉਨ੍ਹਾਂ ਨਾਲ ਹੀ ਏਡਿਡ ਸਕੂਲਾਂ ਅਤੇ ਕਾਲਜਾਂ ਵਿਚ ਖ਼ਾਲੀ ਅਸਾਮੀਆਂ ਬਾਰੇ ਚਰਚਾ ਛੇੜੀ। ਇਸ ਦੇ ਜਵਾਬ ਵਿਚ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ 'ਆਪ' ਸਰਕਾਰ ਵੱਲੋਂ ਸਕੂਲਾਂ ਵਿਚ ਕੀਤੀ ਭਰਤੀ ਦੇ ਅੰਕੜੇ ਪੇਸ਼ ਕੀਤੇ ਅਤੇ ਕਾਲਜਾਂ ਵਿਚ ਨਵੀਂ ਭਰਤੀ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਵੀ ਕੀਤਾ।

# ਪੰਜਾਬ ਵਿਧਾਨ ਸਭਾ ਵੱਲੋਂ ਸਿੱਖ ਗੁਰਦੁਆਰਾ ਸੋਧ ਬਿੱਲ ਪਾਸ

**(ਸਫਾ 1 ਦੀ ਬਾਕੀ)**

ਮਾਮਲਿਆਂ ਵਿਚ ਦਖਲਅੰਦਾਜ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਲਈ ਸਿੱਖ ਗੁਰਦੁਆਰਾ ਐਕਟ-1925 ਵਿੱਚ ਧਾਰਾ 125 ਤੋਂ ਬਾਅਦ ਧਾਰਾ 125-ਏ ਨੂੰ ਦਰਜ ਕੀਤਾ ਜਾਵੇਗਾ। ਗੁਰਬਾਣੀ ਦੇ ਪ੍ਰਸਾਰਨ ਲਈ ਬੋਰਡ (ਸ਼੍ਰੋਮਣੀ ਕਮੇਟੀ) ਦਾ ਫ਼ਰਜ਼ ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਲਾਈਵ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈਂਟਜ਼, ਪਲੇਟਫ਼ਾਰਮਾਂ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਦਾ ਹੋਵੇਗਾ। ਐਕਟ ਇਹ ਯਕੀਨੀ ਬਣਾਏਗਾ ਕਿ ਪ੍ਰਸਾਰਨ ਦੌਰਾਨ ਕਿਸੇ ਵੀ ਕੀਮਤ ਉੱਤੇ ਇਸ਼ਤਿਹਾਰਬਾਜ਼ੀ/ ਵਪਾਰੀਕਰਨ/ ਵਿਗਾੜ ਨਾ ਹੋਵੇ।

ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇੱਕ ਪਰਿਵਾਰ ਦੇ ਪ੍ਰਭਾਵ ਹੇਠ ਪਿਛਲੇ 11 ਸਾਲਾਂ ਤੋਂ ਗੁਰਬਾਣੀ ਪ੍ਰਸਾਰਨ ਦੇ ਅਧਿਕਾਰ ਇੱਕ ਚੈਨਲ ਨੂੰ ਦਿੱਤੇ ਹੋਏ ਹਨ। ਇਸ ਅਧਿਕਾਰ ਨੂੰ ਇਕ ਪਰਿਵਾਰ ਦੇ ਕੰਟਰੋਲ ਤੋਂ ਮੁਕਤ ਕਰਨਾ ਇਸ ਬਿੱਲ ਦਾ ਮੰਤਵ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਰੀਬ ਇਕ ਸਾਲ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਚੈਨਲ ਸ਼ੁਰੂ ਕਰਨ ਦੇ ਹੁਕਮ ਦਿੱਤੇ ਸਨ, ਪਰ ਅੱਜ ਤੱਕ ਇਨ੍ਹਾਂ ਹੁਕਮਾਂ 'ਤੇ ਅਮਲ ਨਹੀਂ ਹੋਇਆ। ਮੁੱਖ ਮੰਤਰੀ ਨੇ ਕਿਹਾ ਕਿ ਇਹ ਬਿੱਲ ਪੰਥ 'ਤੇ ਹਮਲਾ ਕਿਵੇਂ ਹੋ ਗਿਆ ਜਦੋਂ ਕਿ ਉਹ ਤਾਂ ਗੁਰਬਾਣੀ ਦੇ ਪ੍ਰਸਾਰਨ 'ਤੇ ਇੱਕ ਵਿਸ਼ੇਸ਼ ਚੈਨਲ ਦੇ ਕੰਟਰੋਲ ਦਾ ਵਿਰੋਧ ਕਰ ਰਹੇ ਹਨ। ਪ੍ਰਸਾਰਨ ਦੇ ਹੱਕ ਇਕ ਚੈਨਲ ਤੱਕ ਸੀਮਤ ਰੱਖਣਾ ਅਨਿਆਂ ਪੂਰਨ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਸੋਧ ਕਰਨ ਲਈ ਸਮਰੱਥ ਹੈ ਕਿਉਂਕਿ ਸੁਪਰੀਮ ਕੋਰਟ ਪਹਿਲਾਂ ਹੀ ਫ਼ੈਸਲਾ ਦੇ ਚੁੱਕੀ ਹੈ ਕਿ ਇਹ ਐਕਟ ਅੰਤਰਰਾਜੀ ਐਕਟ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਲੰਮੇ ਸਮੇਂ ਤੋਂ ਇੱਕ ਹੀ ਪਰਿਵਾਰ ਦਾ ਦਬਦਬਾ ਰਿਹਾ ਹੈ, ਜਿਸ ਕਾਰਨ ਸਿੱਖ ਪੰਥ ਨੂੰ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਇਆ ਹੈ। ਸਦਨ ਵਿਚ ਅੱਜ ਬਿੱਲ 'ਤੇ ਬਹਿਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਅਤੇ ਅਕਾਲੀ ਵਿਧਾਇਕ ਮਨਪ੍ਰੀਤ ਇਯਾਲੀ ਦਰਮਿਆਨ ਹਲਕੀ ਤਲਖ਼ੀ ਵੀ ਹੋਈ। ਧਾਲੀਵਾਲ ਨੇ ਬਾਣੀ ਦੇ ਟੈਂਡਰ ਕੀਤੇ ਜਾਣ 'ਤੇ ਇਤਰਾਜ਼ ਕੀਤਾ ਅਤੇ ਬਿੱਲ ਨੂੰ ਚੰਗੀ ਸ਼ੁਰੂਆਤ ਦੱਸਿਆ। 'ਆਪ' ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਅਤੇ ਅਜੀਤਪਾਲ ਕੋਹਲੀ ਨੇ ਬਿੱਲ ਦੀ ਹਮਾਇਤ ਵਿਚ ਪੱਖ ਰੱਖਿਆ। ਉਂਜ ਸਦਨ ਵਿੱਚ ਅੱਜ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪੂਰਾ ਸਮਾਂ ਹੁਕਮਰਾਨ ਧਿਰ ਦੇ ਨਿਸ਼ਾਨੇ 'ਤੇ ਰਹੇ। ਮੁੱਖ ਮੰਤਰੀ ਨੇ ਸਦਨ ਵਿਚ ਰਾਜਪਾਲ ਵੱਲੋਂ ਉਨ੍ਹਾਂ ਨੂੰ ਲਿਖੇ ਪੱਤਰਾਂ ਦਾ ਪੁਲੰਦਾ ਵੀ ਦਿਖਾਇਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸਰਕਾਰਾਂ ਨੂੰ ਪ੍ਰੇਸ਼ਾਨ ਕਰਨ ਵਾਸਤੇ ਰਾਜਪਾਲਾਂ ਦੀ ਡਿਊਟੀ ਲਗਾਈ ਹੈ। ਭਗਵੰਤ ਮਾਨ ਨੇ ਕਿਹਾ ਕਿ ਰਾਜਪਾਲ ਨੂੰ ਕਿਸੇ ਸਰਹੱਦੀ ਹਲਕੇ ਤੋਂ ਅਗਲੀ ਚੋਣ ਹੀ ਲੜ ਲੈਣੀ ਚਾਹੀਦੀ ਹੈ।


# ਅਮਰੀਕਾ ਵਿਚ 3 ਥਾਵਾਂ 'ਤੇ ਗੋਲੀਬਾਰੀ ਨਾਲ 4 ਮੌਤਾਂ ਤੇ 31 ਤੋਂ ਵਧ ਜ਼ਖਮੀ

## ਇਲੀਨੋਇਸ ਵਿਚ ਜਸ਼ਨ ਮਨਾ ਰਹੇ ਲੋਕਾਂ ਉਪਰ ਫਾਇਰਿੰਗ, ਇਕ ਮੌਤ, 22 ਜ਼ਖਮੀ, ਵਾਸ਼ਿੰਗਟਨ ਵਿਚ ਗੋਲੀਬਾਰੀ ਨਾਲ 2 ਮੌਤਾਂ, ਮਿਸੌਰੀ ਵਿਚ ਪਾਰਟੀ ਦੌਰਾਨ ਗੋਲੀਬਾਰੀ, ਇਕ ਮੌਤ 9 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਇਲੀਨੋਇਸ ਰਾਜ ,ਵਸ਼ਿੰਗਟਨ ਤੇ ਮਿਸੌਰੀ ਰਾਜ ਵਿਚ ਗੋਲੀਬਾਰੀ ਦੀਆਂ ਵਾਪਰੀਆਂ ਵੱਖ ਵੱਖ 3 ਘਟਨਾਵਾਂ ਵਿਚ 4 ਲੋਕਾਂ ਦੇ ਮਾਰੇ ਜਾਣ ਤੇ 31 ਤੋਂ ਵਧ ਲੋਕਾਂ ਦੇ ਜ਼ਖਮੀ ਹੋਣ ਦੀਆਂ ਰਿਪੋਰਟਾਂ ਹਨ।

**ਇਲੀਨੋਇਸ ਵਿਚ ਗੋਲੀਬਾਰੀ–**

ਅਮਰੀਕਾ ਦੇ ਇਲੀਨੋਇਸ ਰਾਜ ਵਿਚ ਛੁੱਟੀ ਦੌਰਾਨ ਜਸ਼ਨ ਮਨਾ ਰਹੇ ਲੋਕਾਂ ਉਪਰ ਅਣਪਛਾਤੇ ਹਮਲਾਵਰਾਂ ਵੱਲੋਂ ਕੀਤੀ ਗਈ ਅੰਧਾਧੁੰਦ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ ਘੱਟੋ ਘੱਟ 22 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਡੂਪੇਜ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਲੋਕਾਂ ਦਾ ਵੱਡਾ ਇਕੱਠ ਜਸ਼ਨ ਮਨਾ ਰਿਹਾ ਸੀ ਜਦੋਂ ਕੁਝ ਸ਼ੱਕੀ ਹਮਲਾਵਰਾਂ ਨੇ ਕਈ ਕਿਸਮ ਦੇ ਹਥਿਆਰਾਂ ਨਾਲ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ। ਗੋਲੀਬਾਰੀ ਦੀ ਇਹ ਘਟਨਾ ਸ਼ਿਕਾਗੋ ਤੋਂ ਤਕਰੀਬਨ 21 ਮੀਲ ਦੂਰ ਵਿਲੋਬਰੁੱਕ ਵਿਚ ਅੱਧੀ ਰਾਤ ਬਾਅਦ 12-30 ਵਜੇ ਸਵੇਰੇ ਵਾਪਰੀ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਗੋਲੀਬਾਰੀ ਦੌਰਾਨ ਲੋਕਾਂ ਨੇ ਆਪਣੇ ਬਚਾ ਲਈ ਇਧਰ- ਉਧਰ ਭੱਜਣਾ ਸ਼ੁਰੂ ਕਰ ਦਿੱਤਾ ਜਿਸ ਦੌਰਾਨ ਅਨੇਕਾਂ ਲੋਕਾਂ ਦੇ ਸੱਟਾਂ ਵੀ ਵੱਜੀਆਂ ਹਨ। ਜ਼ਖਮੀਆਂ ਨੂੰ ਖੇਤਰ ਵਿਚਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਅਜੇ ਤੱਕ ਇਸ ਮਾਮਲੇ ਵਿਚ ਕਿਸੇ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਨਹੀਂ ਲਿਆ ਹੈ। ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਸ਼ਾਮ 6 ਵਜੇ ਜਸ਼ਨ ਮਨਾਉਣ ਲਈ ਲੋਕਾਂ ਦਾ ਇਕ ਵੱਡਾ ਸਮੂੰਹ ਵਿਲੋਬਰੁੱਕ ਦੇ ਇਕ ਪਾਰਕਿੰਗ ਸਥਾਨ 'ਤੇ ਇਕੱਠਾ ਹੋਇਆ ਸੀ। ਮੌਕੇ ਉਪਰ ਨਿਗਰਾਨੀ ਰੱਖਣ ਲਈ ਪੁਲਿਸ ਵੀ ਤਾਇਨਾਤ ਸੀ। ਡੂਪੇਜ ਕਾਊਂਟੀ ਦੇ ਡਿਪਟੀ ਸ਼ੈਰਿਫ ਐਰਿਕ ਸਵੈਨਸਨ ਨੇ ਪੱਤਕਾਰਾਂ ਨੂੰ ਦੱਸਿਆ ਕਿ ਕੁਝ ਜ਼ਖਮੀਆਂ ਨੂੰ ਐਂਬੂਲੈਂਸਾਂ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਹੈ ਜਦ ਕਿ ਕੁਝ ਖੁਦ ਹੀ ਹਸਪਤਾਲ ਪੁੱਜ ਗਏ ਸਨ। ਜ਼ਖਮੀਆਂ ਵਿਚੋਂ 2 ਦੀ ਹਾਲਤ ਨਾਜ਼ਕ ਦੱਸੀ ਜਾਂਦੀ ਹੈ। ਉਨਾਂ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।



**ਵਸ਼ਿੰਗਟਨ ਵਿਚ ਗੋਲੀਬਾਰੀ–**

ਅਮਰੀਕਾ ਦੇ ਵਸ਼ਿੰਗਟਨ ਰਾਜ ਵਿਚ ਜਾਰਜ ਐਂਫੀਥੀਏਟਰ ਨੇੜੇ ਇਕ ਇਲੈਕਟ੍ਰਾਨਿਕ ਡਾਂਸ ਮਿਊਜ਼ਕ ਫੈਸਟੀਵੈਲ ਦੌਰਾਨ ਹੋਈ ਗੋਲੀਬਾਰੀ ਨਾਲ 2 ਵਿਅਕਤੀਆਂ ਦੇ ਮਾਰੇ ਜਾਣ ਤੇ ਅਨੇਕਾਂ ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਹ ਪ੍ਰਗਟਾਵਾ ਗਰਾਂਟ ਕਾਊਂਟੀ ਸ਼ੈਰਿਫ ਦਫਤਰ ਨੇ ਕੀਤਾ ਹੈ। ਦਫਤਰ ਅਨੁਸਾਰ ਜ਼ਖਮੀਆਂ ਵਿਚ ਸ਼ੱਕੀ ਦੋਸ਼ੀ ਵੀ ਸ਼ਾਮਿਲ ਹੈ ਜਿਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਉਸ ਤੋਂ ਇਲਾਵਾ 2 ਹੋਰ ਵਿਅਕਤੀਆਂ ਦੇ ਗੋਲੀਆਂ ਵੱਜੀਆਂ ਹਨ। ਸ਼ੈਰਿਫ ਦਫਤਰ ਦੇ ਬੁਲਾਰੇ ਕੀਲੇ ਫੋਰਮੈਨ ਅਨੁਸਾਰ ਸ਼ੱਕੀ ਵਿਅਕਤੀ ਗੋਲੀਆਂ ਚਲਾਉਣ ਉਪਰੰਤ ਫਰਾਰ ਹੋ ਗਿਆ ਸੀ ਪਰੰਤੂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

**ਸੇਂਟ ਲੂਇਸ ਸ਼ਹਿਰ ਵਿਚ ਗੋਲੀਬਾਰੀ –**

ਅਮਰੀਕਾ ਦੇ ਮਿਸੌਰੀ ਰਾਜ ਦੇ ਸੇਂਟ ਲੂਇਸ ਸ਼ਹਿਰ ਵਿਚ ਰਾਤ ਸਮੇ ਹੋਈ ਗੋਲਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ 9 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਮੇਅਰ ਟਿਸ਼ੋਰਾ ਜੋਨਸ ਅਨੁਸਾਰ ਡਾਊਨ ਟਾਊਨ ਸੇਂਟ ਲੂਇਸ ਵਿਚ ਗੋਲੀਬਾਰੀ ਰਾਤ 1 ਵਜੇ ਬਾਅਦ ਇਕ ਇਮਾਰਤ ਵਿਚ ਹੋਈ ਜਿਥੇ ਪਾਰਟੀ ਚੱਲ ਰਹੀ ਸੀ। ਪੱਤਰਕਾਰਾਂ ਨੂੰ ਪੁਲਿਸ ਮੁੱਖੀ ਰਾਬਰਟ ਟਰੇਸੀ ਨੇ ਦੱਸਿਆ ਕਿ ਇਕ 17 ਸਾਲਾਂ ਦੇ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ। ਗੋਲੀਬਾਰੀ ਦੌਰਾਨ ਮਾਰੇ ਗਏ ਨਬਾਲਗ ਦੀ ਉਮਰ ਵੀ 17 ਸਾਲ ਹੈ। ਉਨਾਂ ਕਿਹਾ ਕਿ ਇਹ ਬਹੁਤ ਦੁੱਖਦਾਈ ਹੈ ਕਿ ਪਿਤਾ ਦਿਵਸ ਮੌਕੇ ਸਮੁੱਚੇ ਸੇਂਟ ਲੂਇਸ ਖੇਤਰ ਦੇ ਵਾਸੀਆਂ ਨੂੰ ਉੱਠਣ ਸਾਰ ਗੋਲੀਬਾਰੀ ਦੀ ਇਕ ਹੋਰ ਘਟਨਾ ਦੀ ਖਬਰ ਮਿਲੀ ਹੈ। ਉਨਾਂ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਵਕਫ਼ ਬੋਰਡ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਦੀਆਂ ਮਸਜਿਦਾਂ ਲਈ 5-50 ਲੱਖ ਰੁਪਏ ਦੀ ਵਿਕਾਸ ਗ੍ਰਾਂਟ ਜਾਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਵਕਫ਼ ਬੋਰਡ ਵੱਲੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਮਸਜਿਦਾਂ ਅਤੇ ਕਬਰਸਤਾਨਾਂ ਦੀਆਂ ਚਾਰਦੀਵਾਰੀਆਂ ਦੇ ਵਿਕਾਸ ਕਾਰਜਾਂ ਲਈ ਫੰਡ ਜਾਰੀ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪਿਛਲੇ 5 ਮਹੀਨਿਆਂ ਦੌਰਾਨ ਵਿਕਾਸ ਕਾਰਜਾਂ ਲਈ 5150 ਲੱਖ ਰੁਪਏ ਦੇ ਫੰਡ ਵੰਡੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਵਕਫ਼ ਬੋਰਡ ਦੇ ਅਸਟੇਟ ਅਫ਼ਸਰ ਬਹਾਰ ਅਹਿਮਦ ਨੇ ਦੱਸਿਆ ਕਿ ਪੰਜਾਬ ਵਕਫ਼ ਬੋਰਡ ਵੱਲੋਂ ਕਬਰਸਤਾਨਾਂ ਦੀ ਚਾਰਦੀਵਾਰੀ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਮਸਜਿਦਾਂ ਦੇ ਵਿਕਾਸ ਲਈ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ। ਸ਼ਹੀਦ ਭਗਤ ਸਿੰਘ ਨਗਰ ਵਿੱਚ ਲਗਾਤਾਰ ਫੰਡ ਵੰਡੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੀ ਡਬਲਯੂ ਬੀ ਪ੍ਰਸ਼ਾਸਕ ਏ ਡੀ ਜੀ ਪੀ ਐਮ ਐਫ ਫਾਰੂਕੀ ਆਈ ਪੀ ਐਸ ਦੀ ਅਗਵਾਈ ਹੇਠ ਵਕਫ਼ ਬੋਰਡ ਲਗਾਤਾਰ ਬਿਹਤਰ ਕੰਮ ਕਰ ਰਿਹਾ ਹੈ। ਮੁਸਲਿਮ ਭਾਈਚਾਰੇ ਦੀਆਂ ਚਿਰੋਕਣੀ ਮੰਗਾਂ ਦੀ ਪੂਰਤੀ ਲਈ ਦਿਨ ਰਾਤ ਯਤਨ ਕੀਤੇ ਜਾ ਰਹੇ ਹਨ। ਮਸਜਿਦਾਂ ਦੇ ਵਿਕਾਸ ਕਾਰਜਾਂ ਤੋਂ ਲੈ ਕੇ ਕਬਰਸਤਾਨਾਂ ਦੀ ਚਾਰਦੀਵਾਰੀ ਤੱਕ ਲਗਾਤਾਰ ਫੰਡ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਮੁਸਲਿਮ ਭਾਈਚਾਰੇ ਵੱਲੋਂ ਉਨ੍ਹਾਂ ਨੂੰ ਜੋ ਵੀ ਜਾਇਜ਼ ਮੰਗ ਭੇਜੀ ਜਾਵੇਗੀ, ਉਸ ਨੂੰ ਜ਼ਰੂਰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਕਫ਼ ਬੋਰਡ ਦੇ ਕਰਮਚਾਰੀ ਮਾਲੀਆ ਵਧਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ। ਜਿਹੜੇ ਲੋਕ ਪੰਜਾਬ ਵਕਫ਼ ਬੋਰਡ ਦੀਆਂ ਥਾਵਾਂ 'ਤੇ ਗਲਤ ਢੰਗ ਨਾਲ ਬੈਠੇ ਹਨ, ਉਨ੍ਹਾਂ ਨੂੰ ਰੈਗੂਲਰ ਕਰਨ ਅਤੇ ਲੀਜ਼ 'ਤੇ ਦੇਣ ਦੀ ਲਗਾਤਾਰ ਕਵਾਇਦ ਜਾਰੀ ਹੈ। ਅਸਟੇਟ ਅਫਸਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪਿਛਲੇ ਸਮੇਂ ਦੌਰਾਨ ਜਾਰੀ ਕੀਤੇ 5150 ਲੱਖ ਦੇ ਫੰਡਾਂ ਤਹਿਤ ਅਲਨੂਰ ਮਸਜਿਦ ਪਿੰਡ ਗੜ੍ਹੀ ਫਤਿਹ ਖਾਂ ਨੂੰ 1 ਲੱਖ, ਜਾਮਾ ਮਸਜਿਦ ਪਿੰਡ ਹੀਓਂ ਨੂੰ 1150 ਲੱਖ, ਰੂਹਾਨੀ ਮਸਜਿਦ ਪਿੰਡ ਮਰੋਲੀ ਕਲਾਂ ਨੂੰ 1150 ਲੱਖ, ਪਿੰਡ ਲੜੋਆ ਵਿਖੇ ਕਬਰਸਤਾਨ ਲਈ 1150 ਲੱਖ ਦਾ ਫੰਡ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪਿੰਡ ਸ਼ਾਮਪੁਰ ਰੋਪੜ ਵਿੱਚ ਇੱਕ ਮਦਰੱਸੇ ਲਈ 3000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਵੀ ਸ਼ੁਰੂ ਕੀਤੀ ਗਈ ਹੈ। ਬਹਿਲ ਅਹਿਮਦ ਨੇ ਕਿਹਾ ਕਿ ਪੰਜਾਬ ਵਕਫ਼ ਬੋਰਡ ਮੁਸਲਿਮ ਭਾਈਚਾਰੇ ਦੀਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਆਪਣੇ ਮਾਲੀਏ ਨੂੰ ਸਕਾਰਾਤਮਕ ਢੰਗ ਨਾਲ ਵਧਾਉਣ ਲਈ ਦਿਨ-ਰਾਤ ਕੰਮ ਕਰ ਰਿਹਾ ਹੈ। ਕਬਰਸਤਾਨਾਂ ਦੀ ਚਾਰਦੀਵਾਰੀ ਅਤੇ ਨਿਸ਼ਾਨਦੇਹੀ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਲਗਾਤਾਰ ਤਾਲਮੇਲ ਰੱਖਿਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਵਕਫ਼ ਬੋਰਡ ਦੇ ਪ੍ਰਸ਼ਾਸਕ ਏਡੀਜੀਪੀਐਮਐਫਫ਼ਾਰੂਕੀ ਆਈਪੀਐਸ ਨੇ ਕਿਹਾ ਕਿ ਪੰਜਾਬ ਵਕਫ਼ ਬੋਰਡ ਦਾ ਮੁੱਖ ਕੰਮ ਕਬਰਿਸਤਾਨਾਂ ਨੂੰ ਰਾਖਵਾਂ ਕਰਨਾ ਅਤੇ ਸੂਬੇ ਵਿੱਚ ਬਿਹਤਰ ਸਿੱਖਿਆ ਅਤੇ ਸਿਹਤ ਪ੍ਰਣਾਲੀ ਨੂੰ ਅਪਗ੍ਰੇਡ ਕਰਨਾ ਹੈ, ਜਿਸ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਵਕਫ਼ ਬੋਰਡ ਕਈ ਸਕੀਮਾਂ ਲੈ ਕੇ ਆ ਰਿਹਾ ਹੈ ਜਿਸ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਦੂਰ ਹੋਣਗੀਆਂ।



## ਸਰੀਰਕ ਅਤੇ ਮਾਨਸਿਕ ਤੰਦਰੁਤੀ ਲਈ ਰੋਜ਼ਾਨਾ ਯੋਗ ਅਭਿਆਸ ਜਰੂਰੀ: ਹਰਦੀਪ ਜਿੰਦਲ

**ਮੂਨਕ/ਸੰਗਰੂਰ, (ਦਲਜੀਤ ਕੌਰ)** ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ, ਸਿਹਤ ਮੰਤਰੀ ਪੰਜਾਬ ਡਾ। ਬਲਵੀਰ ਸਿੰਘ ਸੈਨੀ ਅਤੇ ਸਿਵਲ ਸਰਜਨ ਸੰਗਰੂਰ ਡਾ ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ ਬਲਵਿੰਦਰ ਸਿੰਘ ਭੱਟੀ ਦੀ ਯੋਗ ਅਗੁਵਾਈ ਹੇਠ ਸਿਹਤ ਬਲਾਕ ਮੂਨਕ ਵਿੱਚ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਵਿਸ਼ਵ ਯੋਗ ਦਿਵਸ ਦੀ ਲੜੀ ਤਹਿਤ 20-06-2023 ਤੋਂ 26-06-2023 ਤੱਕ ਯੋਗ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ।ਈ।ਈ-ਕਮ-ਆਈਈਸੀ ਨੋਡਲ ਅਫ਼ਸਰ ਹਰਦੀਪ ਜਿੰਦਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸੀਐੱਮ ਦੀ ਯੋਗਸ਼ਾਲਾ (ਸੀਐੱਮਡੀਵਾਈ) ਸ਼ੁਰੂ ਕੀਤੀ ਗਈ ਹੈ। ਇਸ ਦਾ ਉਦੇਸ਼ ਨਾਗਰਿਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਧਿਆਨ ਅਤੇ ਯੋਗ ਦੀ ਮਹੱਤਤਾ ਨੂੰ ਉਜਾਗਰ ਕਰਨਾ ਹੈ ਤਾਂ ਜੋ ਨਾਗਰਿਕਾਂ ਤੱਕ ਯੋਗ ਦੀ ਪਹੁੰਚ ਨੂੰ ਆਸਾਨ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਯੋਗ ਅਤੇ ਧਿਆਨ ਇੱਕ ਮਹੱਤਵਪੂਰਨ ਰੋਜ਼ਾਨਾ ਅਭਿਆਸ ਹੈ ਜਿਸ ਨਾਲ ਸਾਡੇ ਜੀਵਨ ਵਿੱਚ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਸਿਹਤ ਦੇ ਫ਼ਇਦੇ ਲਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਹਰੇਕ ਸਮੂਹ ਵਿੱਚ ਆਂਢ-ਗੁਆਂਢ ਤੋਂ ਘੱਟੋ-ਘੱਟ 25 ਯੋਗ ਸਿੱਖਣ ਲਈ ਇਛੁੱਕ ਮੈਂਬਰ ਹੋਣੇ ਚਾਹੀਂਦੇ ਹਨ, ਪੰਜਾਬ ਸਰਕਾਰ ਵੱਲੋ ਸਾਰੇ ਨਾਗਰਿਕਾਂ ਲਈ ਪ੍ਰਮਾਣਿਤ ਇੰਸਟ੍ਰਕਟਰ ਉਪਲੱਬਧ ਕਰਵਾਏ ਜਾਣਗੇ। ਇੰਸਟ੍ਰਕਟਰ ਕਲਾਸਾਂ ਦਾ ਆਯੋਜਨ ਕਰਨ



ਲਈ ਹਰੇਕ ਸਮੂਹ ਦੇ ਇੱਕ ਮੈਂਬਰ ਨਾਲ ਤਾਲਮੇਲ ਕਰਨਗੇ ਜਿਸ ਨੂੰ ਗਰੁੱਪ ਕੋਆਰਡੀਨੇਟਰ ਕਿਹਾ ਜਾਵੇਗਾ। ਗਰੁੱਪ ਕੋਆਰਡੀਨੇਟਰ ਨੂੰ ਇੰਸਟ੍ਰਕਟਰ ਨਾਲ ਤਾਲਮੇਲ ਕਰਨਾ ਚਾਹੀਂਦਾ ਹੈ ਅਤੇ ਯੋਗਾ ਕਲਾਸਾਂ ਲਈ ਸਮਾਂ ਅਤੇ ਸਥਾਨ ਨਿਸਚਤ ਕਰਨਾ ਚਾਹੀਂਦਾ ਹੈ ਜੋ ਸਾਰੇ ਭਾਗੀਦਾਰਾਂ ਵੱਲੋਂ ਉਚਿੱਤ ਸਮਝਿਆ ਜਾਂਦਾ ਹੈ। ਇੱਕ ਇੱਛੁਕ ਵਿਆਕਤੀ ਵੀ ਆਪਣੇ ਆਪ ਨੂੰ ਰਜਿਸਟਰ ਕਰ ਸਕਦਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਪੰਜਾਬ ਸਰਕਾਰ ਵੱਲੋ ਜਾਰੀ ਵੈੱਬਸਾਈਟ https://cmidyo-gshala.punjab.govi.n/ ਜਾਂ ਹੈਲਪਲਾਈਨ ਨੰਬਰ 7669400500 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੰਭਾਵਿਤ ਹੜ੍ਹਾਂ ਨਾਲ ਨਿਪਟਨ ਲਈ ਜਿਲ੍ਹੇ ਅੰਦਰ ਕੰਟਰੋਲ ਰੂਮ ਕੀਤੇ ਸਥਾਪਿਤ: ਡਿਪਟੀ ਕਮਿਸਨਰ

**ਪਠਾਨਕੋਟ, 19 ਜੂਨ (ਰਾਜਿੰਦਰ ਸਿੰਘ ਰਜਨ)** ਜਿਲ੍ਹਾ ਪਠਾਨਕੋਟ ਵਿੱਚ ਸੰਭਾਵਿਤ ਹੜ੍ਹਾਂ ਨੂੰ ਲੈ ਕੇ ਕੀਤੇ ਗਏ ਅਗੇਤੇ ਪ੍ਰਬੰਧਾਂ ਦਾ ਜਾਇਜਾ ਲੈਣ ਸਬੰਧੀ ਡਿਪਟੀ ਕਮਿ-ਸਨਰ ਪਠਾਨਕੋਟ ਸ। ਹਰਬੀਰ ਸਿੰਘ ਵੱਲੋਂ ਸਬੰਧਤ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕ-ਾਰੀਆਂ ਨਾਲ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਇੱਕ ਵਿਸੇਸ ਰੀਵਿਓ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਕਾਲਾ ਰਾਮ ਕਾਂਸਲ ਐਸਡੀਐਮ ਪਠਾਨਕੋਟ, ਤੇਜਦੀਪ ਸਿੰਘ ਸੈਣੀ ਐਸਡੀਐਮ ਧਾਰਕਲ੍ਹਾਂ, ਯੁੱਧਵੀਰ ਸਿੰਘ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਡਾ ਰਜਿੰਦਰ ਕੁਮਾਰ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ, ਮਹੇਸ ਕੁਮਾਰ ਐਕਸੀਅਨ ਵਾਟਰ ਸਪਲਾਈ ਸੈਨੀਟੇਸਨ ਵਿਭਾਗ ਪਠਾਨਕੋਟ ਅਤੇ ਸਬੰਧਤ ਵਿਭਾਗੀ ਅਧਿਕਾਰੀ ਹਾਜ਼ਰ ਸਨ।

ਮੀਟਿੰਗ ਦੋਰਾਨ ਸੰਬੋਧਤ ਕਰਦਿਆਂ ਸ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਕਿਹਾ ਕਿ ਜਿਵੇ ਕਿ ਬਾਰਿਸ ਦਾ ਮੋਸਮ ਚਲ ਰਿਹਾ ਹੈ ਅਤੇ ਜਿਲ੍ਹਾ ਪਠਾਨਕੋਟ ਦੇ ਕੁਝ ਖੇਤਰ ਦਰਿਆਵਾਂ ਦੇ ਕਿਨਾਰੇ ਤੇ ਸਥਿਤ ਹੋਣ ਕਰਕੇ ਇਨ੍ਹਾਂ ਪਿੰਡਾਂ ਅੰਦਰ ਸੰਭਾਵਿਤ ਹੜ੍ਹਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਿਸੇ ਵੀ ਅਜਿਹੀ ਸਥਿਤੀ ਲਈ ਪੂਰੀ ਤਰ੍ਹਾਂ ਤਿਆਰ ਰਿਹਾ ਜਾਵੇ। ਉਨ੍ਹਾਂ ਕਿਹਾ ਕਿ ਸੰਭਾਵਿਤ ਹੜ੍ਹਾਂ ਨੂੰ ਲੈ ਕੇ ਹਰੇਕ ਅਧਿਕਾਰੀ ਸੁਚੇਤ ਰਹੇਗਾ ਤਾਂ ਜੋ ਲੋੜ ਪੈਣ ਤੇ ਉਹ ਅਪਣੇ ਕਾਰਜ ਨੂੰ ਪੂਰੀ ਇਮਾਨਦਾਰੀ ਅਤੇ ਜਿਮ੍ਹੇਵਾਰੀ ਨਾਲ ਪੂਰਾ ਕਰ ਸਕੇ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਭਾਵਿਤ ਹੜ੍ਹਾਂ ਨਾਲ ਨਿਪਟਨ ਦੇ ਲਈ ਸਾਰੇ ਯੋਗ ਪ੍ਰਬੰਧ ਕਰ ਲਏ ਗਏ ਹਨ ਜਿਲ੍ਹੇ ਅੰਦਰ ਜੋ ਵੀ ਸਮਾਨ ਜਿਵੇਂ ਵੋਟਸ, ਇੰਜਣ, ਲਾਈਫ ਜੈਕਿਟ ਆਦਿ ਸਮਾਨ ਨੂੰ ਤਿਆਰ ਕਰ ਲਿਆ ਗਿਆ ਹੈ ਤਾਂ ਜੋ ਲੋੜ ਪੈਣ ਤੇ ਜਰੂਰਤ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉੱਜ ਦਰਿਆ ਦੇ ਨਜਦੀਕ ਲਗਦੇ ਪਿੰਡਾਂ ਅਤੇ ਬਲਾਕ ਬਮਿਆਲ ਅਧੀਨ ਸੰਭਾਵਿਤ ਹੜ੍ਹਾਂ ਦੀ ਮਾਰ ਹੇਠ ਆਉਂਣ ਵਾਲੇ ਪਿੰਡਾਂ ਨੂੰ ਲੈ ਕੇ ਪੂਰੀ ਤਰ੍ਹਾਂ ਨਾਲ ਤਿਆਰ ਰਿਹਾ ਜਾਵੇ।



ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਵੀ ਪਹਿਲਾ ਤੋਂ ਹੀ ਦਵਾਈਆਂ ਦਾ ਸਟਾਕ ਅਤੇ ਮੈਡੀਕਲ ਟੀਮਾਂ ਬਣਾ ਕੇ ਤਿਆਰ ਕਰ ਲਈਆਂ ਗਈਆਂ ਹਨ।

ਉਨ੍ਹਾਂ ਸਿੱਖਿਆ ਵਿਭਾਗ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਸੰਭਾਵਿਤ ਹੜ੍ਹਾਂ ਨੂੰ ਧਿਆਨ ਵਿੱਚ ਰੱਖਦਿਆਂ ਸਕੂਲਾਂ ਅੰਦਰ ਕੈਂਪ ਬਣਾਉਂਣ ਲਈ ਖੁਲੀਆਂ ਗਰਾਉਂਡਾਂ ਦੀ ਸਨਾਖਤ ਕਰ ਲਈ ਜਾਵੇ ਤਾਂ ਜੋ ਕਿਸੇ ਵੀ ਅਜਿਹੀ ਸਥਿਤੀ ਅੰਦਰ ਉਨ੍ਹਾਂ ਗਰਾਉਡਾਂ ਨੂੰ ਪੁਸੁਆਂ ਦੇ ਠਹਿਰਾਓ ਦੇ ਲਈ ਵਰਤਿਆ ਜਾ ਸਕੇ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿੱਤ ਲੋਕਾਂ ਦੇ ਰਹਿਣ ਦੇ ਲਈ ਵੀ ਕੈਂਪਾਂ ਦੀ ਪੂਰੀ ਤਿਆਰੀ ਕੀਤੀ ਜਾਵੈ ਅਤੇ ਪੀਣ ਵਾਲੇ ਪਾਣੀ ਅਤੇ ਪਖਾਨਿਆਂ ਆਦਿ ਦੇ ਪ੍ਰਬੰਧਾਂ ਆਦਿ ਦੀ ਜਾਂਚ ਕਰ ਲਈ ਜਾਵੈ।

ਉਨ੍ਹਾਂ ਦੱਸਿਆ ਕਿ ਕਿਸੇ ਵੀ ਸਥਿਤੀ ਨਾਲ ਨਿਪਟਨ ਦੇ ਲਈ ਕੀਤੀਆਂ ਗਈਆਂ ਤਿਆਰੀਆਂ ਦਾ ਇੱਕ ਵਾਰ ਫਿਰ ਤੋਂ ਜਾਇਜਾ ਲਿਆ ਜਾਵੇ ਅਤੇ ਜੋ ਵੀ ਕਮੀ ਹੈ ਉਸ ਨੂੰ ਦੂਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੰਭਾਵਿਤ ਕੈਂਪਾਂ ਅੰਦਰ ਬਿਜਲੀ, ਪਾਣੀ, ਪਖਾਨਿਆਂ ਆਦਿ ਦੀ ਜਾਂਚ ਕਰ ਲਈ ਜਾਵੇ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹੇ ਅੰਦਰ ਕੰਟਰੋਲ ਰੂਮ ਵੀ ਸਥਾਪਤ ਕਰ ਲਏ ਗਏ ਹਨ ਅਤੇ ਅਧਿਕਾਰੀਆਂ ਦੀ ਵੀ ਡਿਊਟੀ ਲਗਾ ਦਿੱਤੀ ਗਈ ਹੈ।

ਉਨ੍ਹਾਂ ਪਸੁ ਪਾਲਣ ਵਿਭਾਗ ਨੂੰ ਵੀ ਹਦਾਇਤ ਕਰਦਿਆਂ ਕਿਹਾ ਕਿ ਸੰਭਾਵਿਤ ਹੜ੍ਹਾਂ ਦੋਰਾਨ ਪਸੂਆਂ ਦੇ ਲਈ ਚਾਰੇ ਸਬੰਧੀ ਅਗੇਤੇ ਪਬੰਧ ਵੀ ਕੀਤੇ ਜਾਣ ਤਾਂ ਜੋ ਲੋੜ ਪੈਣ ਤੇ ਪਸੁਆਂ ਨੂੰ ਚਾਰਾ ਦਿੱਤਾ ਜਾ ਸਕੇ।

# ਭਾਰਤ ਇੰਟਰਨੈੱਟ ਬੰਦ ਕਰਨ ਵਿਚ ਬਣਿਆ ਵਿਸ਼ਵ ਚੈਂਪੀਅਨ

## ਹਿਊਮਨ ਰਾਈਟਸ ਵਾਚ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ 2019 ਤੋਂ 2022 ਤੱਕ ਘੱਟੋ-ਘੱਟ 127 ਵਾਰ ਇੰਟਰਨੈੱਟ ਬੰਦ ਕੀਤਾ ਗਿਆ

**ਨਵੀਂ ਦਿੱਲੀ-** ਹਿਊਮਨ ਰਾਈਟਸ ਵਾਚ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ 2019 ਤੋਂ 2022 ਤੱਕ ਘੱਟੋ-ਘੱਟ 127 ਵਾਰ ਇੰਟਰਨੈੱਟ ਬੰਦ ਕੀਤਾ ਗਿਆ ਸੀ। ਇਸ ਅਰਸੇ ਦੌਰਾਨ 18 ਸੂਬਿਆਂ ਵਿੱਚ ਘੱਟੋ-ਘੱਟ ਇੱਕ ਵਾਰ ਇੰਟਰਨੈੱਟ ਬੰਦ ਕੀਤਾ ਗਿਆ ਸੀ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਨ੍ਹਾਂ ਦਾਅਵਿਆਂ ਦੇ ਉਲਟ ਹੈ, ਜਿਨ੍ਹਾਂ ਵਿੱਚ ਉਹ ਹਰ ਨਾਗਰਿਕ ਤੱਕ ਇੰਟਰਨੈੱਟ ਪ੍ਰਚਾਉਣ ਦੀ ਗੱਲ ਕਰਦੇ ਹਨ। ਇੰਟਰਨੈੱਟ ਬੰਦ ਹੋਣ ਦਾ ਸਭ ਤੋਂ ਵੱਡਾ ਨੁਕਸਾਨ ਗਰੀਬ ਵਰਗ ਉਤੇ ਪੈਂਦਾ ਹੈ। ਇਸ ਨਾਲ ਰੁਜ਼ਗਾਰ ਘਟਦਾ ਹੈ, ਬੈਂਕ ਪ੍ਰਣਾਲੀ ਬੰਦ ਹੋਣ ਨਾਲ ਰਾਸ਼ਨ ਦੀ ਸੁਵਿਧਾ ਪ੍ਰਭਾਵਿਤ ਹੁੰਦੀ ਹੈ ਤੇ ਬੁਨਿਆਦੀ ਲੋੜਾਂ ਜਨਤਾ ਤੋਂ ਦੂਰ ਹੋ ਜਾਂਦੀਆਂ ਹਨ। ਇੰਟਰਨੈੱਟ ਬੰਦੀ ਨੂੰ ਭਾਰਤ ਵਿੱਚ ਪੁਲਸ ਲਈ ਇੱਕ ਹਥਿਆਰ ਬਣਾ ਦਿੱਤਾ ਗਿਆ ਹੈ। ਪੂਰੀ ਦੁਨੀਆਂ ਵਿੱਚ ਇੰਟਰਨੈੱਟ ਬੰਦੀ ਸਰਕਾਰ ਲਈ ਆਖਰੀ ਕਦਮ ਹੁੰਦਾ ਹੈ, ਪਰ ਭਾਰਤ ਵਿੱਚ ਕਿਸੇ ਵੀ ਘਟਨਾ ਤੋਂ ਬਾਅਦ ਪੁਲਸ ਸਭ ਤੋਂ ਪਹਿਲਾਂ ਇੰਟਰਨੈੱਟ ਬੰਦ ਕਰ ਦਿੰਦੀ ਹੈ। ਭਾਰਤ ਵਿੱਚ ਸਭ ਤੋਂ ਵੱਧ ਇੰਟਰਨੈੱਟ ਬੰਦੀ ਦਾ ਸ਼ਿਕਾਰ ਜੰਮੂ ਤੇ ਕਸ਼ਮੀਰ ਰਿਹਾ ਹੈ।ਸਾਲ 2019 ਵਿੱਚ ਧਾਰਾ 370 ਹਟਾ ਦੇਣ ਬਾਅਦ ਉਥੇ ਲਗਾਤਾਰ 550 ਦਿਨ ਇੰਟਰਨੈੱਟ ਬੰਦ ਰਿਹਾ ਸੀ। ਇਸ ਨਾਲ ਰਾਜ ਨੂੰ 2।4 ਅਰਬ ਡਾਲਰ ਦਾ ਨੁਕਸਾਨ ਹੋਇਆ ਸੀ ਤੇ 5 ਲੱਖ ਨੌਜਵਾਨਾਂ ਦਾ ਰੁਜ਼ਗਾਰ ਖੁਸਿਆ ਸੀ। ਪੱਤਰਕਾਰਾਂ ਦਾ ਕੰਮ ਠੱਪ ਹੋ ਗਿਆ ਸੀ। ਸਰਕਾਰ ਨੇ ਇਸ ਦੌਰ ਵਿੱਚ 300 ਪੱਤਰਕਾਰਾਂ ਲਈ ਮੀਡੀਆ ਸੈਂਟਰ ਖੋਲਿਆ ਗਿਆ ਪਰ ਉਥੇ ਸਿਰਫ਼ 4 ਕੰਪਿਊਟਰ ਟਰਮੀਨਲ ਸਨ। ਇਹ ਹਾਸੋਹੀਣੀ ਗੱਲ ਹੈ ਕਿ ਭਾਰਤ ਵਿੱਚ 38 ਇੰਟਰਨੈੱਟ ਬੰਦੀਆਂ ਸਿਰਫ਼ ਇਮਤਿਹਾਨਾਂ ਵਿੱਚ ਵਿਦਿਆਰਥੀਆਂ ਵੱਲੋਂ ਕੀਤੀ ਜਾਣ ਵਾਲੀ ਨਕਲ ਨੂੰ ਰੋਕਣ ਲਈ ਕੀਤੀਆਂ ਗਈਆਂ ਸਨ। ਜਾਤੀਗਤ ਹਿੰਸਾ ਨੂੰ ਰੋਕਣ ਲਈ 18 ਤੇ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਦੇ ਨਾਂਅ ਉਤੇ ਵੀ ਏਨੇ ਵਾਰ ਹੀ ਇੰਟਰਨੈੱਟ ਬੰਦੀ ਕੀਤੀ ਗਈ ਸੀ। ਕਾਨੂੰਨ ਅਨੁਸਾਰ ਇੰਟਰਨੈੱਟ ਬੰਦੀ ਲਈ ਸਰਕਾਰ ਨੂੰ ਪਹਿਲਾਂ ਅਖਬਾਰਾਂ ਵਿੱਚ ਇਸ਼ਤਿਹਾਰ ਦੇਣਾ ਪੈਂਦਾ ਹੈ, ਪਰ ਇੰਜ ਨਹੀਂ ਕੀਤਾ ਜਾਂਦਾ। ਸੁਪਰੀਮ ਕੋਰਟ ਵਿੱਚ ਇੱਕ ਮੁਕੱਦਮੇ ਦੀ ਸੁਣਵਾਈ ਦੌਰਾਨ 18 ਵਿੱਚੋਂ 11 ਰਾਜਾਂ ਨੇ ਕੋਈ ਇਸ਼ਤਿਹਾਰ ਨਹੀਂ ਸੀ ਦਿੱਤਾ। ਬਾਕੀ ਰਾਜ ਵੀ ਅਦਾਲਤ ਵਿੱਚ ਇੰਟਰਨੈੱਟ ਬੰਦੀ ਦੀ ਲੋੜ ਬਾਰੇ ਕੋਈ ਸੰਤੋਸ਼ਜਨਕ ਜਵਾਬ ਨਹੀਂ ਦੇ ਸਕੇ ਸਨ।



ਇਹ ਆਪਾਵਿਰੋਧੀ ਤੱਥ ਹੈ ਕਿ 2014 ਤੋਂ ਕੇਂਦਰੀ ਸੱਤਾ ਉਤੇ ਕਾਬਜ਼ ਭਾਜਪਾ ਸਰਕਾਰ ਸਾਰੀਆਂ ਸਰਕਾਰੀ ਯੋਜਨਾਵਾਂ ਤੇ ਸਰਕਾਰੀ ਸੇਵਾਵਾਂ ਆਨਲਾਈਨ ਕਰ ਚੁੱਕੀ ਹੈ ਜਾਂ ਕਰ ਰਹੀ ਹੈ, ਪਰ ਦੂਜੇ ਪਾਸੇ ਉਸ ਨੇ ਇੰਟਰਨੈੱਟ ਬੰਦੀ ਵਿੱਚ ਦੇਸ਼ ਨੂੰ ਵਿਸ਼ਵ ਚੈਂਪੀਅਨ ਬਣਾ ਦਿੱਤਾ ਹੈ। ਇਹੋ ਨਹੀਂ ਇਹ ਸਰਕਾਰ ਅਦਾਲਤੀ ਹੁਕਮਾਂ ਦੀਆਂ ਵੀ ਧੱਜੀਆਂ ਉਡਾ ਰਹੀ ਹੈ। ਸੁਪਰੀਮ ਕੋਰਟ ਨੇ 2020 ਵਿੱਚ ਕਿਹਾ ਸੀ ਕਿ ਇੰਟਰਨੈੱਟ ਸੇਵਾ ਨਾਗਰਿਕਾਂ ਦਾ ਮੌਲਿਕ ਅਧਿਕਾਰ ਹੈ ਤੇ ਬਿਨਾਂ ਕਿਸੇ ਠੀਕ ਕਾਰਨ ਦੇ ਇਸ ਨੂੰ ਠੱਪ ਨਹੀਂ ਕੀਤਾ ਜਾ ਸਕਦਾ, ਪਰ ਸਰਕਾਰ ਅਜਿਹਾ ਆਏ ਦਿਨ ਕਰ ਰਹੀ ਹੈ।

ਭਾਰਤ ਉਨ੍ਹਾਂ 18 ਦੇਸ਼ਾਂ ਵਿੱਚ ਸ਼ਾਮਲ ਹੈ, ਜਿੱਥੇ ਇੰਟਰਨੈੱਟ ਬੰਦੀ ਕੀਤੀ ਜਾਂਦੀ ਹੈ। ਭਾਰਤ ਵਿੱਚ 2012 ਤੋਂ 2022 ਤੱਕ 683 ਵਾਰ ਇੰਟਰਨੈੱਟ ਬੰਦੀ ਕੀਤੀ ਗਈ ਸੀ। ਇਹ ਦੁਨੀਆ ਦੇ ਕਿਸੇ ਵੀ ਮੁਲਕ ਨਾਲੋਂ ਵੱਧ ਹੈ। ਸਾਲ 2022 ਦੇ ਪਹਿਲੇ 6 ਮਹੀਨਿਆਂ ਦੌਰਾਨ ਦੁਨੀਆ-ਭਰ ਵਿੱਚ ਕੀਤੀ ਗਈ ਇੰਟਰਨੈੱਟ ਬੰਦੀ ਦੇ ਕੇਸਾਂ ਵਿੱਚੋਂ 85 ਫ਼ੀਸਦੀ ਇਕੱਲੇ ਭਾਰਤ ਦੇ ਸਨ। ਇਨ੍ਹੀਂ ਦਿਨੀਂ ਮਣੀਪੁਰ ਵਿੱਚ ਇੰਟਰਨੈੱਟ ਬੰਦ ਹੈ, ਪਰ ਹਾਲਾਤ ਦਿਨੋ-ਦਿਨ ਵਿਗੜਦੇ ਜਾ ਰਹੇ ਹਨ। ਹਕੀਕਤ ਇਹ ਹੈ ਕਿ ਇੰਟਰਨੈੱਟ ਬੰਦੀ ਨੂੰ ਮੋਦੀ ਸਰਕਾਰ ਵੱਲੋਂ ਜਨਤਾ ਵਿਰੁੱਧ ਇੱਕ ਹਥਿਆਰ ਵਜੋਂ ਵਰਤਿਆ ਜਾਂਦਾ।

## ਲੋਕਸਭਾ ਫਰੀਦਕੋਟ ਦੀ ਬਸਪਾ ਲੀਡਰਸ਼ਿਪ ਦੀ ਮੀਟਿੰਗ

**ਫਰੀਦਕੋਟ-** ਲੋਕਸਭਾ ਫਰੀਦਕੋਟ ਦੀ ਬਸਪਾ ਲੀਡਰਸ਼ਿਪ ਦੀ ਮੀਟਿੰਗ ਸੂਬਾ ਪ੍ਰਧਾਨ ਸ ।ਜਸਵੀਰ ਸਿੰਘ ਗੜ੍ਹੀ ਜੀ ਦੀ ਪ੍ਰਧਾਨਗੀ ਵਿੱਚ ਹੋਈ ਜਿਸ ਵਿੱਚ ਮੁੱਖ ਮਹਿਮਾਨ ਕੇਂਦਰੀ ਕੋਆਰਡੀਨੇਟਰ ਸ਼੍ਰੀ ਵਿਪੁਲ ਕੁਮਾਰ ਜੀ ਅਤੇ ਸੂਬਾ ਇੰਚਾਰਜ ਠੇਕੇਦਾਰ ਸ਼੍ਰੀ ਅਜੀਤ ਸਿੰਘ ਭੈਣੀ ਜੀ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਸ਼ਾਮਿਲ ਹੋਏ। ਪਾਰਲੀਮੈਂਟ ਇੰਚਾਰਜ ਸ਼੍ਰ ਗੁਰਬਖਸ਼ ਸਿੰਘ ਚੌਹਾਨ ਜੀ ਨੇ ਸੰਗਠਨ ਦੀ ਰੂਪ ਰੇਖਾ ਰੱਖੀ। ਸਮੁਚੇ 11 ਵਿਧਾਨਸਭਾ ਤੇ ਦੋ ਜ਼ਿਲ੍ਹਿਆ ਦੇ ਅਹੁਦੇਦਾਰ ਸਹਿਬਾਨ ਨੂੰ ਵਿਧਾਨ ਸਭਾ ਪੱਧਰ ਤੇ ਸੈਕਟਰ ਪੱਧਰ ਦੇ ਅਹੁਦੇਦਾਰਾਂ ਬਸਪਾ ਬੀਵੀਐਫ, ਬਾਮਸੇਫ਼ ਦੇ ਸੰਗਠਨ ਦੀ ਸਮੀਖਿਆ ਕਰਦੇ ਹੋਏ ਬਣਾਉਣ ਦੇ ਨਿਰਦੇਸ਼ ਦਿੱਤੇ। ਸਮਾਜਿਕ ਪਰਿਵਰਤਨ ਅਤੇ ਆਰਥਿਕ ਮੁਕਤੀ ਦੇ ਉਦੇਸ਼ ਦੀ ਪ੍ਰਾਪਤੀ ਲਈ ਬਹੁਜਨ ਸਮਾਜ ਲਈ ਸੱਤਾ ਦਾ ਮਾਲਕ ਬਣਨਾ ਜਰੂਰੀ ਹੈ, ਸੱਤਾ ਬਿਨਾਂ ਮਜ਼ਬੂਤ ਵਿਚਾਰਧਾਰਿਕ ਸੰਗਠਨ ਦੇ ਸੰਭਵ ਨਹੀਂ। ਮਜ਼ਬੂਤ ਸੰਗਠਨ ਲਈ ਲਗਾਤਾਰ ਮੀਟਿੰਗ ਦਾ ਦੌਰ ਜਾਰੀ ਰਹੇਗਾ। ਮੋਗਾ ਜਿਲ੍ਹੇ ਦਾ ਢਾਂਚਾ ਭੰਗ ਕਰਦੇ ਹੋਏ 25 ਜੂਨ ਨੂੰ ਮੀਟਿੰਗ ਰੱਖੀ ਗਈ। ਪਾਰਲੀਮੈਂਟ ਦੇ ਸਾਰੇ ਡਾਟੇ ਨੂੰ ਸੂਬਾ ਕਮੇਟੀ ਮੈਂਬਰ ਸ਼੍ਰੀ ਕੇਵਲ ਕ੍ਰਿਸ਼ਨ ਐਡਵੋਕੇਟ ਜੀ ਕਰਨਗੇ। ਪੰਜਾਬ ਵਿੱਚ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਦੀਆਂ ਅਗਲੀਆਂ ਮੀਟਿੰਗਾਂ ਦੀ ਲੜੀ ਨਿਮਨ ਅਨੁਸਾਰ ਹੋਵੇਗੀ -

19 ਜੂਨ ਲੋਕ ਸਭਾ ਫ਼ਰੀਦਕੋਟ
20 ਜੂਨ ਲੋਕ ਸਭਾ ਫਿਰੋਜ਼ਪੁਰ
21 ਜੂਨ ਲੋਕ ਸਭਾ ਬਠਿੰਡਾ
22 ਜੂਨ ਲੋਕ ਸਭਾ ਪਟਿਆਲਾ
23 ਜੂਨ ਲੋਕ ਸਭਾ ਹੁਸ਼ਿਆਰਪੁਰ
24 ਜੂਨ ਲੋਕ ਸਭਾ ਆਨੰਦਪੁਰ ਸਾਹਿਬ
25 ਜੂਨ ਲੋਕ ਸਭਾ ਖੱਡੂਰ ਸਾਹਿਬ
26 ਜੂਨ ਲੋਕ ਸਭਾ ਜਲੰਧਰ

ਇਹਨਾਂ ਮੀਟਿੰਗਾਂ ਤੋਂ ਤੁਰੰਤ ਬਾਅਦ ਦੂਜੀ ਲੜੀ ਤਹਿਤ ਜਿਲ੍ਹਾ ਪੱਧਰੀ ਮੀਟਿੰਗਾਂ ਦਾ ਦੌਰ ਸ਼ੁਰੂ ਕੀਤਾ ਜਾਵੇਗਾ। ਜਿਸਦਾ ਏਜੰਡਾ ਅਧੂਰੇ ਸੰਗਠਨ ਨੂੰ ਪੂਰਾ ਕਰਨਾ ਹੋਵੇਗਾ, ਜਿਸ ਤਹਿਤ ਜਿਲ੍ਹਾ ਕਮੇਟੀ, ਵਿਧਾਨ ਸਭਾ ਕਮੇਟੀ ਤੇ ਵਿਧਾਨ ਸਭਾ ਦੀ ਸੈਕਟਰ ਵੰਡ ਜਮਾਂ ਕਰਵਾਈ ਜਾਵੇਗੀ। ਇਸ ਲੜੀ ਵਿਚ ਪਹਿਲੀ ਮੀਟਿੰਗ 28ਜੂਨ ਨੂੰ ਸੰਗਰੂਰ ਜਿਲ੍ਹੇ ਤੋਂ ਹੋਵੇਗੀ।

## ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਨੂੰ ਸਮਰਪਿਤ ਸਮਾਗਮ ਆਯੋਜਿਤ



**ਜਲੰਧਰ, ਫਗਵਾੜਾ, ਫਿਲੌਰ, ਅੱਪਰਾ (ਜੱਸੀ)-**ਪਿੰਡ ਖਾਟੀ (ਫਗਵਾੜਾ) ਵਿਖੇ ਬੀਤੇ ਐਤਵਾਰ ਦੀ ਸ਼ਾਮ ਨੂੰ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਟੀਮ ਪ੍ਰਗਤੀ ਕਲਾ ਕੇਂਦਰ ਲਾਂਦੜ੍ਹਾ ਵਲੋਂ ਨਿਰਦੇਸ਼ਕ ਸੋਢੀ ਰਾਣਾ ਜੀ ਦੀ ਨਿਰਦੇਸ਼ਨਾ ਹੇਠ ਨਾਟਕ "ਸਮਝਦਾਰ ਲੋਕ", ਓਪੇਰਾ " ਭੀਮ ਮਹਾਨ" ਅਤੇ ਕੋਰੀਓਗ੍ਰਾਫੀਆਂ "ਨਾਮ ਰੌਸ਼ਨ ਕਰੂੰਗੀ", ਐ ਔਰਤ ਤੇਰੀ ਦਰਦ ਕਹਾਣੀ" ਦੋਹੇ - ਗੁਰੂ ਕਬੀਰ ਜੀ ਦਾ ਮੰਚਨ ਕੀਤਾ ਗਿਆ।

ਇਸ ਸਮਾਗਮ ਦੌਰਾਨ ਹਾਜਰ ਮੁੱਖ ਬੁਲਾਰਿਆਂ ਨੇ ਬਾਬਾ ਸਾਹਿਬ ਜੀ ਦੇ ਜੀਵਨ, ਸੋਚ ਤੇ ਫਲਸਫੇ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਉਨਾਂ ਨੇ ਆਪਣਾ ਸਾਰਾ ਜੀਵਨ ਦੱਬੇ ਕੁਚਲੇ ਸਮਾਜ ਦੀ ਭਲਾਈ ਤੇ ਬਿਹਤਰੀ ਲਈ ਲਗਾ ਦਿੱਤਾ। ਇਸ ਮੌਕੇ ਪ੍ਰਬੰਧਕਾਂ ਵਲੋਂ ਪ੍ਰਗਤੀ ਕਲਾ ਕੇਂਦਰ (ਰਜਿ) ਲਾਂਦੜਾ ਦੀ ਟੀਮ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## ਖੇਤੀ ਜਾਂ ਕਿਸੇ ਹੋਰ ਸਹਾਇਕ ਕਿੱਤਿਆਂ ਨੂੰ ਕਰਨ ਵਿੱਚ ਆਉਂਦੀ ਹੈ ਸਮੱਸਿਆ ਤਾ ਖੇਤੀ ਬਾੜੀ ਵਿਭਾਗ ਨਾਲ ਕੀਤਾ ਜਾਵੇ ਸੰਪਰਕ

**ਪਠਾਨਕੋਟ, 20 ਜੂਨ (ਰਾਜਿੰਦਰ ਸਿੰਘ ਰਾਜਨ)** ਜਿਲ੍ਹਾ ਪਠਾਨਕੋਟ ਵਿਖੇ ਖੇਤੀ ਬਾੜੀ ਵਿਭਾਗ ਵੱਲੋਂ ਮਹੀਨੇ ਦੋਰਾਨ ਕੀਤੀ ਕਾਰਗੁਜਾਰੀ ਅਤੇ ਜਿਲ੍ਹਾ ਖੇਤੀਬਾੜੀ ਉਤਪਾਦਕ ਕਮੇਟੀ ਦੀ ਬੈਠਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿਖੇ ਡਿਪਟੀ ਕਮਿਸਨਰ ਪਠਾਨਕੋਟ ਸ ਹਰਬੀਰ ਸਿੰਘ ਦੀ ਪ੍ਰਧਾਨਗੀ ਵਿੱਚ ਕਰਵਾਈ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਡਾ। ਰਜਿੰਦਰ ਕੁਮਾਰ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ, ਗੁਰਪ੍ਰੀਤ ਸਿੰਘ ਭੂਮੀ ਰੱਖਿਆ ਅਫਸਰ, ਧਰਮਵੀਰ ਸਿੰਘ ਵਣ ਮੰਡਲ ਅਫਸਰ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਸਬੰਧਤ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਹਾਜਰ ਸਨ।

ਮੀਟਿੰਗ ਦੋਰਾਨ ਡਾ। ਰਜਿੰਦਰ ਕੁਮਾਰ ਮੁੱਖ ਖੇਤੀ ਬਾੜੀ ਅਫਸਰ ਪਠਾਨਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤੀ ਬਾੜੀ ਵਿਭਾਗ ਪਠਾਨਕੋਟ ਵੱਲੋਂ ਪਿੰਡ ਵੱਧਰ ਤੇ 61 ਜਾਗਰੁਕਤਾ ਕੈਂਪ ਲਗਾਏ ਜਾਣੇ ਹਨ ਅਤੇ ਵਿਭਾਗ ਵੱਲੋਂ ਹੁਣ ਤੱਕ 24 ਜਾਗਰੁਕਤਾ ਕੈਂਪ ਲਗਾਏ ਜਾ ਚੁੱਕੇ ਹਨ ਅਤੇ ਜਿਲ੍ਹਾ ਪੱਧਰ ਤੇ ਵੀ ਇੱਕ ਮੈਗਾ ਜਾਗਰੁਕਤਾ ਕੈਂਪ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸਾਲ 2023-24 ਦੋਰਾਨ ਜਿਲ੍ਹਾ ਪਠਾਨਕੋਟ ਲਈ 1875 ਮਿੱਟੀ ਦੇ ਸੈਂਪਲ ਲੈਣ ਦਾ ਟੀਚਾ ਨਿ-ਰਧਾਰਤ ਕੀਤਾ ਗਿਆ ਹੈ ਅਤੇ ਹੁਣ ਤੱਕ 514 ਮਿੱਟੀ ਦੇ ਸੈਂਪਲ ਲਏ ਜਾ ਚੁੱਕੇ ਹਨ। ਇਸ ਤੋਂ ਇਲਾਵਾ ਹੁਣ ਤੱਕ ਵਿਭਾਗ ਵੱਲੋਂ 4 ਖਾਦਾਂ ਦੇ ਸੈਂਪਲ, 4 ਕੀਟਨਾਸਕ ਦਵਾਈਆਂ ਦੇ ਸੈਂਪਲ, 16 ਬੀਜ (ਐਕਟ) ਅਧੀਨ ਸੈਂਪਲ ਅਤੇ 47 ਬੀਜ (ਸਰਵਿਸ) ਅਧੀਨ ਸੈਂਪਲ ਲਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲਏ ਗਏ ਸੈਂਪਲਾਂ ਦੀ ਰਿਪੋਰਟ ਆਉਂਦੀ ਅਜੇ ਬਾਕੀ ਹੈ।



ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਵੱਖ ਵੱਖ ਵਿਭਾਗਾਂ ਵੱਲੋਂ ਵਧੀਆ ਕਾਰਗੁਜਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਲੀਚੀ ਦਾ ਸੀਜਨ ਬਹੁਤ ਵਧੀਆ ਚਲ ਰਿਹਾ ਹੈ ਪਿਛਲੇ ਕਰੀਬ 10 ਦਿਨ੍ਹਾਂ ਤੋਂ ਲੀਚੀ ਦਾ ਸੀਜਨ ਸੁਰੂ ਹੋ ਚੁੱਕਾ ਹੈ ਅਤੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਲੀਚੀ ਦੀਆਂ ਕੀਮਤਾਂ ਵਿੱਚ ਵੀ ਵਾਧਾ ਨਜਰ ਆ ਰਿਹਾ ਹੈ ਜੋ ਕਿ ਬਾਗਬਾਨਾਂ ਦੇ ਲਈ ਖੁਸੀ ਦੀ ਗੱਲ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਦੋਰਾਨ ਡੇਅਰੀ ਵਿਕਾਸ ਵਿਭਾਗ ਪਠਾਨਕੋਟ ਵੱਲੋਂ ਹੁਣ ਤੱਕ 4 ਜਾਗਰੁਕਤਾ ਕੈਂਪ ਲਗਾਏ ਗਏ ਹਨ ਅਤੇ ਚਾਰ ਨਵੇਂ ਡੇਅਰੀ ਯੂਨਿਟ ਵੀ ਸਥਾਪਤ ਕੀਤੇ ਗਏ ਹਨ ਅਤੇ ਵਿਭਾਗ ਵੱਲੋਂ ਪਿੰਡ ਪੱਧਰ ਤੱਕ ਪਹੁੰਚ ਕਰਕੇ ਦੁੱਧ ਟੈਸਟਿੰਗ ਦੇ ਕੈਂਪ ਵੀ ਲਗਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਖੇਤੀ ਦੇ ਨਾਲ ਨਾਲ ਹੋਰ ਸਹਾਇਕ ਕਿੱਤਿਆਂ ਨੂੰ ਵੀ ਅਪਣਾਇਆ ਜਾ ਰਿਹਾ ਹੈ ਅਤੇ ਅਪਣੀ ਅਮਦਨ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਉਨ੍ਹਾਂ ਦਾ ਇਹ ਉਪਰਾਲਾ ਹੈ ਕਿ ਖੇਤੀ ਨਾਲ ਸਬੰਧਤ ਵੱਖ ਵੱਖ ਵਿਭਾਗਾਂ ਦੇ ਸਹਿਯੋਗ ਨਾਲ ਹੋਰ ਸਹਾਇਕ ਧੰਦਿਆਂ ਅੰਦਰ ਕਿਸਾਨਾਂ ਦੀ ਰੂਚੀ ਵਧਾਉਂਣ ਦੇ ਲਈ ਉਨ੍ਹਾਂ ਨੂੰ ਜਾਗਰੁਕ ਕਰਨ ਦੇ ਲਈ ਕੈਂਪ ਲਗਾਏ ਜਾਣ। ਉਨ੍ਹਾਂ ਮੀਟਿੰਗ ਵਿੱਚ ਹਾਜਰ ਕਿਸਾਨਾਂ ਦੇ ਨਾਲ ਵੀ ਵੱਖ ਵੱਖ ਮੁੱਦਿਆਂ ਤੇ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਪੇਸ ਆ ਰਹੀਆਂ ਸਮੱਸਿਆਵਾਂ ਤੇ ਵੀ ਵਿਚਾਰ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਕਿਸਾਨ ਨੂੰ ਖੇਤੀ ਕਰਨ ਜਾਂ ਖੇਤੀ ਨਾਲ ਸਬੰਧਤ ਕਿਸੇ ਹੋਰ ਸਹਾਇਕ ਕਿੱਤਿਆਂ ਨੂੰ ਕਰਨ ਵਿੱਚ ਸਮੱਸਿਆ ਆਉਂਦੀ ਹੈ ਤਾਂ ਖੇਤੀ ਬਾੜੀ ਵਿਭਾਗ ਜਾਂ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਖਾਦਾਂ ਅਤੇ ਕੀਟਨਾਸਕ ਦਵਾਈਆਂ ਖੇਤੀ ਬਾੜੀ ਮਾਹਿਰਾਂ ਦੀ ਸਲਾਹ ਨਾਲ ਹੀ ਵਰਤੋ ਅਤੇ ਫਸਲਾਂ ਉਪਰ ਵਾਧੂ ਕੀਟਨਾਸਕ ਦਵਾਈਆਂ ਦਾ ਛਿੜਕਾਅ ਨਾ ਕੀਤਾ ਜਾਵੈ।

## ਸੰਘਰਸ਼ ਕਮੇਟੀ ਵਲੋਂ ਗਰੀਬਾਂ ਦੇ ਨੀਲੇ ਕਾਰਡ ਕੱਟਣ ਤੇ ਪੰਜਾਬ ਸਰਕਾਰ ਦੀ ਆਲੋਚਨਾ ਕੀਤੀ ਗਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਮੀਟਿੰਗ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਗਰੀਬਾਂ ਦੇ ਨੀਲੇ ਕਾਰਡ ਕੱਟਣ ਲਈ ਸਰਕਾਰ ਦੀ ਆਲੋਚਨਾ ਕੀਤੀ ਗਈ। ਕਰਮਵੀਰ ਬਾਲੀ ਨੇ ਦੱਸਿਆ ਕਿ ਅੱਜ ਤੱਕ ਗਰੀਬ ਲੋਕਾਂ ਨੂੰ ਕਣਕ ਨਹੀਂ ਮਿਲ ਰਹੀ, ਜਿਸ ਕਾਰਨ ਉਹ ਇੱਕ ਕਿੱਲੋ ਆਟਾ ਲਿਆ ਕੇ ਆਪਣੇ ਪਰਿਵਾਰਾਂ ਦਾ ਪੇਟ ਪਾਲ ਰਹੇ ਹਨ। ਕਰਮਵੀਰ ਬਾਲੀ ਨੇ ਕਿਹਾ ਕਿ ਕਣਕ ਜਲਦੀ ਡਿਪੂਆਂ ਵਿੱਚ ਭੇਜੀ ਜਾਵੇ। ਕਰਮਵੀਰ ਬਾਲੀ ਨੇ ਕਿਹਾ ਕਿ ਸਰਕਾਰ ਦੋਹਰੇ ਮਾਪਦੰਡ ਅਪਣਾ ਰਹੀ ਹੈ, ਇਕ ਪਾਸੇ ਜਨਤਾ ਨੂੰ ਖੁਸ਼ ਕਰਨ ਲਈ 300 ਯੂਨਿਟ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਵਧਾ ਕੇ ਮੁਫਤ ਬਿਜਲੀ ਦੀ ਭਰਪਾਈ ਕੀਤੀ ਜਾ ਰਹੀ ਹੈ। ਬਿਜਲੀ ਦੇ ਬਿੱਲ 2 ਮਹੀਨੇ ਬਾਅਦ ਆਉਣੇ ਹਨ ਅਤੇ ਰੋਜ਼ਾਨਾ ਪੈਟਰੋਲ ਅਤੇ ਡੀਜ਼ਲ ਦੀ ਖਪਤ ਕਾਰਨ ਸਰਕਾਰ ਬਿਜਲੀ ਦੇ ਘਾਟੇ ਨੂੰ ਪੂਰਾ ਕਰ ਰਹੀ ਹੈ। ਕਰਮਵੀਰ ਬਾਲੀ ਨੇ ਕਿਹਾ ਕਿ ਮੁਫਤ ਬਿਜਲੀ ਦੇਣ ਦੀ ਬਜਾਏ ਬਿਜਲੀ ਦੇ ਰੇਟ ਘਟਾਏ ਜਾਣ ਅਤੇ ਪੈਟਰੋਲ ਅਤੇ ਡੀਜ਼ਲ 'ਤੇ ਵਧਿਆ ਵੈਟ ਵਾਪਸ ਲਿਆ ਜਾਵੇ। ਸਰਕਾਰ ਨੂੰ ਰੋਜ਼ਾਨਾ ਬਿਜਲੀ ਮੁਹੱਈਆ ਕਰਵਾਉਣੀ ਚਾਹੀਦੀ ਹੈ ਅਤੇ ਕੱਟ ਬੰਦ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਜਨਤਾ ਨੂੰ ਰਾਹਤ ਮਿਲ ਸਕੇ। ਇਸ ਮੌਕੇ ਨਿਰਮਲ ਸਿੰਘ, ਉੱਤਮ ਸਿੰਘ, ਗੁੱਡੂ ਸਿੰਘ, ਸਤਨਾਮ, ਕਰਮ ਸਿੰਘ ਆਦਿ ਸ਼ਾਮਲ ਸਨ।



# ਪੰਜਾਬ ਵਿਧਾਨ ਸਭਾ ਵਿੱਚ ਵੱਖ ਵੱਖ ਪੋਸਟਾਂ ਲਈ ਕੀਤੀ ਗਈ ਭਰਤੀ ਦੌਰਾਨ ਅਨੁਸੂਚਿਤ ਜਾਤੀਆਂ ਲਈ ਬਣਾਈ ਗਈ ਰਾਖਵਾਂਕਰਣ ਨੀਤੀ ਲਾਗੂ ਨਾ ਕਰਨ ਸਬੰਧੀ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਕੁਲਦੀਪ ਚੰਦ ਦੀ ਸ਼ਿਕਾਇਤ ਤੇ ਰਾਸ਼ਟਰੀ ਅਨੁਸੂਚਿਤ ਜਾਤੀ ਆਯੋਗ ਨੇ ਪੰਜਾਬ ਸਰਕਾਰ ਨੂੰ ਨੋਟਿਸ ਭੇਜਿਆ

ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਕੁਲਦੀਪ ਚੰਦ ਰਾਸ਼ਟਰੀ ਅਨੁਸੂਚਿਤ ਜਾਤੀ ਆਯੋਗ ਵਲੋਂ ਆਏ ਨੋਟਿਸ ਬਾਰੇ ਜਾਣਕਾਰੀ ਦਿੰਦੇ ਹੋਏ। ਸ਼੍ਰੀ ਅਨੰਦਪੁਰ ਸਾਹਿਬ ਤੋਂ ਮੌਜੂਦਾ ਵਿਧਾਇਕ ਅਤੇ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪੰਜਾਬ ਚੋਣਾਂ ਤੋਂ ਪਹਿਲਾਂ 08 ਫਰਵਰੀ 2022 ਨੂੰ ਪ੍ਰੈਸ ਕਾਨਫਰੰਸ ਕਰਕੇ ਕਾਂਗਰਸ ਸਰਕਾਰ ਵੱਲੋਂ 2017 ਤੋਂ 2021 ਦੇ ਅਰਸੇ ਦੌਰਾਨ ਵਿਧਾਨ ਸਭਾ ਪੰਜਾਬ ਵਿੱਚ ਵੱਖ-ਵੱਖ ਅਸਾਮੀਆਂ ਲਈ ਕੀਤੀ ਗਈ ਭਰਤੀ ਵਿੱਚ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਲਈ ਬਣਾਈ ਗਈ ਰਾਖਵਾਂਕਰਣ ਨੀਤੀ ਨੂੰ ਲਾਗੂ ਨਾ ਕਰਨ ਬਾਰੇ ਦੱਸਿਆ ਗਿਆ ਸੀ। ਉਨ੍ਹਾਂ ਪਿਛਲੀ ਕਾਂਗਰਸ ਸਰਕਾਰ ਦੁਆਰਾ ਭਰਤੀ ਕੀਤੀਆਂ ਵੱਖ-ਵੱਖ ਅਸਾਮੀਆਂ ਦੀ ਸੂਚੀ ਵੀ ਜਾਰੀ ਕੀਤੀ ਅਤੇ ਦਾਅਵਾ ਕੀਤਾ ਕੀਤਾ ਸੀ ਕਿ ਇਨ੍ਹਾਂ ਵੱਖ-ਵੱਖ ਅਸਾਮੀਆਂ ਲਈ ਭਰਤੀ ਲਈ ਉਮੀਦਵਾਰਾਂ ਦੀ ਨਿਯੁਕਤੀ ਵੱਖ-ਵੱਖ ਸਿਆਸੀ ਆਗੂਆਂ ਅਤੇ ਅਧਿਕਾਰੀਆਂ ਦੀਆਂ ਸਿਫ਼ਾਰਸ਼ਾਂ ਤੇ ਕੀਤੀ ਗਈ ਸੀ। ਹਰਜੋਤ ਸਿੰਘ ਬੈਂਸ ਨੇ ਇਹ ਐਲਾਨ ਅਤੇ ਵਾਅਦਾ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਣ ਨੀਤੀ ਨੂੰ ਲਾਗੂ ਨਾ ਕਰਨ ਤੇ ਇਸ ਗੈਰ-ਕਾਨੂੰਨੀ ਭਰਤੀ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਇਸ ਲਈ ਜ਼ਿੰਮੇਵਾਰ ਆਗੂਆਂ ਅਤੇ ਅਧਿਕਾਰੀਆਂ ਖਿਲਾਫ ਬਣਦੀ ਸੱਖਤ ਕਨੂੰਨੀ ਕਾਰਵਾਈ ਕੀਤੀ ਜਾਵੇਗੀ। ਬੇਸ਼ੱਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਲੱਗਭੱਗ 15 ਮਹੀਨੇ ਬੀਤ ਚੁੱਕੇ ਹਨ ਪਰੰਤੂ ਇਸ ਮਾਮਲੇ ਸਬੰਧੀ ਪੰਜਾਬ ਸਰਕਾਰ ਵਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਿਕਾਇਤ ਕਰਤਾ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਕੁਲਦੀਪ ਚੰਦ ਨੇ ਦੱਸਿਆ ਕਿ ਸਰਦਾਰ ਹਰਜੋਤ ਸਿੰਘ ਬੈਂਸ ਦੀ ਪ੍ਰੈਸ ਕਾਨਫਰੰਸ ਦੀ ਵੀਡੀਓ ਅਤੇ ਖਬਰਾਂ ਦੇ ਅਧਾਰ ਤੇ ਮਿਤੀ 10 ਫਰਵਰੀ 2022 ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀ ਆਯੋਗ ਨੂੰ ਕਾਨੂੰਨ ਅਨੁਸਾਰ ਕਾਰਵਾਈ ਕਰਨ ਲਈ ਸ਼ਿਕਾਇਤ ਕੀਤੀ ਸੀ। ਮੌਜੂਦਾ ਸਰਕਾਰ ਬਣਨ ਤੋਂ ਬਾਦ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ, ਕੈਬਿਨਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਡਾਕਟਰ ਬਲਜੀਤ ਕੌਰ ਨੂੰ ਵੀ ਸਿਕਾਇਤ ਭੇਜੀ ਗਈ ਹੈ ਪਰੰਤੂ ਹੁਣ ਤੱਕ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਗਈ ਹੈ।



ਦੱਫਤਰ ਮੁੱਖ ਮੰਤਰੀ ਤੋਂ ਮੇਰੀ ਸ਼ਿਕਾਇਤ ਅੱਗੇ ਭੇਜੀ ਗਈ ਪਰੰਤੂ ਉਸ ਤੋਂ ਬਾਦ ਕਿਸੇ ਤਰਾਂ ਦੀ ਕੋਈ ਕਾਰਵਾਈ ਬਾਰੇ ਜਾਣਕਾਰੀ ਨਹੀਂ ਮਿਲੀ ਹੈ। ਇਸ ਸਬੰਧੀ ਦੱਫਤਰ ਸਕੱਤਰ ਵਿਧਾਨ ਸਭਾ ਪੰਜਾਬ ਨੂੰ ਸੂਚਨਾ ਦੇ ਅਧਿਕਾਰ ਐਕਟ ਤਹਿਤ ਅਰਜ਼ੀ ਵੀ ਦਿੱਤੀ ਹੈ ਪਰੰਤੂ ਪੂਰੀ ਜਾਣਕਾਰੀ ਨਹੀਂ ਮਿਲੀ ਹੈ। ਸ਼ਿਕਾਇਤ ਦਾ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਪੰਜਾਬ ਰਾਜ ਅਨੁਸੂਚਿਤ ਜਾਤੀ ਆਯੋਗ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਮੈਂ ਆਪਣੀ ਸ਼ਿਕਾਇਤ ਤੇ ਕੀਤੀ ਗਈ ਕਾਰਵਾਈ ਬਾਰੇ ਮੈਨੂੰ ਸੂਚਿਤ ਕਰਨ ਲਈ ਬੇਨਤੀ ਕੀਤੀ ਪਰ ਕੋਈ ਜਵਾਬ ਨਹੀਂ ਮਿਲਿਆ ਹੈ। 31 ਅਗਸਤ 2022 ਨੂੰ ਆਰ.ਟੀ.ਆਈ ਤਹਿਤ ਪੰਜਾਬ ਰਾਜ ਅਨੁਸੂਚਿਤ ਜਾਤੀ ਆਯੋਗ ਵਲੋਂ ਮੇਰੀ ਸ਼ਿਕਾਇਤ ਤੇ ਕੀਤੀ ਗਈ ਕਾਰਵਾਈ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਪਰ ਪੰਜਾਬ ਰਾਜ ਅਨੁਸੂਚਿਤ ਜਾਤੀ ਆਯੋਗ ਦੇ ਦਫ਼ਤਰ ਤੋਂ ਕੋਈ ਜਵਾਬ ਨਹੀਂ ਮਿ-ਲਿਆ ਹੈ। ਮਿਤੀ 17 ਫਰਵਰੀ, 2023 ਨੂੰ ਇਸ ਸਬੰਧੀ ਰਾਸ਼ਟਰੀ ਅਨੁਸੂਚਿਤ ਜਾਤੀ ਅਯੋਗ ਨੂੰ ਇਸ ਸਬੰਧੀ ਸ਼ਿਕਾਇਤ ਕੀਤੀ ਗਈ ਕਿ ਇਸ ਭਰਤੀ ਦੌਰਾਨ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਲਈ ਬਣਾਈ ਗਈ ਰਾਖਵਾਂਕਰਨ ਨੀਤੀ ਨੂੰ ਲਾਗੂ ਨਾ ਕਰਨ ਲਈ ਜ਼ਿੰਮੇਵਾਰ ਆਗੂਆਂ ਅਤੇ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਅਨੁਸੂਚਿਤ ਜਾਤੀਆਂ ਲਈ ਬਣਾਈ ਗਈ ਰਾਖਵਾਂਕਰਨ ਨੀਤੀ ਨੂੰ ਹਰ ਕਿਸਮ ਦੀ ਭਰਤੀ ਵਿੱਚ ਲਾਗੂ ਕੀਤਾ ਜਾਵੇ। ਇਸ ਸ਼ਿਕਾਇਤ ਤੇ ਕਾਰਵਾਈ ਕਰਦਿਆਂ ਰਾਸ਼ਟਰੀ ਅਨੁਸੂਚਿਤ ਜਾਤੀ ਅਯੋਗ ਦੇ ਡਿਪਟੀ ਡਾਇਰੈਕਟਰ ਡਾਕਟਰ ਦਿਨੇਸ਼ ਵਿਆਸ ਨੇ ਮਿਤੀ 13 ਜੂਨ 2023 ਨੂੰ ਫਾਇਲ ਨੰਬਰ ਕੇ-17/ਪੰਜਾਬ-37/2023/ਐਸ ਐਸ ਡਵਲਿਊ-1 ਰਾਹੀਂ ਸਕੱਤਰ ਵਿਧਾਨ ਸਭਾ ਪੰਜਾਬ ਤੋਂ 15 ਦਿਨਾਂ ਵਿੱਚ ਇਸ ਸਬੰਧੀ ਤੱਥ, ਜਾਣਕਾਰੀ ਅਤੇ ਸਿਕਾਇਤ ਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਮੰਗੀ ਹੈ। ਇਸ ਸਬੰਧੀ ਰਿਪੋਰਟ ਸਮੇਂ ਸਿਰ ਨਾਂ ਮਿਲਣ ਤੇ ਆਯੋਗ ਵਲੋਂ ਭਾਰਤੀ ਸੰਵਿਧਾਨ ਦੇ ਆਰਟੀਕਲ 338 ਅਧੀਨ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਕੱਤਰ ਵਿਧਾਨ ਸਭਾ ਪੰਜਾਬ ਨੂੰ ਨਿੱਜੀ ਤੋਰ ਤੇ ਆਯੋਗ ਸਾਹਮਣੇ ਪੇਸ਼ ਹੋਣ ਲਈ ਸੰਮਨ ਜਾਰੀ ਕਰੇਗਾ।

ਕੁਲਦੀਪ ਚੰਦ ਨੇ ਦੱਸਿਆ ਕਿ ਇਸ ਭਰਤੀ ਵਿੱਚ ਲੱਗਭੱਗ 160 ਵੱਖ ਵੱਖ ਪੋਸਟਾਂ ਲਈ ਕੀਤੀ ਗਈ ਭਰਤੀ ਦੀ ਨਿਰਪੱਖ ਜਾਂਚ ਹੋਣ ਅਤੇ ਇਸ ਲਈ ਜਿੰਮੇਬਾਰ ਅਧਿਕਾਰੀਆਂ ਖਿਲਾਫ ਬਣਦੀ ਕਨੂੰਨੀ ਕਾਰਵਾਈ ਦੀ ਆਸ ਬੱਝੀ ਹੈ। ਉਨ੍ਹਾਂ ਕੈਬਿਨਟ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਕਿ ਅਪਣੇ ਵਾਅਦੇ ਅਨੁਸਾਰ ਇਸ ਭਰਤੀ ਸਬੰਧੀ ਉੱਚ ਪੱਧਰੀ ਜਾਂਚ ਕਰਵਾਕੇ ਇਸ ਭਰਤੀ ਨੂੰ ਰੱਦ ਕਰਵਾਇਆ ਜਾਵੇ ਅਤੇ ਇਸ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਰਾਜਨੀਤਿਕ ਆਗੂਆਂ ਖਿਲਾਫ ਬਣਦੀ ਕਨੂੰਨੀ ਕਾਰਵਾਈ ਕੀਤੀ ਜਾਵੇ।

**ਕੁਲਦੀਪ ਚੰਦ, 91-94175-63054**

## ਲੇਖਕ ਤੇ ਸ਼ਾਇਰ ਮਹਿੰਦਰ ਸੂਦ ਨੂੰ ਕੀਤਾ ਸਨਮਾਨਿਤ

**ਜਲੰਧਰ, ਫਿਲੌਰ, ਗੋਰਾਇਆ, ਅੱਪਰਾ (ਜੱਸੀ)**-ਇਲਾਕੇ ਦੇ ਪ੍ਰਸਿੱਧ ਲੇਖਕ ਮਹਿੰਦਰ ਸੂਦ ਵਿਰਕ ਨੂੰ ਸਤਰੰਗੀ ਪੀਂਘ ਇੱਕ ਸਾਹਿਤਕ ਗਰੁੱਪ ਫੇਸ ਬੁੱਕ ਮੰਚ ਵੱਲੋਂ "ਤਸਵੀਰਾਂ ਬੋਲਦੀਆਂ " ਸਿ-ਰਲੇਖ ਤਹਿਤ ਕਰਵਾਏ ਗਏ ਕੈਪਸ਼ਨ ਮੁਕਾਬਲਾ ਨੰਬਰ 54 ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਨ ਤੇ ਸਤਰੰਗੀ ਪੀਂਘ ਫੇਸ ਬੁੱਕ ਮੰਚ ਪਰਿਵਾਰ ਵੱਲੋਂ ਵਿਸ਼ੇਸ਼ ਤੌਰ ਸਨਮਾਨ ਪੱਤਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮਹਿੰਦਰ ਸੂਦ ਵਿਰਕ ਨੇ ਕਿਹਾ ਕਿ ਉਹ ਕਾਮਨਾ ਕਰਦੇ ਹਨ ਕਿ "ਸਤਰੰਗੀ ਪੀਂਘ ਇੱਕ ਸਾਹਿਤਕ ਗਰੁੱਪ ਫੇਸ ਬੁੱਕ ਮੰਚ" ਆਸਮਾਨ ਦੀਆਂ ਬੁਲੰਦੀਆਂ ਨੂੰ ਛੋਵੇ। ਉਨਾਂ ਅੱਗੇ ਕਿਹਾ ਕਿ ਮੈਂ ਸਤਰੰਗੀ ਪੀਂਘ ਇੱਕ ਸਾਹਿਤਕ ਗਰੁੱਪ ਫੇਸ ਬੁੱਕ ਮੰਚ ਦੇ ਸੰਚਾਲਕ ਅਤੇ ਉੱਪ ਸੰਚਾਲਕ ਦਾ ਦਿਲ ਦੀਆਂ ਗਹਿਰਾਈ ਤੋਂ ਧੰਨਵਾਦੀ ਹਾਂ।



***

## ਸਿਹਤ ਸੰਸਥਾਵਾਂ 'ਚ ਮਨਾਇਆ 'ਕੌਮਾਂਤਰੀ ਯੋਗਾ ਦਿਵਸ'

**ਭਵਾਨੀਗੜ (ਦਲਜੀਤ ਕੌਰ )**- ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੇ ਨਿਰਦੇਸ਼ਾਂ ਅਨੁਸਾਰ ਅੱਜ ਸਿਵਲ ਸਰਜਨ ਡਾ ਪਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਕਾਂ ਅਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਡਾ ਸੰਜੇ ਮਾਥੁਰ ਦੀ ਯੋਗ ਅਗਵਾਈ ਹੇਠ ਸੀ ਐਚ ਸੀ ਭਵਾਨੀਗੜ੍ਹ ਦੇ ਅਧੀਨ ਆਉਂਦੇ ਵੱਖ -ਵੱਖ ਸਿਹਤ ਕੇਂਦਰਾਂ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ। ਬਲਾਕ ਐਜੂਕੇਟਰ ਕਮ ਨੋਡਲ ਅਫਸਰ ਆਈ ਈ ਸੀ ਸ੍ਰੀ ਗੁਰਵਿੰਦਰ ਸਿੰਘ ਕਿਹਾ ਕਿ ਅੱਜਕਲ੍ਹ ਦੀ ਭਜ ਦੌੜ ਵਾਲੀ ਜ਼ਿੰਦਗੀ ਕਾਰਨ ਸਿਹਤ ਦੇ ਖੇਤਰ ਵਿਚ ਕਈ ਨਵੀਆਂ ਚੁਣੌਤੀਆਂ ਸਾਡੇ ਸਾਹਮਣੇ ਹਨ। ਗੈਰ ਸੰਚਾਰੀ ਰੋਗ ਜਿਵੇਂ ਹਾਈ ਬਲਡ ਪ੍ਰੈਸ਼ਰ, ਸ਼ੂਗਰ, ਦਿਲ ਦਾ ਦੌਰਾ, ਲਕਵਾ, ਕੈਂਸਰ, ਦਮਾ, ਸਾਹ ਦੀਆਂ ਬਿਮਾਰੀਆਂ, ਪੇਟ ਦੀਆਂ ਬਿਮਾਰੀਆਂ ਤੇ ਮਾਨਸਿਕ ਰੋਗਾਂ ਨਾਲ ਵੱਡੀ ਗਿਣਤੀ ਵਿਚ ਲੋਕ ਪ੍ਰਭਾਵਿਤ ਹੋ ਰਹੇ ਹਨ। ਆਧੁਨਿਕ ਸਮਾਜ ਵਿਚ ਸਰੀਰਿਕ ਘੱਟ ਤੇ ਦਿਮਾਗੀ ਗਤੀਵਿਧੀਆਂ ਵਧ ਗਈਆਂ ਹਨ, ਜੋ ਕਿ ਤਣਾਅ ਦਾ ਇਕ ਵੱਡਾ ਕਾਰਨ ਹਨ। ਇਸ ਤੋਂ ਮੁਕਤੀ ਲਈ ਸਭ ਤੋਂ ਵੱਧ ਜ਼ਰੂਰੀ ਹੈ, ਸਰੀਰਿਕ ਗਤੀਵਿਧੀਆਂ ਵਿੱਚ ਵਾਧਾ ਕਰਨਾ। ਇਨ੍ਹਾਂ 'ਚ ਯੋਗਾ ਕਰਨਾ ਸਭ ਤੋਂ ਵੱਧ ਲਾਹੇਵੰਦ ਹੈ। ਉਹਨਾਂ ਨੇ ਅੱਗੇ ਦੱਸਿਆ ਕਿ ਯੋਗ ਕਸਰਤ ਕਰਨ ਦਾ ਪ੍ਰਾਚੀਨ ਅਤੇ ਲੋਕਪ੍ਰਿਅ ਤਰੀਕਾ ਹੈ।







# ਪੰਜਾਬ ਯੂਟੀ ਮੁਲਾਜ਼ਮ ਤੇ ਪੈਨਸ਼ਨਰ ਫਰੰਟ ਨੇ ਮੰਗ ਪੱਤਰ ਰਾਹੀਂ ਆਪਣੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਯੂਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਇਕਾਈ ਗੜ੍ਹਸ਼ੰਕਰ ਵੱਲੋਂ ਇੱਕ ਵਿਸ਼ਾਲ ਵਫ਼ਦ ਫਰੰਟ ਆਗੂਆਂ ਮੱਖਣ ਸਿੰਘ ਵਾਹਿਦਪੁਰੀ, ਮੁਕੇਸ਼ ਕੁਮਾਰ, ਜਥੇਦਾਰ ਅਮਰੀਕ ਸਿੰਘ ਤੇ ਸ਼ਰਮੀਲਾ ਰਾਣੀ ਦੀ ਅਗਵਾਈ ਵਿਚ ਡਿਪਟੀ ਸਪੀਕਰ ਸ਼੍ਰੀ ਜੈ ਕ੍ਰਿਸ਼ਨ ਸਿੰਘ ਰੋੜੀ ਦੀ ਗੈਰ- ਮੌਜੂਦਗੀ ਵਿਚ ਉਹਨਾਂ ਦੇ ਓ।ਐਸ।ਡੀ ਸ਼੍ਰੀ ਚਰਨਜੀਤ ਚੰਨੀ ਨੂੰ ਮਿਲਿਆ ਤੇ ਅਪਣੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਜੀ ਨੂੰ ਭੇਜਿਆ ਜਾਣਾ ਵਾਲ ਮੰਗ - ਪੱਤਰ ਉਹਨਾਂ ਨੂੰ ਸੌਂਪਿਆ । ਮੰਗ ਪੱਤਰ ਪ੍ਰਾਪਤ ਕਰਦਿਆਂ ਸ਼੍ਰੀ ਚਰਨਜੀਤ ਚੰਨੀ ਨੇ ਕਿਹਾ ਉਹ ਸਮੁੱਚੀਆਂ ਮੰਗਾਂ ਮਾਨਯੋਗ ਡਿਪਟੀ ਸਪੀਕਰ ਸਾਹਿਬ ਦੇ ਧਿਆਨ ਵਿਚ ਲਿਆਉਣਗੇ ਤੇ ਮੁਲਾਜਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਮਨਵਾਉਣ ਲਈ ਪੁਰਜ਼ੋਰ ਸਿਫਾਰਿਸ਼ ਕਰਨਗੇ ੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਫਰੰਟ ਆਗੂਆਂ ਸ਼ਾਮ ਸੁੰਦਰ ਕਪੂਰ ਤੇ ਸੁਖਦੇਵ ਡਾਨਸੀਵਾਲ ਨੇ ਦੱਸਿਆ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੈਨਸ਼ਨਰਾਂ ਤੇ ਮੁਲਾਜਮਾਂ ਨਾਲ਼ ਜੋ ਵਾਅਦੇ ਕੀਤੇ ਸਨ, ਸੱਤਾ ਵਿਚ ਆਉਂਦਿਆਂ ਸਾਰ ਹੀ ਪਾਰਟੀ ਵੱਲੋਂ ਉਹ ਸਾਰੇ ਵਾਅਦੇ ਵਿਸਾਰ ਦਿੱਤੇ ਗਏ ਹਨ। ਮੁਲਾਜ਼ਮਾਂ ਤੇ ਪੈਨਸ਼ਨਰਾਂ ਵਲੋਂ ਲਗਾਤਾਰ ਕੀਤੇ ਰਹੇ ਸੰਘਰਸ਼ਾਂ ਦੇ ਬਾਵਜੂਦ ਵੀ ਸਰਕਾਰ ਉਹਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਸਰਕਾਰ -ਦਰਬਾਰੇ ਅਪਣੀ ਗੱਲ ਸੁਨਾਉਣ ਲਈ ਪਹੁੰਚਦੇ ਮੁਲਾਜ਼ਮਾਂ ਆਗੂਆਂ ਨਾਲ ਦੁਰਵਿਹਾਰ ਕੀਤਾ ਜਾਂਦਾ ਹੈ ਤੇ ਗ੍ਰਿਫਤਾਰ ਕਰਵਾਇਆ ਜਾਂਦਾ ਹੈ, ਮੁਲਾਜਮਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਤੇ ਮਾਣ ਭੱਤਾ ਵਰਕਰਾਂ ਦੀਆਂ ਜਾਇਜ਼ ਮੰਗਾਂ ਨਾ ਮੰਨੇ ਜਾਣ ਕਰਕੇ ਇਨ੍ਹਾਂ ਵਰਗਾਂ ਵਿੱਚ ਸਰਕਾਰ ਪ੍ਰਤੀ ਨਿਰਾਸ਼ਾ ਤੇ ਗੁੱਸੇ ਦੀ ਭਾਵਨਾ ਵੱਧ ਰਹੀ ਹੈ ਲ ਇਸ ਸਮੇਂ ਸਤਪਾਲ ਮਿਨਹਾਸ, ਹੰਸ ਰਾਜ ਤੇ ਬਲਵੰਤ ਰਾਮ ਨੇ ਕਿਹਾ ਕਿ ਸਰਕਾਰ ਵਲੋਂ ਕੀਤੇ ਅਪਣੇ ਚੋਣ ਵਾਅਦਿਆਂ ਅਨੁਸਾਰ ਹਰ ਤਰ੍ਹਾਂ ਦੇ ਕੱਚੇ, ਠੇਕਾ ਤੇ ਆਊਟ ਸੋਰਸ ਕਰਮਚਾਰੀਆਂ ਨੂੰ ਰੈਗੂਲਰ ਸਕੇਲ ਦੇ ਕੇ ਪੱਕਾ ਕੀਤਾ ਜਾਵੇ, ਸਰਕਾਰੀ ਵਿਭਾਗਾਂ ਵਿਚ ਖ਼ਾਲੀ ਪਈਆਂ ਅਸਾਮੀਆਂ ਤੁਰੰਤ ਰੈਗੂਲਰ ਅਧਾਰ ਤੇ ਭਰੀਆਂ ਜਾਣ, ਕੱਟੀਆਂ ਪੋਸਟਾਂ ਤੁਰੰਤ ਬਹਾਲ ਕੀਤੀਆਂ ਜਾਣ, ਲੋੜ ਅਨੁਸਾਰ ਨਵੀਆਂ ਅਸਾਮੀਆਂ ਸਿਰਜੀਆਂ ਜਾਣ , ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ , ਮਾਣ ਭੱਤਾ ਵਰਕਰਾਂ ਨੂੰ ਘੱਟੋ-ਘੱਟ ਉਜਰਤ ਦੇ ਘੇਰੇ ਵਿਚ ਲਿਆਂਦਾ ਜਾਵੇ, ਡਿਵੈਲਪਮੈਂਟ ਭੱਤੇ ਦੀ ਕਟੌਤੀ ਬੰਦ ਕੀਤੀ ਜਾਵੇ, ਪ੍ਰੋਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖ਼ਾਹ ਦੇਣ ਦਾ ਹਾਈਕੋਰਟ ਦਾ ਫੈਸਲਾ ਲਾਗੂ ਕੀਤਾ ਜਾਵੇ, ਪੈਨਸ਼ਨਰਾਂ ਲਈ ਛੇਵੇਂ ਪੇਅ- ਕਮਿਸ਼ਨ ਦਾ ਗੁਣਾਂਕ 2159 ਲਾਗੂ ਕੀਤਾ ਜਾਵੇ, ਪੇਅ -ਕਮਿਸ਼ਨ ਦਾ ਬਕਾਇਆ ਯਕ- ਮੁਸ਼ਤ ਦਿੱਤਾ ਜਾਵੇ, ਮੈਡੀਕਲ ਭੱਤਾ ਦੋ ਹਜ਼ਾਰ ਪ੍ਰਤੀ ਮਹੀਨਾ ਕੀਤਾ ਜਾਵੇ, 1-1-16 ਤੋ ਬਾਅਦ ਸੇਵਾ-ਮੁਕਤ ਹੋਏ ਪੈਨਸ਼ਨਰਾਂ ਨੂੰ ਸੋਧੀ ਲੀਵ ਇਨ ਕੈਸ਼ਮੈਂਟ ਤੇ ਗਰੈਚੁਟੀ ਤੁਰੰਤ ਦਿੱਤੀ ਜਾਵੇ । ਇਸ ਸਮੇਂ ਹਰਪਾਲ ਕੌਰ, ਜੀਤ ਸਿੰਘ ਬਗਵਾਈ, ਮਨਜੀਤ ਸਿੰਘ ਪੱਦੀ, ਸੁਰਜੀਤ ਕਾਲਾ, ਬਲਵੀਰ ਖਾਨਪੁਰੀ, ਗੁਰਮੇਲ ਸਿੰਘ, ਹੈਡ ਮਾਸਟਰ ਜੋਗਾ ਰਾਮ, ਲੈਕ। ਸਰੂਪ ਚੰਦ , ਡਾ ਗੋਪਾਲ ਦਾਸ ਮਨਹੋਤਰਾ, ਪਰਮਾਨੰਦ, ਦਿਲਾਵਰ ਸਿੰਘ, ਸਤਪਾਲ ਚੱਕ ਫੁੱਲੂ, ਜੋਗਿੰਦਰ ਸਿੰਘ ਦਦਿਆਲ, ਗਿਆਨੀ ਅਵਤਾਰ ਸਿੰਘ, ਜਰਨੈਲ ਡਘਾਮ, ਪਵਨ ਕੁਮਾਰ, ਦਲਜੀਤ ਸਿੰਘ, ਮਨਜੀਤ ਅਰਮਾਨ, ਗੁਰਨਾਮ ਹਾਜੀਪੁਰ, ਨਰੇਸ਼ ਬੱਗਾ, ਪ੍ਰਵੀਨ ਕੁਮਾਰ, ਰਮੇਸ਼ ਮਲਕੋਵਾਲ, ਨਿਰਮਲ ਕੌਰ, ਕਸ਼ਮੀਰ ਕੌਰ, ਜਸਵਿੰਦਰ ਕੌਰ, ਸ਼ਸ਼ੀ ਬਾਲਾ ਹਾਜ਼ਰ ਸਨ।



# ਕਿਸਾਨ ਆਪਣੇ ਕਿਸਾਨ ਕਰੈਡਿਟ ਕਾਰਡ ਐਕਟੀਵੇਟ ਜ਼ਰੂਰ ਕਰਵਾਉਣ - ਡਿਪਟੀ ਕਮਿਸ਼ਨਰ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਕਿਸਾਨ ਆਪਣੇ ਕਿਸਾਨ ਕਰੈਡਿਟ ਕਾਰਡ ਨੂੰ ਬੈਂਕ ਦੇ ਏਟੀਐਮ ਤੇ ਜਾ ਕੇ ਐਕਟੀਵੇਟ ਕਰਵਾਉਣ। ਜੇਕਰ ਕਿਸਾਨਾਂ ਦਾ ਕਿਸਾਨ ਕਰੈਡਿਟ ਕਾਰਡ ਐਕਟੀਵੇਟ ਹੋਵੇਗਾ ਤਾਂ ਹੀ ਉਨ੍ਹਾਂ ਨੂੰ ਜਰੂਰਤ ਪੈਣ ’ਤੇ ਬੀਮੇ ਦਾ ਲਾਭ ਮਿਲ ਸਕੇਗਾ ਮਿਲ ਸਕੇਗਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਬੈਂਕ ਦੀ ਤਿਮਾਹੀ ਦੀ ਮੀਟਿੰਗ ਦੌਰਾਨ ਬੈਂਕ ਅਧਿਕਾਰੀਆਂ ਨਾਲ ਗੱਲਬਾਤ ਦੌਰਬਾਨ ਇਹ ਗੱਲ ਕਹੀ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੇ ਕਿਸਾਨ ਕ੍ਰੈਡਿਟ ਕਾਰਡ ਜ਼ਰੂਰ ਅਪਡੇਟ ਕਰਵਾਉਣਾ ਚਾਹੀਦਾ ਹੈ। ਰੱਬ ਨਾ ਕਰੇ ਜੇਕਰ ਕਿਸਾਨ ਕਰੈਡਿਟ ਕਾਰਡ ਦੇ ਲਾਭਪਾਤਰੀ ਕਿਸੇ ਸੜਕ ਦੁਰਘਟਨਾ ਜਾਂ ਡਿਸਏਬਿਲਟੀ ਹੋ ਜਾਂਦੀ ਹੈ ਤਾਂ ਉਸ ਨੂੰ ਇਸ ਕਿਸਾਨ ਕ੍ਰੈਡਿਟ ਕਾਰਡ ਦਾ ਲਾਭ ਤਾਂ ਹੀ ਮਿਲ ਸਕਦਾ ਹੈ ਜੇਕਰ ਕਿਸਾਨ ਦਾ ਕਾਰਡ ਐਕਟੀਵੇਟ ਹੋਵੇ। ਉਨ੍ਹਾਂ ਨੇ ਕਿਹਾ ਕਿ ਜੇਕਰ ਕਿਸਾਨ ਕ੍ਰੈਡਿਟ ਕਾਰਡ ਐਕਟੀਵੇਟ ਹੋਵੇਗਾ ਤਾਂ ਹੀ ਇਸ ’ਤੇ ਮਿਲਣ ਵਾਲੇ ਬੀਮੇ ਦਾ ਲਾਭ ਮਿਲ ਸਕੇਗਾ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਬੈਂਕਾਂ ਦੀ ਸੀ।ਡੀ ਰੇਸ਼ੋ ਦਾ ਰੀਵਿਊ ਕੀਤਾ। ਉਨ੍ਹਾਂ ਵਲੋਂ ਰੇਸ਼ੋ ਨੂੰ ਹੋਰ ਵਧੀਆ ਤਰੀਕੇ ਨਾਲ ਲਾਗੂ ਕਰਨ ਲਈ ਕਿਹਾ ਗਿਆ। ਉਨਾਂ ਨੇ ਕਿਹਾ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਸਕਿਲ ਟਰੇਨਿੰਗ ਕਰਵਾ ਕੇ ਕਰਜਾ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਪੈਰਾਂ ਤੇ ਖੜੇ ਹੋ ਸਕਣ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾ ਸਰਕਾਰੀ ਸਕੀਮਾਂ ਦਾ ਲਾਭ ਬੈਂਕਾ ਰਾਹੀਂ ਦਿੱਤਾ ਜਾਂਦਾ ਹੈ, ਉਨ੍ਹਾਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਕੇ ਯੋਗ ਲਾਭਪਾਤਰੀਆਂ ਨੂੰ ਲਾਭ ਦਿੱਤਾ ਜਾਵੇ। ਇਸ ਮੌਕੇ ’ਤੇ ਚੀਫ਼ ਲੀਡ ਬੈਂਕ ਮੈਨੇਜ਼ਰ ਹਰਮੇਸ਼ ਲਾਲ ਸਹਿਜਲ, ਡਿਪਟੀ ਜਨਰਲ ਮੈਨੇਜ਼ਰ ਕਪੂਰਥਲਾ ਸਰਕਲ ਹੈਡ ਪੰਜਾਬ ਨੈਸ਼ਨ ਬੈਂਕ ਹਰਿੰਦਰ ਪਾਲ ਸਿੰਘ ਚਾਵਲਾ, ਐਲ.ਡੀ.ਓ ਆਰ.ਬੀ.ਆਈ ਸੰਜੀਵ ਸਿੰਘ, ਡੀ।ਡੀ।ਐਮ ਦਵਿੰਦਰ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਸਮੱਸਿਆ - ਵਿਓਮ ਭਾਰਦਵਾਜ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸਹਾਇਕ ਕਮਿਸ਼ਨਰ (ਜ) ਵਿਓਮ ਭਾਰਦਵਾਜ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿਚ ਆਪਣਾ ਯੋਗਦਾਨ ਦੇਣ ਵਾਲੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ ਅਤੇ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਮੁਸ਼ਕਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਹ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਕੀਤੀ ਗਈ ਮੀਟਿੰਗ ਦੌਰਾਨ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀਆਂ ਮੁਸ਼ਕਲਾਂ ਸੁਣ ਰਹੇ ਸਨ। ਇਸ ਦੌਰਾਨ ਉਨ੍ਹਾਂ ਜਿਥੇ ਪਿਛਲੀ ਮੀਟਿੰਗ ਵਿਚ ਕੀਤੇ ਗਏ ਫੈਸਲਿਆਂ ਦੀ ਸਮੀਖਿਆ ਕੀਤੀ, ਉਥੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਕ ਮੈਂਬਰਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਨ। ਸਹਾਇਕ ਕਮਿਸ਼ਨਰ ਨੇ ਕਿਹਾ ਕਿ ਆਜ਼ਾਦੀ ਘੁਲਾਟੀਆਂ ਦੇ ਪਰਿਵਾਰ ਜ਼ਿਲ੍ਹਾ ਪ੍ਰਸ਼ਾਸਨ ਲਈ ਸਨਮਾਨਯੋਗ ਹਨ ਅਤੇ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਮੁਸ਼ਕਲ ਸਾਹਮਣੇ ਆਉਂਦੀ ਹੈ, ਤਾਂ ਤੁਰੰਤ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਂਦੀ ਜਾਵੇ। ਉਨ੍ਹਾਂ ਵਿਭਾਗ ਦੇ ਮੁਖੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਦਫ਼ਤਰਾਂ ਵਿਚ ਪੂਰਾ ਮਾਣ-ਸਨਮਾਨ ਦਿੱਤਾ ਜਾਵੇ ਅਤੇ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਵਿਚ ਪ੍ਰਧਾਨ ਅਵਤਾਰ ਸਿੰਘ, ਸਕੱਤਰ ਰਮੇਸ਼ ਚੰਦਰ, ਕੁਲਵੰਤ ਸਿੰਘ, ਹਰਦੀਪ ਸਿੰਘ, ਓਂਕਾਰ ਸਿੰਘ, ਮਨਦੀਪ ਸਿੰਘ, ਦਲਜੀਤ ਸਿੰਘ ਬਾਝ, ਜਸਲੀਨ ਸਿੰਘ, ਜਸਵੰਤ ਸਿੰਘ, ਜਰਨੈਲ ਸਿੰਘ, ਦਵਿੰਦਰ ਕੌਰ, ਜਸਪਾਲ ਸਿੰਘ ਵੀ ਮੌਜੂਦ ਸਨ।




# ਬੀਣੇਵਾਲ ਐਸਸੀ ਬਸਤੀ ਦੇ ਵਾਸੀਆਂ ਨੇ ਕੂੜਾਦਾਨ ਨਾ ਬਣਾਉਣ ਲਈ ਬੀਡੀਪੀਓ ਗੜ੍ਹਸੰਕਰ ਨੂੰ ਦਿੱਤਾ ਮੰਗ ਪੱਤਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪਿਛਲੇ ਦਿਨੀਂ ਗੜ੍ਹਸ਼ੰਕਰ ਅਧੀਨ ਪੈਂਦੇ ਪਿੰਡ ਬੀਣੇਵਾਲ ਬੀਤ ਦੇ ਵਾਸੀਆਂ ਨੇ ਐਸ।ਸੀ ਬਸਤੀ ਨਜ਼ਦੀਕ ਕੂੜਾਦਾਨ ਬਣਾਉਣ ਦਾ ਵਿਰੋਧ ਕੀਤਾ ਸੀ ਅਤੇ ਬੀ।ਡੀ।ਪੀ।ਓ ਗੜ੍ਹਸ਼ੰਕਰ ਨੂੰ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਸੀ ਜਿਸ ਦੇ ਤਹਿਤ ਅੱਜ ਸਮੂਹ ਬਸਤੀ ਦੇ ਵਾਸੀਆਂ ਨੇ ਬਲਾਕ ਸੰਮਤੀ ਮੈਂਬਰ ਮੋਹਨ ਲਾਲ ਦੀ ਅਗਵਾਈ ਚ ਇੱਕ ਮੰਗ ਪੱਤਰ ਬੀਡੀਪੀਓ ਗੜ੍ਹਸ਼ੰਕਰ ਨੂੰ ਦਿੱਤਾ। ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਵੱਲੋਂ ਇੱਕ ਕੂੜਾਦਾਨ ਐਸ ਸੀ ਬਸਤੀ ਦੇ ਘਰਾਂ ਦੇ ਬਿੱਲਕੁਲ ਨਜ਼ਦੀਕ ਹੀ ਬਣਾਇਆ ਜਾ ਰਿਹਾ ਹੈ। ਜਦੋਂ ਕਿ ਇਸ ਸਥਾਨ ਤੇ ਪਹਿਲਾਂ ਪਸ਼ੂਆਂ ਦੀ ਹੱਡਾਰੋੜੀ ਹੁੰਦੀ ਸੀ, ਜਿਸ ਨੂੰ ਬਸਤੀ ਦੇ ਲੋਕਾਂ ਨੇ ਬੜੀ ਜਦੋਂ ਜਹਿਦ ਤੋਂ ਬਾਅਦ ਇਥੋਂ ਚੁਕਵਾਇਆ ਸੀ । ਅੱਜ ਕੱਲ ਨੌਜਵਾਨਾਂ ਨੇ ਮਿਹਨਤ ਕਰਕੇ ਇਸ ਸਥਾਨ ਨੂੰ ਖੇਡ ਮੈਦਾਨ ਬਣਾਇਆ ਸੀ। ਸਮੂਹ ਬਸਤੀ ਦੇ ਵਾਸੀਆਂ ਨੇ ਮੰਗ ਕੀਤੀ ਹੈ ਕਿ ਕੂੜਾਦਾਨ ਕਿਸੇ ਹੋਰ ਜਗ੍ਹਾ ਤੇ ਸ਼ਾਮਲਾਤ ਜ਼ਮੀਨ ਤੇ ਬਣਾਇਆ ਜਾਵੇ। ਇਸ ਮੌਕੇ ਬੀ।ਡੀ।ਪੀ।ਓ ਮੈਡਮ ਮਨਜਿੰਦਰ ਕੌਰ ਨੇ ਸਮੂਹ ਐਸ ਸੀ ਬਸਤੀ ਵਾਸੀਆਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦੀ ਮੰਗ ਤੇ ਧਿਆਨ ਦਿੱਤਾ ਜਾਵੇਗਾ। ਇਸ ਮੌਕੇ ਜੋਗਿੰਦਰ ਪਾਲ, ਹਰਪਾਲ ਸਿੰਘ, ਦਵਿੰਦਰ ਸਿੰਘ, ਅਮਰਿੰਦਰ ਕੁਮਾਰ, ਸੁਰਿੰਦਰ ਪਾਲ, ਸੁਨੀਤਾ ਕੁਮਾਰੀ, ਅਵਤਾਰ ਕੌਰ, ਰੇਖਾ ਰਾਣੀ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।



# ਨੌਜਵਾਨ ਏਕਤਾ ਸ਼ੋਸ਼ਲ ਵੈਲਫੇਅਰ ਸੁਸਾਇਟੀ ਦੇ ਆਗੂਆਂ ਤੇ ਮੈਂਬਰਾਂ ਨੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਨੌਜਵਾਨ ਏਕਤਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਪੰਜਾਬ ਦੇ ਅਹੁਦੇਦਾਰ ਵਲੋਂ ਇਤਿਹਾਸਕ ਤੱਪ ਅਸਥਾਨ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਖੁਰਾਲਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਤੇ ਗੁਰੂ ਘਰ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਨਵੇਂ ਬਣੇ ਰਾਸ਼ਟਰੀ ਪ੍ਰਧਾਨ ਨਰੇਸ਼ ਚੋਧਰੀ ਕੰਬਾਲਾ, ਪੰਜਾਬ ਪ੍ਰਧਾਨ ਗੁਰਵਿੰਦਰ ਬਰਾੜ, ਵਾਈਸ ਪ੍ਰਧਾਨ ਪ੍ਰਮਵੀਰ ਸਿੰਘ ਅਤੇ ਕਰਨ ਸੈਣੀ, ਆਮ ਆਦਮੀ ਪਾਰਟੀ ਆਗੂ ਵਰਕਰ ਵਰਿੰਦਰ ਨੈਨਵਾਂ, ਤੱਪ ਅਸਥਾਨ ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਖੁਰਾਲਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਨਰੇਸ਼ ਸਿੰਘ ਅਤੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਮੌਕੇ ਤੇ ਮੌਜੂਦ ਸਨ। ਨਵੇਂ ਬਣੇ ਰਾਸ਼ਟਰੀ ਪ੍ਰਧਾਨ ਨਰੇਸ਼ ਚੋਧਰੀ ਕੰਬਾਲਾ ਵਲੋਂ ਇਹ ਅਪੀਲ ਕੀਤੀ ਗਈ ਕਿ ਅਸੀਂ ਹਰ ਵਰਗ ਦੇ ਲੋੜਵੰਦ ਵਿਅਕਤੀ ਦੇ ਨਾਲ ਖੜ੍ਹਾਗੇਂ ਅਤੇ ਸੋਸਾਇਟੀ ਵਲੋਂ ਜੋ ਵੀ ਮੈਨੂੰ ਜਿੰਮੇਵਾਰੀ ਲਗਾਉਣਗੇ ਮੈਂ ਤਨ-ਮਨ ਨਾਲ ਨਿਭਾਵਾਂਗਾ।



# ਢਿੱਡੀਂ ਪੀੜਾਂ ਪਾਉਣ ਵਾਲੀ ਫਿਲਮ ਫੁਕਰੇ-3 ਦਸੰਬਰ ਨੂੰ ਹੋਵੇਗੀ ਰਿਲੀਜ਼

**ਮੁੰਬਈ–** ਬੌਲੀਵੁੱਡ ਦੀ ਚਰਚਿਤ ਫਿਲਮ ਫੁਕਰੇ-3 ਇਸ ਸਾਲ ਦਸੰਬਰ ਵਿੱਚ ਰਿਲੀਜ਼ ਕੀਤੀ ਜਾਵੇਗੀ। ਰਿਤੇਸ਼ ਸਿਧਵਾਨੀ ਅਤੇ ਫ਼ਰਹਾਨ ਅਖ਼ਤਰ ਦੀ ਐਕਸੈਲ ਐਂਟਰਟੇਨਮੈਂਟ ਨੇ ਸੋਸ਼ਲ ਮੀਡੀਆ ਦੇ ਟਵਿੱਟਰ ਖਾਤੇ ’ਤੇ ਫਿਲਮ ਦੇ ਰਿਲੀਜ਼ ਕਰਨ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਇਸ ਪੋਸਟ ਵਿੱਚ ਲਿਖਿਆ ਗਿਆ ਹੈ ਕਿ ‘ਜੁਗਾੜੂ ਮੁੰਡੇ ਇੱਕ ਵਾਰ ਫਿਰ ਇੱਕ ਦਸੰਬਰ 2023 ਨੂੰ ਦਰਸ਼ਕਾਂ ਨੂੰ ਹਸਾਉਣ ਲਈ ਸਿਨੇਮਾ ਘਰਾਂ ਵਿੱਚ ਆ ਰਹੇ ਹਨ। ਇਹ ਆਪਣੇ ਹੁਨਰ ਨਾਲ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਣਗੇ। ਇਸ ਫਿਲਮ ਨੂੰ ਪਹਿਲਾਂ ਇਸ ਸਾਲ 7 ਸਤੰਬਰ ਨੂੰ ਰਿਲੀਜ਼ ਕੀਤਾ ਜਾਣਾ ਸੀ। ਇਸ ਫਿਲਮ ਦਾ ਪਹਿਲਾ ਭਾਗ ਸਾਲ 2013 ਵਿੱਚ ਆਇਆ ਸੀ। ਇਸ ਤੋਂ ਬਾਅਦ ਦੂਜਾ ਭਾਗ ਸਾਲ 2017 ਵਿੱਚ ‘ਫੁਕਰੇ ਰਿਟਰਨਜ਼’ ਦੇ ਨਾਂ ਹੇਠ ਰਿਲੀਜ਼ ਕੀਤਾ ਗਿਆ ਸੀ। ਇਹ ਚਾਰ ਦੋਸਤਾਂ ਦੀ ਕਹਾਣੀ ਹੈ। ਇਨ੍ਹਾਂ ਵਿੱਚ ਇਹ ਚਾਰ ਕਿਰਦਾਰ ਹਨੀ (ਪੁਲਕਿਤ ਸ਼ਰਮਾ), ਚੂਚਾ (ਵਰੁਣ ਸ਼ਰਮਾ), ਲਾਲੀ (ਮਨਜੋਤ ਸਿੰਘ) ਅਤੇ ਜ਼ਫਰ (ਅਲੀ ਫਜ਼ਲ) ਨੇ ਅਦਾ ਕੀਤੇ ਹਨ। ਇਹ ਚਾਰੇ ਸੌਖੇ ਤਰੀਕੇ ਨਾਲ ਪੈਸਾ ਕਮਾਉਣ ਦੇ ਚੱਕਰਾਂ ਵਿੱਚ ਰਹਿੰਦੇ ਹਨ। ਇਸ ਫਿਲਮ ਦਾ ਨਿਰਦੇਸ਼ਨ ਮ੍ਰਿਗਦੀਪ ਸਿੰਘ ਲਾਂਬਾ ਨੇ ਕੀਤਾ ਹੈ।



# 17 ਸਾਲ ਦੇ ਅੰਨ੍ਹੇ ਬੱਚੇ ਨੂੰ ਰੋਟਰੀ ਕਲੱਬ ਹੁਸ਼ਿਆਰਪੁਰ ਵਲੋਂ ਅੱਖਾਂ ਦੀ ਰੌਸ਼ਨੀ ਪ੍ਰਦਾਨ ਕਰਵਾਈ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਅਤੇ ਪਲੈਨੋ ਮੈਟਰੋ ਰੋਟਰੀ ਕਲੱਬ ਨੇ ਟੈਕਸਾਸ ਯੂ।ਐਸ।ਐਸ। ਦੇ ਸਹਿਯੋਗ ਨਾਲ ਲਾਲ ਸਿੰਘ, ਪਿੰਡ ਮਜੋਤੇ, ਤਹਿਸੀਲ ਬਿਲਾਵਲ, ਜ਼ਿਲ੍ਹਾ ਕਟੜਾ, ਜੰਮੂ-ਕਸ਼ਮੀਰ ਦੇ ਇੱਕ 17 ਸਾਲ ਦੇ ਅੰਨ੍ਹੇ ਨੂੰ ਦੋਵੇਂ ਅੱਖਾਂ ਦੀ ਰੌਸ਼ਨੀ ਪ੍ਰਦਾਨ ਕਰਨ ਵਿੱਚ ਮੱਦਦ ਕੀਤੀ ਹੈ। ਲਾਲ ਸਿੰਘ ਦੀਆਂ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਪ੍ਰਸਿੱਧ ਅੱਖਾਂ ਦੇ ਡਾਕਟਰ ਸ਼ਕੀਨ ਸਿੰਘ ਅੰਮ੍ਰਿਤਸਰ ਵੱਲੋਂ ਸਫ਼ਲਤਾਪੂਰਵਕ ਕੀਤਾ ਗਿਆ। ਜਿਸ ਵਿੱਚ ਮਰੀਜ਼ ਨੂੰ ਤਿੰਨ ਮਹੀਨਿਆਂ ਲਈ ਸਾਰੀਆਂ ਦਵਾਈਆਂ ਵੀ ਦਿੱਤੀਆਂ ਗਈਆਂ। ਜਦੋਂ ਪਿੰਡ ਵਿੱਚ ਗਸ਼ਤ ਕਰ ਰਹੀ ਫੌਜ ਨੂੰ ਇਸ ਮਰੀਜ਼ ਬਾਰੇ ਪਤਾ ਲੱਗਾ ਤਾਂ ਫੌਜ ਦੇ ਇੱਕ ਕਪਤਾਨ ਨੇ ਰੋਟਰੀ ਦੇ ਊਦਮਪੁਰ ਆਈ ਹਸਪਤਾਲ ਵਿੱਚ ਬੱਚੇ ਦੀ ਜਾਂਚ ਕਰਵਾਈ। ਜਿੱਥੇ ਡਾਕਟਰ ਨੇ ਕਿਹਾ ਕਿ ਇਸ ਬੱਚੇ ਦਾ ਟਰਾਂਸਪਲਾਂਟ ਕੀਤਾ ਜਾ ਸਕਦਾ ਹੈ। ਇਸ ਲਈ ਊਦਮਪੁਰ ਕਲੱਬ ਨੇ ਰੋਟਰੀ ਦੇ ਰੋਟੇਰੀਅਨ ਮਨੋਜ ਓਹਰੀ ਨਾਲ ਸੰਪਰਕ ਕੀਤਾ। ਹੁਸ਼ਿਆਰਪੁਰ ਮਿਡ ਟਾਊਨ ਦੇ ਮੈਂਬਰ ਸ ਇਸ ਤੋਂ ਬਾਅਦ ਜੈਪੁਰ ਆਈ ਬੈਂਕ ਤੋਂ ਵਧੀਆ ਕੌਰਨੀਆ ਦੀ ਮੰਗ ਕੀਤੀ ਗਈ ਅਤੇ 10 ਦਿਨਾਂ ਦੇ ਅੰਦਰ ਇਸ ਬੱਚੇ ਦਾ ਆਪ੍ਰੇਸ਼ਨ ਕੀਤਾ ਗਿਆ। ਬੱਚੇ ਦੇ ਨਾਲ ਆਈ ਉਸਦੀ ਮਾਤਾ ਨੇ ਰੋਟਰੀ ਅਤੇ ਆਰਮੀ ਦਾ ਧੰਨਵਾਦ ਕੀਤਾ। ਉਸ ਨੇ ਦੱਸਿਆ ਕਿ ਉਸ ਨੂੰ ਉਸ ਥਾਂ ਤੋਂ ਅੰਮ੍ਰਿਤਸਰ ਪਹੁੰਚਣ ਲਈ ਡੇਢ ਦਿਨ ਲੱਗ ਗਿਆ ਜਿੱਥੇ ਉਸ ਦਾ ਪਿੰਡ ਹੈ। ਇਸ ਮੌਕੇ ਰੋਟਰੀ ਮੈਂਬਰਾਂ ਨੇ ਕਿਹਾ ਕਿ ਜਲਦੀ ਹੀ ਉਸ ਦੀ ਦੂਜੀ ਅੱਖ ਦਾ ਵੀ ਆਪ੍ਰੇਸ਼ਨ ਕੀਤਾ ਜਾਵੇਗਾ। ਇਸ ਮੌਕੇ ਕਲੱਬ ਦੇ ਮੁਖੀ ਪੱਬੀ ਨੇ ਦੱਸਿਆ ਕਿ ਮਈ ਮਹੀਨੇ ਵਿੱਚ ਰੋਟਰੀ ਰਾਹੀਂ 7 ਹਨੇਰੀਆਂ ਜ਼ਿੰਦਗੀਆਂ ਨੂੰ ਰੌਸ਼ਨੀ ਮਿਲੀ ਹੈ।

ਇਨ੍ਹਾਂ ਵਿੱਚੋਂ 6 ਮਰੀਜ਼ ਪੰਜਾਬ ਅਤੇ 1 ਜੰਮੂ-ਕਸ਼ਮੀਰ ਦਾ ਹੈ। 1-ਅਪਰੇਸ਼ਨ ਡਾ: ਰੋਹਿਤ ਗੁਪਤਾ ਮੋਹਾਲੀ, 2-ਅਪਰੇਸ਼ਨ ਡਾ: ਸ਼ਕੀਨ ਸਿੰਘ ਅੰਮ੍ਰਿਤਸਰ ਅਤੇ 4-ਅਪਰੇਸ਼ਨ ਡਾ: ਅਮਨਦੀਪ ਅਰੋੜਾ ਜਲੰਧਰ ਵੱਲੋਂ ਸਫ਼ਲਤਾ-ਪੂਰਵਕ ਕੀਤਾ ਗਿਆ । ਇਸ ਮੌਕੇ ਕਲੱਬ ਮੈਂਬਰਾਂ ਨੇ ਊਦਮਪੁਰ ਤੋਂ ਰੋਟੇਰੀਅਨ ਡੀਐਨ ਸ਼ਰਮਾ ਅਤੇ ਅੰਮ੍ਰਿਤਸਰ ਤੋਂ ਰੋਟੇਰੀਅਨ ਜਤਿੰਦਰ ਸਿੰਘ ਦਾ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰਵੀਨ ਪੱਬੀ, ਮਨੋਜ ਓਹਰੀ, ਸਤੀਸ਼ ਗੁਪਤਾ, ਜਗਮੀਤ ਸੇਠੀ, ਗੋਪਾਲ ਵਾਸੁਦੇਵਾ, ਏ।ਐਸ।ਆਰਨੇਜਾ, ਇੰਦਰਪਾਲ ਸਿੰਘ, ਅਸ਼ੋਕ ਸ਼ਰਮਾ, ਡੀ।ਪੀ। ਕਥੂਰੀਆ ਅਤੇ ਸੁਰੇਸ਼ ਅਰੋੜਾ ਆਦਿ ਹਾਜ਼ਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਨੇ ਮਜ਼ਦੂਰਾਂ ਦੀ ਦਿਹਾੜੀ 'ਚ ਵਾਧੇ ਨੂੰ ਲੈ ਕੇ ਕੀਤੀ ਜਿਲਾ ਪੱਧਰੀ ਮੀਟਿੰਗ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਮਜ਼ਦੂਰਾਂ ਦੀ ਦਿਹਾੜੀ, ਮਗਨਰੇਗਾ ਸਮੇਤ ਲਗਾਤਾਰ ਰੁਜ਼ਗਾਰ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਦੇ ਸਵਾਲ ਨੂੰ ਲੈ ਕੇ ਪਿੰਡ ਪੱਧਰੀ ਘੋਲ਼ ਚਲਾਉਣ ਲਈ 30 ਜੂਨ ਨੂੰ ਨਵਾਂਸ਼ਹਿਰ ਵਿਖੇ ਭਰਵੀਂ ਮਜ਼ਦੂਰ ਮੀਟਿੰਗ ਕਰਨ ਦਾ ਐਲਾਨ ਕੀਤਾ ਹੈ।

ਇਸਦੀ ਤਿਆਰੀ ਸਬੰਧੀ ਅੱਜ ਯੂਨੀਅਨ ਦੀ ਜਿਲਾ ਪੱਧਰੀ ਮੀਟਿੰਗ ਪਿੰਡ ਸ਼ਹਾਬ ਪੁਰ ਵਿਖੇ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ ਯਾਦਗਾਰ ਤੇ ਕੀਤੀ ਗਈ।ਇਸਦੀ ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਆਗੂ ਕਮਲਜੀਤ ਸਿੰਘ ਸਨਾਵਾ ਨੇ ਦੱਸਿਆ ਕਿ ਦਿੱਲੀ ਮਾਡਲ ਲਾਗੂ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਗਵੰਤ ਸਿੰਘ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਰਗੀ ਬੇਜ਼ਮੀਨੇ ਮਜ਼ਦੂਰਾਂ ਵਿਰੋਧੀ ਸਰਕਾਰ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਇਸ ਕਰਕੇ ਹੀ ਗਾਰੰਟੀ ਦੇ ਬਾਵਜੂਦ ਮਹਿਜ਼ ਮਗਨਰੇਗਾ ਤਹਿਤ 100 ਦਿਨ ਮਿਲਣ ਵਾਲਾ ਰੁਜ਼ਗਾਰ ਵੀ ਨਹੀਂ ਮਿਲ ਰਿਹਾ। ਸੂਬਾ ਸਰਕਾਰ ਨੂੰ ਆਪਣੀ ਤਰਫੋਂ 200 ਦਿਨ ਦਾ ਰੁਜ਼ਗਾਰ ਮੁਹੱਈਆਂ ਕਰਵਾਉਣ ਦੀ ਗਾਰੰਟੀ ਦੇਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕੰਮ ਉੱਪਰ ਹਾਜ਼ਰ ਹੋਣ ਤੇ ਦਿਹਾੜੀ ਦੀ ਹੋ ਰਹੀ ਕਟੌਤੀ ਬੰਦ ਕੀਤੀ ਜਾਵੇ, ਦਿੱਲੀ ਮਾਡਲ ਤਹਿਤ ਆਲ ਇੰਡੀਆ ਲੇਬਰ ਕਾਨਫਰੰਸ 1956 ਤਹਿਤ ਹਰ ਖੇਤਰ ਵਿੱਚ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਕਰਨ ਦੀ ਗਾਰੰਟੀ ਕੀਤੀ ਜਾਵੇ ਅਤੇ ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ।

ਉਨ੍ਹਾਂ ਕਿਹਾ ਕਿ ਇਹਨਾਂ ਬੁਨਿਆਦੀ ਮੁੱਦਿਆਂ ਉੱਪਰ ਮਜ਼ਦੂਰਾਂ ਨੂੰ ਲਾਮਬੰਦ ਕਰਨ ਲਈ ਜ਼ਿਲ੍ਹੇ ਭਰ ਦੇ 100 ਤੋਂ ਵੱਧ ਪਿੰਡਾਂ ਵਿੱਚ ਮਜ਼ਦੂਰਾਂ ਤੱਕ ਪਹੁੰਚ ਕੀਤੀ ਜਾਵੇਗੀ।

# ਬਾਲ ਮਜ਼ਦੂਰੀ ਅਤੇ ਬਾਲ ਭਿੱਖਿਆ ਰੋਕੂ ਮੁਹਿੰਮ ਦੇ ਦੂਸਰੇ ਦਿਨ ਜਿਲ੍ਹਾ ਟਾਸਕ ਫੋਰਸ ਵੱਲੋਂ ਬਲਾਚੌਰ 'ਚ ਕੀਤੀ ਚੈਕਿੰਗ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਨਵਜੋਤ ਸਿੰਘ ਰੰਧਾਵਾ ਦੀਆਂ ਹਦਾਇਤਾਂ ਅਨੁਸਾਰ ਬਾਲ ਮਜਦੂਰੀ ਅਤੇ ਬਾਲ ਭਿੱਖਿਆ ਰੋਕੂ ਮੁਹਿੰਮ ਅਧੀਨ ਜ਼ਿਲ੍ਹਾ ਟਾਸਕ ਫੋਰਸ ਕਮੇਟੀ ਵੱਲੋਂ



ਬਲਾਚੌਰ ਦੀਆਂ ਵੱਖ-ਵੱਖ ਦੁਕਾਨਾ, ਢਾਬਿਆਂ ਅਤੇ ਹੋਟਲਾਂ ਤੇ ਛਾਪੇ ਮਾਰੀ ਕੀਤੀ ਗਈ, ਜਿਸ ਦੀ ਅਗਵਾਈ ਸ਼੍ਰੀਮਤੀ ਕੰਚਨ ਅਰੋੜਾ, ਜਿਲ੍ਹਾ ਬਾਲ ਸੁਰੱਖਿਆ ਅਫਸਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਰੈਸਟੋਰੈਂਟ/ਢਾਬਿਆਂ ਅਤੇ ਦੁਕਾਨਾ 'ਤੇ 18 ਸਾਲ ਦੀ ਉਮਰ ਤੋਂ ਵੱਧ ਦੇ ਵਿਅਕਤੀ ਹੀ ਕੰਮ ਕਰਦੇ ਪਾਏ ਗਏ।ਇਸ ਦੌਰਾਨ ਉਨ੍ਹਾਂ ਲੋਕਾਂ ਅਤੇ ਦੁਕਾਨਦਾਰਾਂ ਨੂੰ ਬਾਲ ਮਜਦੂਰੀ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਜਾਗਰੂਕ ਕੀਤਾ।ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਜੂਨ ਮਹੀਨੇ ਭਰ ਚੱਲਣਾ ਹੈ, ਜੋ ਕਿ ਬਚਪਨ ਬਚਾਓ ਅੰਦੋਲਨ ਸੰਸਥਾ ਨਾਲ ਸਾਂਝੇ ਤੌਰ 'ਤੇ ਚਲਾਇਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਦੱਸਿਆ ਗਿਆ ਕਿ 0 ਤੋਂ 14 ਸਾਲ ਦੇ ਬੱਚੇ ਕੋਈ ਵੀ ਕੰਮ ਨਹੀਂ ਕਰ ਸਕਦੇ ਅਤੇ 14 ਤੋਂ 18 ਸਾਲ ਦੇ ਬੱਚੇ ਆਪਣੇ ਮਾਤਾ ਪਿਤਾ ਅਤੇ ਪਰਿਵਾਰ ਨਾਲ ਉਨ੍ਹਾਂ ਦੀ ਸਹਾਇਤਾ ਲਈ ਗੈਰ-ਖਤਰਨਾਕ ਅਦਾਰੇ ਵਿੱਚ ਕੰਮ ਕਰ ਸਕਦੇ ਹਨ, ਪਰ ਉਹ ਵੀ ਆਪਣੇ ਸਕੂਲ ਸਮੇਂ ਤੋਂ ਬਾਅਦ ਜਾਂ ਛੁੱਟੀਆਂ ਦੌਰਾਨ, ਤਾਂ ਜ਼ੋ ਉਸ ਦੀ ਸਿੱਖਿਆ ਲਗਾਤਾਰ ਬਣੀ ਰਹੇ ਅਤੇ ਬੱਚੇ ਦੇ ਲਗਾਤਾਰ ਕੰਮ ਕਰਨ ਦਾ ਸਮਾਂ ਤਿੰਨ ਘੰਟੇ ਤੋਂ ਵੱਧ ਨਾ ਹੋਵੇ। ਸ਼ਾਮ ਸੱਤ ਵਜੇ ਤੋਂ ਸਵੇਰੇ ਅੱਠ ਵਜੇ ਤੱਕ ਬੱਚਿਆਂ ਤੋਂ ਕੰਮ ਕਰਵਾਉਣਾ ਗੈਰ ਕਾਨੂੰਨੀ ਹੈ।ਉਨ੍ਹਾਂ ਦੱਸਿਆ ਕਿ ਜੋ ਬੱਚੇ ਕਿਸੇ ਸਮਾਚਾਰ, ਫਿਲਮ, ਖੇਡ ਗਤੀਵਿਧੀਆਂ, ਐਂਕਰ, ਐਕਟਰ ਜਾਂ ਸਿੰਗਰ ਆਦਿ ਮੰਨੋਰੰਜਨ ਦਾ ਕੰਮ ਕਰਦੇ ਹਨ, ਉਸ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਮਨਜ਼ੂਰੀ ਲੈਣਾ ਜ਼ਰੂਰੀ ਹੈ।ਜੇਕਰ ਕੋਈ ਵਿਅਕਤੀ ਹਦਾਇਤਾਂ ਦੀ ਪਾਲਣਾ ਨਹੀਂ ਕਰਦਾ ਹੈ ਤਾਂ ਉਸ ਦੇ ਖਿਲਾਫ ਜੁਵੇਨਾਈਲ ਜਸਟਿਸ ਐਕਟ ਅਤੇ ਬੱਚਿਆਂ ਦੀ ਸੁਰੱਖਿਆ ਲਈ ਵੱਖ-ਵੱਖ ਕਾਨੂੰਨਾਂ ਅਧੀਨ ਸਖਤ ਕਾਰਵਾਈ ਕੀਤੀ ਜਾਵੇਗੀ ਇਸ ਦੌਰਾਨ ਲੇਬਰ ਇੰਸਪੈਕਟਰ ਸ਼੍ਰੀ ਰਣਦੀਪ ਸਿੰਘ ਸਿੱਧੂ, ਸਿਹਤ ਵਿਭਾਗ ਤੋਂ ਡਾ: ਹਰਤੇਸ਼ ਪਾਹਵਾ, ਸਿੱਖਿਆ ਵਿਭਾਗ ਤੋਂ ਸ਼੍ਰੀ ਬਲਦੀਸ਼ ਸਿੰਘ, ਹਰਭਜਨ ਸਿੰਘ ਅਤੇ ਰਾਮ ਸਿੰਘ ਏ।ਐਸ।ਆਈ। ਪੁਲਿਸ ਵਿਭਾਗ, ਜਿਲ੍ਹਾ ਪ੍ਰੋਗਰਾਮ ਦਫਤਰ ਤੋਂ ਨਿਰਮਲ ਸਿੰਘ ਅਤੇ ਜਿਲ੍ਹਾ ਸਮਾਜਿਕ ਸੁੱਰਖਿਆ ਦਫਤਰ ਤੋਂ ਰਵੀ ਹਾਜਰ ਸਨ।

# ਪਾਵਰਕਾਮ ਆਊਟਸੋਰਸ ਠੇਕਾ ਕਾਮੇ 19 ਜੂਨ ਨੂੰ ਵਿਧਾਨਸਭਾ ਵੱਲ ਕਰਨਗੇ ਮਾਰਚ 'ਤੇ ਲਗਾਉਣਗੇ ਧਰਨਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪਾਵਰਕਾਮ ਐਂਡ ਟ੍ਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵਲੋਂ ਸਰਕਾਰ ਅਤੇ ਮਨੇਜਮੈਂਟ ਦੇ ਤਾਨਾਸ਼ਾਹੀ ਰਵੱਈਏ ਖਿਲਾਫ ਅਤੇ ਲਗਾਤਾਰ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪੈ ਰਹੇ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ 'ਚ ਸਾਮਿਲ ਕਰਨ ਦੇ ਕਾਨੂੰਨ ਬਣਾਉਣ ਅਤੇ ਹੋਰ ਵਾਜਬ ਮੰਗਾਂ ਦੇ ਹੱਲ ਲਈ ਵਿਧਾਨਸਭਾ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਗਿਆ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਨੇ ਕਿਹਾ ਕਿ ਪਾਵਰਕਾਮ ਦੇ ਆਊਟਸੋਰਸ ਸੀ।ਐੱਚ।ਬੀ ਤੇ ਡਬਲਿਊ ਠੇਕਾ ਮੁਲਾਜ਼ਮਾਂ ਨੂੰ ਪਾਵਰਕਾਮ ਵਿੱਚ ਪੱਕਾ ਕਰਨ ਸਮੇਤ ਆਪਣੀਆਂ ਹੋਰ ਜਾਇਜ਼ ਮੰਗਾਂ ਨੂੰ ਲੈਕੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰਦੇ ਆ ਰਹੇ ਹਨ। ਪਰ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਸਮੂਹ ਆਊਟਸੋਰਸ਼ ਠੇਕਾ ਮੁਲਾਜ਼ਮਾਂ ਦੀਆਂ ਲੰਬੀਆਂ ਸੇਵਾਵਾਂ ਨੂੰ ਅਣ-ਵੇਖਿਆ ਕਰਕੇ ਪਾਵਰਕਾਮ ਸੀ।ਐੱਚ।ਬੀ ਤੇ ਡਬਲਿਊ ਆਊਟਸੋਰਸ਼ ਠੇਕਾ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਪੱਕਾ ਨਹੀਂ ਕਰ ਰਹੀ। ਜਦੋਂ ਕਿ ਸੀ।ਐੱਚ।ਬੀ ਤੇ ਡਬਲਿਊ ਕਾਮੇ ਸਮੁੱਚੇ ਵਿਭਾਗ ਵਿੱਚ ਹਜ਼ਾਰਾਂ ਆਊਟਸੋਰਸ ਠੇਕਾ ਮੁਲਾਜ਼ਮ ਖਾਲੀ ਆਸਾਮੀਆਂ ਦੇ ਵਿਰੁੱਧ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੇਵਾਵਾਂ ਦੇ ਰਹੇ ਹਨ ਅਤੇ ਇਹਨਾਂ ਉਕਤ ਸਮੂਹ ਆਊਟਸੋਰਸ ਠੇਕਾ ਮੁਲਾਜ਼ਮਾਂ ਦੀ ਭਰਤੀ ਪਾਵਰਕਾਮ ਦੀ ਮੈਨੇਜਮੈਂਟ ਦੀ ਮੰਗ ਅਨੁਸਾਰ ਵੱਖ-ਵੱਖ ਠੇਕੇਦਾਰਾਂ, ਕੰਪਨੀਆਂ ਦੁਬਾਰਾ ਬਕਾਇਦਾ ਖਾਲੀ ਅਸਾਮੀਆਂ ਦੇ ਵਿਰੁੱਧ ਕੀਤੀ ਹੋਈ ਹੈ ਅਤੇ ਸੀ।ਐੱਚ।ਬੀ ਤੇ ਡਬਲਿਊ ਕਾਮਿਆਂ ਕੋਲ ਵਿਭਾਗ ਵਿੱਚ ਸਾਲਾਂ ਦਾ ਕੰਮ ਦਾ ਤਜ਼ਰਬਾ ਵੀ ਹੈ। ਇਸ ਹਾਲਤ ਵਿੱਚ ਪਾਵਰਕਾਮ ਸੀ।ਐੱਚ।ਬੀ ਤੇ ਡਬਲਿਊ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਪੱਕਾ ਨਾ ਕਰਕੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਆਊਟਸੋਰਸ ਠੇਕਾ ਮੁਲਾਜ਼ਮਾਂ ਨਾਲ਼ ਸਰਾਸਰ ਧੋਖਾ ਕਰ ਰਹੀ ਹੈ। ਜਿਸ ਦੇ ਵਿਰੋਧ ਵਜੋਂ ਪਾਵਰਕਾਮ ਸੀ।ਐੱਚ।ਬੀ ਤੇ ਡਬਲਿਊ ਠੇਕਾ ਕਾਮਿਆਂ ਵਲੋਂ 19 ਜੂਨ ਨੂੰ ਪਰਿਵਾਰਾਂ ਅਤੇ ਬੱਚਿਆਂ ਸਮੇਤ ਵਿਧਾਨਸਭਾ ਵੱਲ ਮਾਰਚ ਕਰਨ ਅਤੇ ਲਗਾਤਾਰ ਧਰਨਾ ਲਾਉਣਗੇ। ਇਸ ਮਾਰਚ ਦੀਆਂ ਤਿਆਰੀਆਂ ਸੰਬੰਧੀ ਆਗੂਆਂ ਵੱਲੋਂ ਸਮੁੱਚੇ ਪੰਜਾਬ ਵਿੱਚ ਤਿਆਰੀ ਮੀਟਿੰਗਾਂ ਕਰਵਾਈਆਂ ਜਾ ਰਹੀਆਂ ਹਨ। ਆਗੂਆਂ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਪਾਵਰਕਾਮ ਦੇ ਸੀ।ਐੱਚ।ਬੀ ਤੇ ਡਬਲਿਊ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜ਼ਰਬੇ ਦੇ ਆਧਾਰ ਤੇ ਵਿਭਾਗ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ। ਪੰਦਰਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਮੁਤਾਬਿਕ ਆਊਟਸੋਰਸ ਠੇਕਾ ਮੁਲਾਜ਼ਮ ਦੀ ਘੱਟੋ-ਘੱਟ ਗੁਜਾਰੇ-ਯੋਗ ਤਨਖਾਹ 25 ਹਜ਼ਾਰ ਰੁਪਏ ਨਿਸ਼ਚਿਤ ਕੀਤੀ ਜਾਵੇ। ਡਿਊਟੀ ਦੌਰਾਨ ਮੌਤ ਹੋਣ ਤੇ ਵਾਰਿਸਾਂ ਨੂੰ ਘੱਟੋ-ਘੱਟ ਪੰਜਾਹ ਲੱਖ ਰੁਪਏ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਠੇਕੇਦਾਰ/ਕੰਪਨੀਆਂ ਵਲੋਂ ਕੀਤੇ ਗਏ ਘਪਲੇ ਦਾ ਪੁਰਾਣਾ ਬਕਾਇਆ ਏਰੀਅਰ/ਬੋਨਸ, ਈ।ਪੀ।ਐੱਫ ਦਾ ਪੁਰਾਣਾ ਬਕਾਇਆ ਤੁਰੰਤ ਰਲੀਜ ਕੀਤਾ ਜਾਵੇ ਅਤੇ ਪਿਛਲੇ ਸਮੇਂ ਵਿੱਚ ਮੁੱਖ ਮੰਤਰੀ ਸਮੇਤ ਬਿਜਲੀ ਮੰਤਰੀ ਅਤੇ ਪਾਵਰਕਾਮ ਦੀ ਮੈਨੇਜਮੈਂਟ ਨਾਲ਼ ਹੋਈਆਂ ਪੈਨਲ ਮੀਟਿੰਗਾਂ ਵਿੱਚ ਹੋਏ ਸਮਝੌਤਿਆਂ ਨੂੰ ਤੁਰੰਤ ਪ੍ਰਭਾਵ ਨਾਲ਼ ਲਾਗੂ ਕੀਤਾ ਜਾਵੇ।ਬਿਜਲੀ ਖੇਤਰ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕਰਕੇ ਠੇਕੇਦਾਰਾਂ ਅਤੇ ਕੰਪਨੀਆਂ ਨੂੰ ਵਿਭਾਗ ਵਿੱਚੋਂ ਬਾਹਰ ਕੀਤਾ ਜਾਵੇ। ਆਗੂਆਂ ਨੇ ਸੀ।ਐੱਚ।ਬੀ ਤੇ ਡਬਲਿਊ ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਉਲੀਕੇ ਸੰਘਰਸ਼ ਵਿੱਚ ਪਰਿਵਾਰਾਂ ਅਤੇ ਬੱਚਿਆਂ ਸਮੇਤ ਸ਼ਮੂਲੀਅਤ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਅਤੇ ਸਮੂਹ ਭਰਾਤਰੀ ਜੱਥੇਬੰਦੀਆਂ ਨੂੰ ਵੀ ਇਸ ਸੰਘਰਸ਼ ਵਿੱਚ ਹਮਾਇਤ ਕਰਨ ਦਾ ਸੱਦਾ ਦਿੱਤਾ।

# ਸਰਕਾਰੀ ਕਾਲਜ, ਹੁਸ਼ਿਆਰਪੁਰ ਦੇ ਰੈੱਡ ਰਿਬਨ ਕਲੱਬ ਵੱਲੋਂ "ਵਿਸ਼ਵ ਖੂਨਦਾਨ ਦਿਵਸ" ਮਨਾਇਆ ਗਿਆ

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)- ਸਰਕਾਰੀ ਕਾਲਜ,ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਯੋਗੇਸ਼ ਦੀ ਅਗਵਾਈ ਵਿੱਚ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਹੁਸ਼ਿਆਰਪੁਰ ਦੇ ਸ।ਪ੍ਰੀਤ ਕੋਹਲੀ ਦੇ ਨਿਰਦੇਸ਼ਾਂ ਅਨੁਸਾਰ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ।ਵਿਜੇ ਕੁਮਾਰ ਦੇ ਸਹਿਯੋਗ ਨਾਲ "ਵਿਸ਼ਵ ਖੂਨਦਾਨ ਦਿਵਸ" ਮਨਾਇਆ ਗਿਆ। ਇਸ ਸਮਾਰੋਹ ਵਿੱਚ ਵਿਸ਼ੇਸ਼ ਤੌਰ ਤੇ ਸੈਮੀਨਾਰ, ਲੇਖਣ ਅਤੇ ਪੋਸਟਰ ਬਣਾਉਣ ਨਾਲ ਸਬੰਧਿਤ ਪ੍ਰੋਗਰਾਮ ਔਨ ਲਾਈਨ ਕਰਵਾਏ ਗਏ। ਪ੍ਰੋ। ਵਿਜੇ ਕੁਮਾਰ ਨੇ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਉਨਾਂ ਕਿਹਾ ਕਿ ਖੂਨਦਾਨ ਕਰਕੇ ਅਸੀਂ ਕਈ ਲੋਕਾਂ ਦੀ ਜ਼ਿੰਦਗੀ ਬਚਾਅ ਸਕਦੇ ਹਾਂ ਅਤੇ ਦੂਜਿਆਂ ਦਾ ਭਲਾ ਕਰ ਸਕਦੇ ਹਾਂ। ਖੂਨਦਾਨ ਕਰਨ ਨਾਲ ਸਾਡੇ ਸ਼ਰੀਰ ਵਿਚੋਂ ਖੂਨ ਦੀ ਕਮੀ ਨਹੀਂ ਆਉਂਦੀ ਸਗੋਂ ਵਕਤ ਦੇ ਨਾਲ ਨਵਾਂ ਖੂਨ ਬਣ ਜਾਂਦਾ ਹੈ। ਇਸ ਤਰ੍ਹਾਂ ਕਰਕੇ ਅਸੀਂ ਤੰਦਰੁਸਤ ਵੀ ਰਹਿੰਦੇ ਹਾਂ ਅਤੇ ਸਮਾਜ ਦਾ ਭਲਾ ਵੀ ਕਰਦੇ ਹਾਂ। ਪ੍ਰੋ।ਵਿਜੇ ਕੁਮਾਰ ਦੇ ਸਹਿਯੋਗ ਨਾਲ ਇਸ ਮੌਕੇ ਲੇਖਣ ਮੁਕਾਬਲੇ ਵੀ ਕਰਵਾਏ ਗਏ ਜਿਸ ਦਾ ਵਿਸ਼ਾ "ਖੂਨਦਾਨ ਮਹਾਦਾਨ" ਸੀ। ਇਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਉਨਾਂ ਨੇ ਖੂਨਦਾਨ ਕਰਨ ਪ੍ਰਤੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਯੁਵਾ ਵਰਗ ਨੂੰ ਅੱਗੇ ਆ ਕੇ ਖੂਨਦਾਨ ਕਰਨਾ ਚਾਹੀਦਾ ਹੈ ਤਾਂ ਕਿ ਜ਼ਿੰਦਗੀ ਵਿੱਚ ਬਣਦੇ ਫਰਜ਼ ਨੂੰ ਉਹ ਇਮਾਨਦਾਰੀ ਨਾਲ ਨਿਭਾ ਸੱਕਣ। ਲੇਖਣ ਮੁਕਾਬਲੇ ਵਿੱਚ ਤਾਨਿਆ ਨੇ ਪਹਿਲਾ ਸਥਾਨ, ਸਾਹਿਲ




ਨੇ ਦੂਸਰਾ ਸਥਾਨ ਅਤੇ ਅਰਸ਼ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪੋਸਟਰ ਬਣਾਉਣ ਨਾਲ ਸਬੰਧਿਤ ਮੁਕਾਬਲੇ ਵੀ ਪ੍ਰੋ।ਵਿਜੇ ਕੁਮਾਰ ਦੇ ਸਹਿਯੋਗ ਨਾਲ ਕਰਵਾਏ ਗਏ ਜਿਹੜੇ ਕਿ ਦੂਜਿਆਂ ਨੂੰ ਖੂਨਦਾਨ ਕਰਨ ਦਾ ਸੰਦੇਸ਼ ਦੇ ਰਹੇ ਸਨ। ਇਸ ਵਿੱਚ ਸਾਹਿਲ ਨੇ ਪਹਿਲਾ ਸਥਾਨ, ਤਾਨਿਆ ਨੇ ਦੂਸਰਾ ਸਥਾਨ ਅਤੇ ਗੁਰਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

# 26 ਜੂਨ, 2022 ਲਈ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਹਰ ਸਾਲ 26 ਜੂਨ ਨੂੰ ਨਸ਼ਿਆਂ ਦੀ ਦੁਰਵਰਤੋਂ ਤੋਂ ਮੁਕਤ ਵਿਸ਼ਵ ਨੂੰ ਪ੍ਰਾਪਤ ਕਰਨ ਲਈ ਕਾਰਵਾਈ ਅਤੇ ਸਹਿਯੋਗ ਨੂੰ ਮਜ਼ਬੂਤ ??ਕਰਨ ਲਈ ਮਨਾਇਆ ਜਾਂਦਾ ਹੈ। ਹਰ ਸਾਲ ਵਿਸ਼ਵ ਭਰ ਦੀਆਂ ਵੱਖ-ਵੱਖ ਸੰਸਥਾਵਾਂ ਇਸ ਦਿਵਸ ਨੂੰ ਮਨਾਉਣ ਲਈ ਸ਼ਾਮਲ ਹੁੰਦੇ ਹਨ ਤਾਂ ਜੋ ਸਮਾਜ ਨੂੰ ਗੈਰ-ਕਾਨੂੰਨੀ ਨਸ਼ੇ ਪੈਦਾ ਕਰਨ ਵਾਲੀ ਵੱਡੀ ਸਮੱਸਿਆ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਮੱਦਦ ਕੀਤੀ ਜਾ ਸਕੇ। ਇਸ ਲਈ ਇਸ ਵਾਰ ਦਾ ਮੁੱਖ ਵਿਸ਼ਾ ''ਸਿਹਤ ਅਤੇ ਮਾਨਵਤਾਵਾਦੀ ਸੰਕਟ ਵਿੱਚ ਡਰੱਗ ਚੁਣੌਤੀਆਂ ਨੂੰ ਸੰਬੋਧਿਤ ਕਰਨਾ'' ਹੈ ਅਤੇ ਇਕੱਠੇ ਮਿਲ ਕੇ ਅਸੀਂ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠ ਸਕਦੇ ਹਾਂ। ਇਸ ਸਾਲ ਨਸ਼ੇ ਅਤੇ ਅਪਰਾਧ ਦੇ ਸੰਯੁਕਤ ਰਾਸ਼ਟਰ ਦਫ਼ਤਰ ਸੰਕਟ ਦੀਆਂ ਸਥਿਤੀਆਂ ਤੋਂ ਪੈਦਾ ਹੋਣ ਵਾਲੀਆਂ ਅੰਤਰਰਾਸ਼ਟਰੀ ਚੁਣੌਤੀਆਂ ਨੂੰ ਸੰਬੋਧਿਤ ਕਰ ਰਿਹਾ ਹੈ। ਅਸੀਂ ਬੱਚਿਆਂ ਅਤੇ ਨੌਜਵਾਨਾਂ ਸਮੇਤ ਸਭ ਤੋਂ ਕਮਜ਼ੋਰ ਲੋਕਾਂ ਲਈ ਸਿਹਤ ਦੇ ਅਧਿਕਾਰ ਦੀ ਰੱਖਿਆ ਲਈ ਵਕਾਲਤ ਕਰਨਾ ਜਾਰੀ ਰੱਖਦੇ ਹਾਂ। ਨਸ਼ੇ ਦੀ ਵਰਤੋਂ ਕਰਨ ਵਾਲੇ ਲੋਕ, ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਵਾਲੇ ਲੋਕ ਅਤੇ ਉਹ ਲੋਕ ਜਿਨ੍ਹਾਂ ਨੂੰ ਨਿਯੰਤਰਿਤ ਦਵਾਈਆਂ ਤੱਕ ਪਹੁੰਚ ਦੀ ਲੋੜ ਹੁੰਦੀ ਹੈ। ਸਿਹਤ ਅਤੇ ਨਿਆਂ ਖੇਤਰ ਦਬਾਅ ਹੇਠ ਹਨ ਅਤੇ ਸੇਵਾਵਾਂ ਅਤੇ ਸਹਾਇਤਾ ਤੱਕ ਪਹੁੰਚ ਵਿੱਚ ਰੁਕਾਵਟ ਹੈ। 2022 ਵਿੱਚ ਦੁਨੀਆ ਅਫਗਾਨਿਸਤਾਨ, ਯੂਕਰੇਨ ਅਤੇ ਹੋਰ ਥਾਵਾਂ ਤੇ ਵਿਆਪਕ ਮਾਨਵਤਾਵਾਦੀ ਸੰਕਟਾਂ ਦਾ ਗਵਾਹ ਬਣ ਰਹੀ ਹੈ ਜਦੋਂ ਕਿ ਕੋਵਿਡ -19 ਮਹਾਂਮਾਰੀ ਅਜੇ ਵੀ ਇੱਕ ਪ੍ਰਮੁੱਖ ਵਿਸ਼ਵ ਸਿਹਤ ਸੰਕਟ ਹੈ। ਸਿੰਥੈਟਿਕ ਡਰੱਗ ਸੰਕਟ ਲਈ ਵੀ ਅਨੁਕੂਲ ਹੱਲ ਦੀ ਲੋੜ ਹੈ। ਗਲੋਬਲ ਭਾਈਚਾਰੇ ਅਤੇ ਏਕਤਾ ਦੀ ਇੱਕ ਵਧ ਰਹੀ ਭਾਵਨਾ ਉਭਰਦੀ ਰਹਿੰਦੀ ਹੈ ਜਿਵੇਂ ਕਿ ਸੰਕਟ ਦੇ ਸਮੇਂ ਵਿੱਚ ਸਾਰਿਆਂ ਦੀ ਦੇਖਭਾਲ ਕਰਨ ਦੀ ਜ਼ਰੂਰਤ ਹੁੰਦੀ ਹੈ। ''ਸੰਕਟ ਵਿੱਚ ਦੇਖਭਾਲ'' ਮੁਹਿੰਮ ਨਸ਼ਿਆਂ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਵਿਸ਼ਵ ਵਿਆਪੀ ਯਤਨਾਂ ਨੂੰ ਸਫਲ ਕਰਨ ਬਣਾਉਣ ਵਿੱਚ ਮੱਦਦ ਕਰਨਾ ਹੈ। ਜੇਕਰ ਇਸ ਦਿਵਸ ਦਾ ਇਤਿਹਾਸ ਵੇਖੀਏ ਤਾਂ ਵਿਸ਼ਵ ਵਿੱਚ ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ ਇਸ ਸਬੰਧੀ ਮਿਤੀ 7 ਦਸੰਬਰ, 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਵਿਸ਼ਵ ਭਰ ਵਿੱਚ ਨਸ਼ਾਖੋਰੀ ਅਤੇ ਨਸ਼ਿਆਂ ਦੀ ਨਜਾਇਜ਼ ਸਮਗਲਿੰਗ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਵਿਸ਼ਵ ਦੇ ਹੋਰ ਕਈ ਦੇਸ਼ਾਂ ਵਾਂਗ ਹੀ ਭਾਰਤ ਵਿੱਚ ਵੀ ਹਰ ਸਾਲ ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਗੈਰ ਕਨੂੰਨੀ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਸ਼ਿਆਂ ਦੀ ਸਮੱਸਿਆ ਅਤਿ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਨਜਾਇਜ਼ ਨਸ਼ਿਆਂ ਦੀ ਵਰਤੋਂ ਜੋਕਿ ਪ੍ਰਮੁੱਖ ਤੋਰ ਤੇ ਨੌਜਵਾਨਾਂ ਵਿੱਚ ਕੇਂਦਰਿਤ ਹੈ ਵਿਕਸਿਤ ਅਤੇ ਵਿਕਾਸਸ਼ੀਲ ਦੋਵਾਂ ਤਰਾਂ ਦੇ ਮੁਲਕਾਂ ਦੀ ਆਰਥਿਕਤਾ ਲਈ ਸਮੱਸਿਆ ਬਣ ਗਈ ਹੈ। ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਗੈਰ ਕਨੂੰਨੀ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਸੰਯੁਕਤ ਰਾਸ਼ਟਰ ਦੇ ਨਸ਼ਿਆਂ ਅਤੇ ਅਪਰਾਧ ਬਾਰੇ ਦਫ਼ਤਰ ਵਲੋਂ ਨਸ਼ਿਆਂ ਸਬੰਧੀ ਜਾਰੀ ਵਿਸ਼ਵ ਰਿਪੋਰਟ ਅਨੁਸਾਰ ਪਿਛਲੇ ਸਾਲ ਦੁਨੀਆ ਭਰ ਵਿੱਚ ਲਗਭਗ 275 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ, ਜਦੋਂ ਕਿ 36 ਮਿਲੀਅਨ ਤੋਂ ਵੱਧ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਤੋਂ ਪੀੜਤ ਸਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਪਿਛਲੇ 24 ਸਾਲਾਂ ਵਿੱਚ ਦੁਨੀਆ ਦੇ ਕੁਝ ਹਿੱਸਿਆਂ ਵਿੱਚ ਭੰਗ ਦੀ ਵਰਤੋਂ ਲੱਗਭੱਗ ਚਾਰ ਗੁਣਾ ਵੱਧ ਗਈ ਹੈ। ਭਾਵੇਂ ਕਿ ਨਸ਼ੀਲੇ ਪਦਾਰਥਾਂ ਨੂੰ ਹਾਨੀਕਾਰਕ ਮੰਨਣ ਵਾਲੇ ਕਿਸ਼ੋਰਾਂ ਦੀ ਪ੍ਰਤੀਸ਼ਤਤਾ 40 ਪ੍ਰਤੀਸ਼ਤ ਤੱਕ ਘੱਟ ਗਈ ਇਸਦੇ ਬਾਵਜੂਦ ਭੰਗ ਦੀ ਵਰਤੋਂ ਕਈ ਤਰ੍ਹਾਂ ਦੇ ਸਿਹਤ ਅਤੇ ਹੋਰ ਨੁਕਸਾਨਾਂ ਨਾਲ ਜੁੜੀ ਹੋਈ ਹੈ, ਖਾਸ ਤੌਰ ਤੇ ਲੰਬੇ ਸਮੇਂ ਦੇ ਨਿਯਮਤ ਉਪਭੋਗਤਾਵਾਂ ਵਿੱਚ। ''ਨਸ਼ਿਆਂ ਦੀ ਵਰਤੋਂ ਦੇ ਜੋਖਮਾਂ ਦੀ ਘੱਟ ਧਾਰਨਾ ਨੂੰ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀਆਂ ਉੱਚੀਆਂ ਦਰਾਂ ਨਾਲ ਜੋੜਿਆ ਗਿਆ ਹੈ, ਅਤੇ 2021 ਦੀ ਰਿਪੋਰਟ ਦੀਆਂ ਖੋਜਾਂ ਨੌਜਵਾਨਾਂ ਨੂੰ ਸਿੱਖਿਅਤ ਕਰਨ ਅਤੇ ਜਨਤਕ ਸਿਹਤ ਦੀ ਸੁਰੱਖਿਆ ਲਈ ਧਾਰਨਾ ਅਤੇ ਹਕੀਕਤ ਵਿਚਕਾਰ ਪਾੜੇ ਨੂੰ ਬੰਦ ਕਰਨ ਦੀ ਜ਼ਰੂਰਤ ਨੂੰ ਉਜਾਗਰ ਕਰਦੀਆਂ ਹਨ। ਰਿਪੋਰਟ ਦੇ ਅਨੁਸਾਰ ਸੰਯੁਕਤ ਰਾਜ ਵਿੱਚ 1995-2019 ਦੇ ਵਿਚਕਾਰ ਭੰਗ ਨੂੰ ਹਾਨੀਕਾਰਕ ਮੰਨਣ ਵਾਲੇ ਕਿਸ਼ੋਰਾਂ ਦੀ ਪ੍ਰਤੀਸ਼ਤਤਾ ਸੰਯੁਕਤ ਰਾਜ ਵਿੱਚ 40 ਪ੍ਰਤੀਸ਼ਤ ਅਤੇ ਯੂਰਪ ਵਿੱਚ 25 ਪ੍ਰਤੀਸ਼ਤ ਤੱਕ ਘਟੀ ਹੈ। ਇਸ ਤੋਂ ਇਲਾਵਾ ਬਹੁਤੇ ਦੇਸ਼ਾਂ ਨੇ ਭੰਗ ਦੀ ਵਰਤੋਂ ਵਿੱਚ ਵਾਧਾ ਦਰਜ ਕੀਤਾ ਹੈ। ਮਹਾਂਮਾਰੀ ਦੌਰਾਨ 77 ਦੇਸ਼ਾਂ ਦੇ ਸਿਹਤ ਪੇਸ਼ੇਵਰਾਂ ਦੇ ਸਰਵੇਖਣਾਂ ਵਿੱਚ 42 ਪ੍ਰਤੀਸ਼ਤ ਨੇ ਦਾਅਵਾ ਕੀਤਾ ਕਿ ਭੰਗ ਦੀ ਵਰਤੋਂ ਵਿੱਚ ਵਾਧਾ ਹੋਇਆ ਹੈ। ਇਸ ਦੌਰਾਨ ਫਾਰਮ-ਾਸਿਊਟੀਕਲ ਦਵਾਈਆਂ ਦੀ ਗੈਰ-ਮੈਡੀਕਲ ਵਰਤੋਂ ਵਿੱਚ ਵੀ ਵਾਧਾ ਦੇਖਿਆ ਗਿਆ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਵਧ ਰਹੀ ਹੈ, ਪਰ ਵਿਗਿਆਨ-ਅਧਾਰਿਤ ਇਲਾਜ ਵਧੇਰੇ ਉ-ਪਲਬਧ ਹੈ। 2010-2019 ਦੇ ਵਿਚਕਾਰ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ




ਗਿਣਤੀ ਵਿੱਚ 22 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਮੌਜੂਦਾ ਅਨੁਮਾਨ 2030 ਤੱਕ ਵਿਸ਼ਵ ਪੱਧਰ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 11 ਪ੍ਰਤੀਸ਼ਤ ਦੇ ਵਾਧੇ ਵੱਲ ਇਸ਼ਾਰਾ ਕਰਦੇ ਹਨ। ਇਸ ਅਨੁਮਾਨ ਅਨੁਸਾਰ 15 ਤੋਂ 64 ਸਾਲ ਦੀ ਉਮਰ ਦੇ ਲਗਭਗ 5.5 ਪ੍ਰਤੀਸ਼ਤ ਆਬਾਦੀ ਨੇ ਪਿਛਲੇ ਸਾਲ ਘੱਟੋ-ਘੱਟ ਇੱਕ ਵਾਰ ਨਸ਼ਿਆਂ ਦੀ ਵਰਤੋਂ ਕੀਤੀ ਹੈ ਜਦੋਂ ਕਿ 36.3 ਮਿਲੀਅਨ ਲੋਕ ਜਾਂ ਨਸ਼ੇ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ ਦਾ 13 ਪ੍ਰਤੀਸ਼ਤ ਨਸ਼ੇ ਤੋਂ ਪੀੜਤ ਹਨ। ਵਿਸ਼ਵਵਿਆਪੀ ਤੌਰ ਤੇ 11 ਮਿਲੀਅਨ ਤੋਂ ਵੱਧ ਲੋਕਾਂ ਦੁਆਰਾ ਨਸ਼ੀਲੇ ਟੀਕੇ ਲਗਾਉਣ ਦਾ ਅਨੁਮਾਨ ਹੈ ਜਿਨ੍ਹਾਂ ਵਿੱਚੋਂ ਅੱਧੇ ਹੈਪੇਟਾਈਟਸ ਸੀ ਨਾਲ ਜੀ ਰਹੇ ਹਨ। ਤੇਜ਼ ਤਕਨੀਕੀ ਨਵੀਨਤਾ ਨਸ਼ੇ ਵੇਚਣ ਲਈ ਨਵੇਂ ਪਲੇਟਫਾਰਮਾਂ ਦੀ ਵਰਤੋਂ ਕਰਨ ਵਾਲਿਆਂ ਦੀ ਚੁਸਤੀ ਅਤੇ ਅਨੁਕੂਲਤਾ ਦੇ ਨਾਲ ਅਤੇ ਹੋਰ ਪਦਾਰਥ, ਇੱਕ ਗਲੋਬਲਾਈਜ਼ਡ ਮਾਰਕੀਟ ਵਿੱਚ ਸ਼ੁਰੂਆਤ ਕਰਨ ਦੀ ਸੰਭਾਵਨਾ ਹੈ ਜਿੱਥੇ ਸਾਰੀਆਂ ਦਵਾਈਆਂ ਵਧੇਰੇ ਉਪਲਬਧ ਹਨ ਅਤੇ ਹਰ ਥਾਂ ਪਹੁੰਚਯੋਗ ਹਨ। ਡਰੱਗ ਬਾਜ਼ਾਰਾਂ ਨੇ ਸ਼ੁਰੂਆਤੀ ਵਿਘਨ ਤੋਂ ਬਾਅਦ ਤੇਜ਼ੀ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ। ਮਹਾਂਮਾਰੀ ਦੇ ਦੌਰਾਨ ਡਰੱਗ ਬਾਜ਼ਾਰਾਂ ਦੀ ਲਚਕਤਾ ਨੇ ਇੱਕ ਵਾਰ ਫਿਰ ਤਸਕਰਾਂ ਦੀ ਬਦਲੇ ਹੋਏ ਵਾਤਾਵਰਣ ਅਤੇ ਹਾਲਾਤਾਂ ਵਿੱਚ ਤੇਜ਼ੀ ਨਾਲ ਅਨੁਕੂਲ ਹੋਣ ਦੀ ਯੋਗਤਾ ਦਾ ਪ੍ਰਦਰਸ਼ਨ ਕੀਤਾ ਹੈ। ਇਸ ਰਿਪੋਰਟ ਅਨੁਸਾਰ ਪਿਛਲੇ ਸਾਲ ਆਈ ਮਹਾਂਮਾਰੀ ਕੋਰੋਨਾ ਦਾ ਵੀ ਨਸ਼ਿਆਂ ਤੇ ਅਸਰ ਪਿਆ ਹੈ ਅਤੇ ਇਸ ਦੌਰਾਨ ਨਸ਼ਿਆਂ ਦੀ ਸ਼ੁੱਧਤਾ ਅਤੇ ਵਧੀਆਂ ਕੀਮਤਾਂ ਵੀ ਸ਼ੰਕਾਮਈ ਹਨ। ਕੋਰੋਨਾ ਕਾਰਨ ਵਧੀ ਬੇ-ਰੋਜਗਾਰੀ, ਮਾਨਸਿਕ ਪ੍ਰੇਸ਼ਾਨੀਆਂ ਕਾਰਨ ਵੀ ਲੋਕ ਨਸ਼ਿਆਂ ਦੇ ਆਦੀ ਹੋ ਰਹੇ ਹਨ। ਨਸ਼ਿਆਂ ਨੂੰ ਮੁੱਖ ਤੋਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਆਮ ਤੋਰ ਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨ-ਜੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਖੇਤੀ ਅਤੇ ਵਿਕਰੀ ਹੁੰਦੀ ਹੈ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਆਧੁਨਿਕ ਕਈ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵਧ ਰਿਹਾ ਤਣਾਅ ਆਦਿ ਸ਼ਾਮਲ ਹਨ। ਦੇਸ਼ ਵਿੱਚ ਲਾਗੂ ਹੋ ਰਹੀਆਂ ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ, ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕਿਆ ਹੈ। ਸਾਡੇ ਸਮਾਜ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ।

ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ।ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਆਲ ਇੰਡੀਆ ਇੰਸਟੀ-ਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼), ਨਵੀਂ ਦਿੱਲੀ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟਰੀਟਮੈਂਟਸੈਂਟਰ (ਐਨ.ਡੀ.ਡੀ.ਟੀ.ਸੀ.) ਰਾਹੀਂ ਭਾਰਤ ਵਿੱਚ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਪਹਿਲੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਅਨੁਸਾਰ, ਸ਼ਰਾਬ ਸਭ ਤੋਂ ਆਮ ਮਨੋਵਿਗਿਆਨਕ ਪਦਾਰਥ ਹੈ ਜਿਸਦੀ ਵਰਤੋਂ ਭਾਰਤੀਆਂ ਦੁ-ਆਰਾ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਕੈਨਾਬਿਸ ਅਤੇ ਓਪੀਓਡਸ ਆਉਂਦੇ ਹਨ। ਦੇਸ਼ ਵਿੱਚ ਲਗਭਗ 16 ਕਰੋੜ ਵਿਅਕਤੀ ਸ਼ਰਾਬ ਦਾ ਸੇਵਨ ਕਰਦੇ ਹਨ, 3.1 ਕਰੋੜ ਵਿਅਕਤੀ ਭੰਗ ਦੇ ਉਤਪਾਦਾਂ ਅਤੇ 2.26 ਕਰੋੜ ਓਪੀਔਡਸ ਦੀ ਵਰਤੋਂ ਕਰਦੇ ਹਨ। 5.7 ਕਰੋੜ ਤੋਂ ਵੱਧ ਲੋਕ ਹਾਨੀਕਾਰਕ ਨਸ਼ਿਆਂ ਦੀ ਵਰਤੋਂ ਤੋਂ ਪ੍ਰਭਾਵਿਤ ਹਨ ਅਤੇ ਉਹਨਾਂ ਨੂੰ ਸ਼ਰਾਬ ਦੀ ਵਰਤੋਂ ਦੀਆਂ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੈ, ਲਗਭਗ 25 ਲੱਖ ਕੈਨਾਬਿਸ ਨਿਰਭਰਤਾ ਤੋਂ ਪੀੜਤ ਹਨ ਅਤੇ ਲਗਭਗ 77 ਲੱਖ ਵਿਅਕਤੀਆਂ ਨੂੰ ਉਹਨਾਂ ਦੀਆਂ ਓਪੀਔਡ ਵਰਤੋਂ ਦੀਆਂ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੋਣ ਦਾ ਅਨੁਮਾਨ ਹੈ। ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣਾ ਪੂਰੇ ਦੇਸ਼ ਵਿੱਚ ਕਾਫ਼ੀ ਫੈਲਿਆ ਹੋਇਆ ਹੈ। ਪੰਜਾਬ ਰਾਜ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਗੈਰ ਸਰਕਾਰੀ ਸੰਗਠਨ ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਸ ਅਤੇ ਏਮਜ਼ ਮਾਹਿਰਾਂ ਦੁਆਰਾ ਕਰਵਾਏ ਗਏ ਸਰਵੇਖਣ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਲੱਗਭੱਗ 2.32 ਲੱਖ ਵਿਅਕਤੀ ਨਸ਼ਿਆਂ ਤੇ ਨਿਰਭਰ ਹਨ। ਇਸਦਾ ਮਤਲਬ ਹੈ ਕਿ ਬਾਲਗ ਆਬਾਦੀ ਦਾ 1.2ਗ ਨਸ਼ਿਆਂ ਦੀ ਆਦੀ ਹੈ। ਪੰਜਾਬ ਦੀ ਆਬਾਦੀ ਦਾ ਸਭ ਤੋਂ ਵੱਧ ਪ੍ਰਤੀਸ਼ਤ ਨਸ਼ਿਆਂ ਦੀ ਵਰਤੋਂ ਕਰ ਰਿਹਾ ਹੈ। ਜ਼ਿਆਦਾਤਰ ਨਸ਼ਿਆਂ ਦੀਆਂ ਸ਼੍ਰੇਣੀਆਂ ਲਈ, ਪੰਜਾਬ ਵਿੱਚ ਇਸਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਰਾਸ਼ਟਰੀ ਔਸਤ ਨਾਲੋਂ ਬਹੁਤ ਜ਼ਿਆਦਾ ਹੈ। ਪੰਜਾਬ ਵਿੱਚ ਸ਼ਰਾਬ ਦੀ ਵਰਤੋਂ 28.5ਗ ਹੈ, ਜਦੋਂ ਕਿ ਰਾਸ਼ਟਰੀ ਔਸਤ 14.6ਗ ਹੈ। ਕੈਨਾਬਿਸ ਲਈ ਇਹ ਪੰਜਾਬ ਵਿੱਚ 12.5ਗ ??ਅਤੇਰ-ਾਸ਼ਟਰੀ ਔਸਤ 2.8ਗ ਹੈ। ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨਜ਼, ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਵਿੱਚ ਲੱਗਭੱਗ 35 ਫਿਸਦੀ 15 ਤੋਂ 25 ਸਾਲ ਦੇ ਨੌਜਵਾਨ ਸਾਮਿਲ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰ-ਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੌਰਟ ਵਿੱਚ ਦਿਤੇ ਗਏ ਐਫ-ਿਡੇਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀ-ਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋਕਿ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਸ਼ਰਾਬ ਸਮੇਤ ਹੋਰ ਨਸ਼ਿਆਂ ਦੀ ਹੋਈ ਗੈਰ ਕਨੂੰਨੀ ਵਿਕਰੀ ਅਤੇ ਸਰਕਾਰੀ ਨਸ਼ਾ ਛਡਾਉ ਕੇਂਦਰਾਂ ਅੱਗੇ ਲੱਗੀਆਂ ਲੰਬੀਆਂ ਲਾਇਨਾਂ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਸਬੰਧੀ ਪੋਲ ਖੋਲਦੀਆਂ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਜਹਿਰੀਲੀ ਸ਼ਰਾਬ ਅਤੇ ਮਿਲਾਵਟੀ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲਦੀਆਂ ਹਨ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਆਟੇ ਵਿੱਚ ਲੂਣ ਦੇ ਬਰਾਬਰ ਹੀ ਹਨ ਪਰ ਇਹ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ।

ਸਰਕਾਰ ਵਲੋਂ ਇਸ ਸਮੱਸਿਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੂ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ।

ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸੱਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿਲ਼ ਰਿਹਾ ਹੈ ਕਿਉਂਕਿ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਜਰੂਰਤ ਹੈ ਕਿ ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂ ਵੀ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣ ਤਾਂ ਜੋ ਦੇਸ਼ ਅਤੇ ਸਮਾਜ ਨੂੰ ਨਸ਼ਾ ਮੁੱਕਤ ਬਣਾਇਆ ਜਾਵੇ ਅਤੇ ਇਸ ਦਿਨ ਨੂੰ ਮਨਾਉਣ ਦਾ ਅਸਲੀ ਮੰਤਬ ਪੂਰਾ ਹੋਵੇਗਾ।

# ਭਾਰਤ ਦੇ ਉਤਰੀ ਖਿੱਤੇ ਵਿਚ ਗਰਮੀ ਦਾ ਕਹਿਰ, ਹੁਣ ਤਕ ਸੈਂਕੜੇ ਲੋਕਾਂ ਦੀ ਮੌਤ

**ਨਵੀਂ ਦਿੱਲੀ-** ਉੱਤਰੀ ਭਾਰਤ ਦੇ ਕਈ ਰਾਜਾਂ ਵਿੱਚ ਗਰਮੀ ਦਾ ਕਹਿਰ ਦੇਖਣ ਨੂੰ ਮਿਲ ਰਿਹਾ ਹੈ। ਯੂਪੀ ਅਤੇ ਬਿਹਾਰ ਵਿੱਚ ਗਰਮੀ ਕਾਰਨ ਕਈ ਲੋਕਾਂ ਦੀ ਜਾਨ ਜਾ ਚੁੱਕੀ ਹੈ। ਹੀਟ ਸਟ੍ਰੋਕ ਨਾਲ ਹੋਣ ਵਾਲੀਆਂ ਮੌਤਾਂ ਨੂੰ ਲੈ ਕੇ ਕੇਂਦਰ ਸਰਕਾਰ ਵੀ ਚੌਕਸ ਹੋ ਗਈ ਹੈ। ਇਸ ਸਬੰਧੀ ਅਹਿਮ ਮੀਟਿੰਗ ਬੁਲਾਈ ਗਈ ਹੈ। ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਦੇਸ਼ ਭਰ ਵਿੱਚ ਚੱਲ ਰਹੀ ਗਰਮੀ ਦੀ ਲਹਿਰ ਦੇ ਸਬੰਧ ਵਿੱਚ ਜਨ ਸਿਹਤ ਤਿਆਰੀਆਂ ਦੀ ਸਮੀਖਿਆ ਕਰਨ ਲਈ ਇੱਕ ਉੱਚ ਪੱਧਰੀ ਮੀਟਿੰਗ ਬੁਲਾਈ ਹੈ।

ਇਸ ਮੀਟਿੰਗ ਦੀ ਪ੍ਰਧਾਨਗੀ ਸਿਹਤ ਮੰਤਰੀ ਖੁਦ ਕਰਨਗੇ। ਸਿਹਤ ਮੰਤਰਾਲੇ ਦੇ ਅਧਿਕਾਰੀਆਂ ਤੋਂ ਇਲਾਵਾ ਨੀਤੀ ਆਯੋਗ ਦੇ ਮੈਂਬਰ ਵੀ ਹਿੱਸਾ ਲੈ ਸਕਦੇ ਹਨ।

ਜ਼ਿਕਰਯੋਗ ਹੈ ਕਿ ਯੂਪੀ ਅਤੇ ਬਿਹਾਰ 'ਚ ਗਰਮੀ ਕਾਰਨ ਕਈ ਲੋਕਾਂ ਦੀ ਜਾਨ ਜਾ ਚੁੱਕੀ ਹੈ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿ-ੱਤੀਆਂ ਹਨ ਕਿ ਉਹ ਗਰਮੀ ਅਤੇ ਹੀਟ ਸਟ੍ਰੋਕ ਤੋਂ ਬਚਣ ਲਈ ਪਹਿਲ ਦੇ ਆਧਾਰ 'ਤੇ ਸਾਰੇ ਜ਼ਰੂਰੀ ਉਪਾਅ ਕਰਨ। ਯੋਗੀ ਨੇ ਸੋਮਵਾਰ ਨੂੰ ਇਸ ਸਬੰਧੀ ਮੀਟਿੰਗ ਕੀਤੀ ਸੀ। ਮੀਟਿੰਗ ਵਿੱਚ ਯੋਗੀ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਹੀਟ ਸਟ੍ਰੋਕ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ ਵਧੀਆ ਪ੍ਰਬੰਧ ਕੀਤੇ ਜਾਣ। ਹੀਟ ਸਟ੍ਰੋਕ ਤੋਂ ਪੀੜਤ ਮਰੀਜ਼ਾਂ ਦੇ ਤੁਰੰਤ ਇਲਾਜ ਦਾ ਪ੍ਰਬੰਧ ਕੀਤਾ ਜਾਵੇ।

### ਬਿਹਾਰ ਵਿੱਚ 72 ਲੋਕਾਂ ਦੀ ਮੌਤ

ਬਿਹਾਰ 'ਚ ਪਿਛਲੇ ਕੁਝ ਦਿਨਾਂ ਤੋਂ ਗਰਮੀ ਕਾਰਨ ਕਈ ਮੌਤਾਂ ਹੋ ਚੁੱਕੀਆਂ ਹਨ। ਵੀਰਵਾਰ ਤੋਂ ਸੋਮਵਾਰ ਤੱਕ ਸੂਬੇ 'ਚ 72 ਲੋਕਾਂ ਦੀ ਜਾਨ ਜਾ ਚੁੱਕੀ ਹੈ। ਸੋਮਵਾਰ ਨੂੰ ਹੀਟ ਵੇਵ ਕਾਰਨ 21 ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਗਰਮੀ ਕਾਰਨ ਬਿਮਾਰ ਹੋਏ 150 ਦੇ ਕਰੀਬ ਲੋਕ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਹਨ। ਕਈ ਲੋਕਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

* ਹੀਟਸਟ੍ਰੋਕ ਤੋਂ ਬਚਣ ਦੇ ਤਰੀਕੇ
* ਤੇਜ਼ ਧੁੱਪ ਵਿੱਚ, ਖਾਸ ਕਰਕੇ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਬੇਲੋੜਾ ਬਾਹਰ ਨਾ ਨਿਕਲੋ।
* ਹੀਟਸਟ੍ਰੋਕ ਤੋਂ ਬਚਣ ਲਈ ਖੂਬ ਪਾਣੀ ਪੀਓ, ਪਿਆਸ ਨਾ ਲੱਗਣ 'ਤੇ ਵੀ ਪਾਣੀ ਪੀਂਦੇ ਰਹੋ।
* ਹਲਕੇ ਰੰਗ ਦੇ ਢਿੱਲੇ-ਫਿਟਿੰਗ ਸੂਤੀ ਕੱਪੜੇ ਪਾਓ। ਆਪਣੇ ਆਪ ਨੂੰ ਸੂਰਜ ਤੋਂ ਬਚਾਉਣ ਲਈ, ਟੋਪੀ, ਛੱਤਰੀ ਅਤੇ ਸਨਗਲਾਸ ਪਹਿਨੋ। ਜੁੱਤੀਆਂ ਅਤੇ ਚੱਪਲਾਂ ਪਾਓ।
* ਯਾਤਰਾ ਦੌਰਾਨ ਪਾਣੀ ਆਪਣੇ ਨਾਲ ਰੱਖੋ।
* ਸ਼ਰਾਬ, ਚਾਹ ਅਤੇ ਕੌਫੀ ਵਰਗੇ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਨਾ ਕਰੋ। ਇਹ ਸਰੀਰ ਲਈ ਹਾਨੀਕਾਰਕ ਹੋ ਸਕਦਾ ਹੈ। ਜੇ ਤੁਸੀਂ ਕਿਸੇ ਕੰਮ ਲਈ ਘਰ ਤੋਂ ਬਾਹਰ ਜਾਂਦੇ ਹੋ ਤਾਂ ਟੋਪੀ, ਤੌਲੀਆ ਅਤੇ ਛੱਤਰੀ ਦੇ ਨਾਲ ਇੱਕ ਗਿੱਲਾ ਕੱਪੜਾ ਰੱਖੋ ਅਤੇ ਇਸਨੂੰ ਵਾਰ-ਵਾਰ ਆਪਣੇ ਚਿਹਰੇ, ਸਿਰ ਅਤੇ ਗਰਦਨ 'ਤੇ ਰੱਖੋ।
* ਲੱਸੀ, ਨਮਕ-ਸ਼ੱਕਰ ਦਾ ਘੋਲ, ਅੰਬ ਦਾ ਪਰਨਾ ਅਤੇ ਨਿੰਬੂ ਪਾਣੀ ਵਰਗੇ ਘਰੇਲੂ ਪਦਾਰਥਾਂ ਦਾ ਸੇਵਨ ਕਰੋ।
* ਜੇ ਘਰ ਵਿੱਚ ਡੰਗਰ ਜਾਂ ਕੁੱਤੇ ਹਨ ਤਾਂ ਉਨ੍ਹਾਂ ਨੂੰ ਛਾਂ ਵਿੱਚ ਰੱਖੋ ਅਤੇ ਉਨ੍ਹਾਂ ਨੂੰ ਪੀਣ ਲਈ ਭਰਪੂਰ ਪਾਣੀ ਦਿਓ।
* ਆਪਣੇ ਘਰ ਨੂੰ ਠੰਡਾ ਰੱਖਣ ਲਈ ਪਰਦੇ, ਸ਼ਟਰ ਆਦਿ ਦੀ ਵਰਤੋਂ ਕਰੋ ਅਤੇ ਰਾਤ ਨੂੰ ਕਮਰੇ ਦੀਆਂ ਖਿੜਕੀਆਂ ਖੁੱਲ੍ਹੀਆਂ ਰੱਖੋ।

# ਪੰਜਾਬ ਸਰਕਾਰ ਨੂੰ ਦਲਿਤਾਂ ਦੇ ਕੁੱਝ ਸਵਾਲ



S R LADHAR IAS( R)
33/77 Mohali
srladharias@gmail.com
94175 00610

ਬੇਰੁਜ਼ਗਾਰੀ ਨੇ ਸਵਰਨ ਜਾਤੀ ਲੋਕਾਂ ਨੂੰ ਬੋਗਸ ਜਾਤੀ ਸਰਟੀਫਿਕੇਟ ਬਣਾ ਕੇ ਕਾਲਜ/ਯੂਨੀਵਰਸਿਟੀ ਵਿੱਚ ਦਾਖਲੇ ਅਤੇ ਨੌਕਰੀਆਂ ਲੈਣ ਲਈ ਮਜਬੂਰ ਕਰ ਦਿੱਤਾ ਹੈ। ਅੱਜ-ਕੱਲ ਕਈ ਲੋਕਾਂ ਨੇ ਬੋਗਸ ਸਰਟੀਫਿਕੇਟਾਂ ਖ਼ਿਲਾਫ਼ ਮੋਰਚਾ ਖੋਲ ਕੇ, ਬਲੈਕਮੇਲਿੰਗ ਦਾ ਧੰਦਾ ਬਣਾ ਲਿਆ ਹੈ। ਸਰਕਾਰੀ ਮਹਿਕਮੇ ਦੇ ਅਫਸਰ ਤੇ ਕੁੱਝ ਸੁਪਰਡੰਟ ਲੈਵਲ ਦੇ ਕਰਮਚਾਰੀ ਵੀ ਨਾਲ ਮਿਲ ਗਏ ਹਨ। ਬੋਗਸ ਸਰਟੀਫਿਕੇਟਾਂ ਤੇ ਦਾਖਲੇ ਤੇ ਨੌਕਰੀਆਂ ਲੈ ਕੇ ਕਈ ਤਾਂ ਸੇਵਾ-ਮੁੱਕਤ ਵੀ ਹੋ ਗਏ ਹਨ। ਕਈ ਹਾਲੇ ਵੀ ਨੌਕਰੀ ਵਿੱਚ ਹਨ। ਸ਼ਿਕਾਇਤਾਂ ਤੇ ਕਈ ਸਾਲ ਕਾਰਵਾਈ ਪੈਡਿੰਗ ਪਈ ਰਹਿੰਦੀ ਹੈ। ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਵਿਜੀਲੈਂਸ ਕਮੇਟੀ ਨੇ ਪੜਤਾਲ ਕਰ ਕੇ ਕੇਸ ਸਕਰੂਟਨੀ ਕਮੇਟੀ ਕੋਲ ਫ਼ੈਸਲੇ ਲਈ ਪੇਸ਼ ਕਰਨਾ ਹੁੰਦਾ ਹੈ ਪਰ ਸਾਲਾਂ ਬੱਝੀ ਇਹ ਕੇਸ ਲਮਕਦੇ ਰਹਿੰਦੇ ਹਨ। ਕਈ ਵਾਰ ਸ਼ਿਕਾਇਤ ਕਰਤਾ ਸ਼ਿਕਾਇਤ ਵਾਪਸ ਲੈ ਲੈਂਦੇ ਹਨ , ਕਈ ਵਾਰ ਪਿੱਛੇ ਹਟ ਜਾਂਦੇ ਹਨ, ਕਈ ਵਾਰ ਸੀਨੀਅਰ ਅਧਿਕਾਰੀ ਚਾਂਦੀ ਦੀ ਜੁੱਤੀ ਖਾ ਕੇ ਕੇਸ ਦਾਖਲ ਦਫਤਰ ਕਰ ਦਿੰਦੇ ਹਨ। ਜਿਹੜੇ ਜਨਰਲ ਵਰਗ ਦੇ ਲੋਕ ਆਦਤਨ ਜਾਹਲੀ ਸਰਟੀਫਿਕੇਟ ਬਣਾਉਣ ਵਿੱਚ ਮਹਾਰਤ ਹਾਸਲ ਕਰ ਚੁੱਕੇ ਹਨ ਉਹ ਬੱਚਿਆਂ ਦੇ ਸਕੂਲ ਰਿਕਾਰਡ ਵਿੱਚ ਵੀ ਅਜਿਹੀ ਅਨੁਸੂਚਿਤ ਜਾਤੀ ਲਿਖਵਾਉਂਦੇ ਹਨ ਤਾਂ ਜੋ ਅੱਗੇ ਜਾ ਕੇ ਅ ਜਾਤੀ ਸਰਟੀਫਿਕੇਟ ਲੈਣ ਵਿੱਚ ਕੋਈ ਦਿੱਕਤ ਨਾ ਆਵੇ। ਸ਼ਿਕਾਇਤ ਹੋਣ ਤੇ ਇਹ ਲੋਕ ਹਰ ਹਰਬਾ ਵਰਤਦੇ ਹਨ, ਇੱਥੋਂ ਤੱਕ ਕੇ ਅਫਸਰਾਂ ਦੇ ਦਫ਼ਤਰਾਂ ਮੂਹਰੇ ਧਰਨੇ ਵੀ ਦਿੰਦੇ ਹਨ, ਅਕਸਰ ਜਨਰਲ ਕੈਟਾਗਰੀ ਅਫਸਰ ਇਹਨਾਂ ਧਰਨਾਕਾਰੀਆ ਬੋਗਸ ਜਾਤੀ ਸਪੋਰਟਰਾਂ ਨਾਲ ਹਮਦਰਦੀ ਕਰਦੇ ਦੇਖੇ ਗਏ ਹਨ। ਪੰਜਾਬ ਸਰਕਾਰ ਦਲਿਤਾਂ ਨੂੰ ਉਹਨਾਂ ਦੇ ਸੰਵਿਧਾਨਿਕ ਹੱਕ ਦੇਣਾ ਹੀ ਨਹੀਂ ਚਹੁੰਦੀ।ਸੰਨ 1975 ਵਿੱਚ ਅ। ਜਾਤੀਆਂ ਲਈ 25% ਰਾਖਵਾਂਕਰਣ ਦਿੱਤਾ ਗਿਆ ਸੀ। ੳ ਅਤੇਂ ਫ ਦੀਆਂ ਸੀਟਾਂ ਕ੍ਰਮਵਾਰ 29ਤੋਂ ਵਧਾ ਕੇ 34 ਅਤੇ 3 ਤੋਂ ਵਧਾ ਕੇ 4 ਕ੍ਰਮਵਾਰ ਕਰ ਦਿੱਤੀਆਂ ਹਨ ਪਰ ਦਾਖਲੇ ਅਤੇ ਨੌਕਰੀਆਂ ਵਿੱਚ ਉਹੀ 25% ਰਾਖਵਾਂਕਰਣ ਪਿਛਲੇ 47 ਸਾਲ ਤੋਂ ਫਿਕਸ ਹੈ। ਜਦੋਂ ਕਿ ਅੱਜ ਵੱਸੋਂ ਦਲਿਤਾਂ ਦੀ 32% ਤੋਂ ਵੀ ਜ਼ਿਆਦਾ ਹੈ। ਫਿਰ ਦਲਿਤ ਅਫਸਰ ਤੇ ਦਲਿਤ ਮੰਤਰੀ ਤੇ ਐਮ ਐਲ ਏਜ ਕੀ ਕਰ ਰਹੇ ਹਨ ?
ਪ੍ਰੈਸ ਕੀ ਕਰ ਰਹੀ ਹੈ ?

### ਮੀਡੀਆ ਕੀ ਕਰ ਰਿਹਾ ਹੈ?

ਪੰਜਾਬ ਸਰਕਾਰ ਦੇ ਸਾਰੇ ਮੁੱਖ ਮੰਤਰੀ ਇਕ ਵਰਗ ਵਿਸ਼ੇਸ਼ ਨਾਲ ਸਬੰਧਤ ਰਹੇ ਹਨ। ਇਸ ਲਈ ਉਹਨਾਂ ਨੇ ਕਦੇ ਵੀ ਅਨੁਸੂਚਿਤ ਜਾਤੀ ਦੇ ਸੰਵਿਧਾਨਿਕ ਹੱਕ ਨਹੀਂ ਦਿੱਤੇ।

1. ਖੇਤੀ-ਬਾੜੀ ਯੂਨੀਵਰਸਿਟੀ ਅਤੇ ਗਡਵਾਸੂ ਯੂਨੀਵਰਸਿਟੀ ਵਿੱਚ ਟੀਚਿੰਗ ਸਟਾਫ਼ ਲਈ ਜੀਰੋ ਰਾਖਵਾਂਕਰਣ ਹੈ

2. ਕਲਾਸ ਇੱਕ ਅਤੇ ਕਲਾਸ ਦੋ ਲਈ ਅ। ਜਾਤੀ ਮੁਲਾਜ਼ਮਾਂ ਦੀਆਂ ਤਰੱਕੀਆਂ ਵਿੱਚ ਕ੍ਰਮਵਾਰ ਰਾਖਵਾਂਕਰਣ 14% ਅਤੇ 20% ਹੈ ? ਕਿਉਂ ? ਪੰਝੀ ਪ੍ਰਤੀਸ਼ਤ ਕਿਉਂ ਨਹੀਂ?

3. 32% ਵੱਸੋਂ ਨੂੰ 25% ਰਾਖਵਾਂਕਰਣ ਕਿਉਂ ?ਜਦੋ ਕਿ ਦੇਸ਼ ਦਾ ਸੰਵਿਧਾਨ ਵੱਸੋਂ ਮੁਤਾਬਕ ਰਾਖਵਾਂਕਰਣ ਦੇਣ ਦੀ ਵਕਾਲਤ ਕਰਦਾ ਹੈ। ਪੱਛੜੀਆਂ ਸ਼੍ਰੇਣੀਆਂ ਦਾ ਬਣਦਾ ਹੱਕ 27.5% ਰਾਖਵਾਂਕਰਣ ਕਿਉਂ ਨਹੀਂ ?

4. ਐਸ ਸੀ ਕਮਿਸ਼ਨ ਦੇ ਚੇਅਰਮੈਨ ਦਾ ਔਹਦਾ ਦੋ ਸਾਲ ਤੋਂ ਖਾਲੀ ਕਿਉਂ ਹੈ?

5. ਪੰਜਾਬ ਐਸ ਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 15 ਤੋਂ ਘਟਾ ਕੇ 5 ਕਿਉਂ ਕਰ ਦਿੱਤੀ?

6. ਦੇਸ਼ ਦੇ ਸੰਵਿਧਾਨ ਦੀ 85ਵੀ ਸੋਧ ਪੰਜਾਬ ਲਾਗੂ ਕਿਉਂ ਨਹੀਂ ਕਰ ਰਿਹਾ?

7. ਅੱਜ ਕੱਲ ਮੁੱਖ ਮੰਤਰੀ ਜੀ ਠੇਕੇ ਵਾਲੇ ਮੁਲਾਜ਼ਮਾਂ ਨੂੰ ਪੱਕਿਆਂ ਕਰਨ ਦੇ ਬਿਆਨ ਠੋਕ ਰਹੇ ਨੇ, ਰਾਖਵਾਂਕਰਣ ਦਾ ਕੀ ਬਣੇਗਾ ? ਕੀ ਸਰਕਾਰ ਬਣਦਾ ਰਾਖਵਾਂਕਰਣ ਯਕੀਨੀ ਬਣਾਏਗੀ ? ਪਹਿਲਾ ਵੀ 25000 ਤੋਂ ਵੱਧ ਬੈਕਲਾਗ ਸਰਕਾਰੀ ਦਫ਼ਤਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਨਹੀਂ ਭਰਿਆ ਗਿਆ। ਠੇਕੇ ਤੇ ਭਰਤੀ ਮੁਲਾਜ਼ਮਾਂ ਨੂੰ ਪੱਕਿਆਂ ਕਰਨ ਨਾਲ ਹੋਰ ਚਾਰ ਤੋਂ ਪੰਜ ਹਜ਼ਾਰ ਬੈਕਲਾਗ ਪੈਦਾ ਹੋ ਜਾਵੇਗਾ।

8. ਜੁਡੀਸ਼ੀਅਲ ਅਫਸਰਾਂ ਦੀ ਭਰਤੀ ਵੇਲੇ ਲਾਅ ਦੀ ਡਿਗਰੀ ਪਾਸ ਕਰ ਲੈਣ ਉਪਰੰਤ ਟੈਸਟ ਪਾਸ ਕਰਨਾ ਪੈਂਦਾਂ ਹੈ। ਟੈਸਟ ਤਾਂ ਸੈਂਟਰ ਸਰਕਾਰ ਦਾ ਫੰਛ ਵੀ ਲੈਂਦਾਂ ਹੈ ਪਰ ਉਹ ਪਾਸ ਪ੍ਰਤੀਸ਼ਤ ਨੀਯਤ ਨਹੀਂ ਕਰਦਾ। ਐਸ ਸੀ ਉਮੀਦਵਾਰਾਂ ਨੂੰ ਰੇਸ ਚੋਂ ਬਾਹਰ ਕਰਨ ਲਈ ਪਹਿਲਾਂ ਉਹਨਾਂ ਨੂੰ ਇੰਟਰਵਿਊ ਵਿੱਚ ਘੱਟ ਨੰਬਰ ਦਿੱਤੇ ਜਾਂਦੇ ਹਨ, ਫਿਰ ਅਯੋਗ ਕਰਾਰ ਦੇ ਕੇ ਨਿਯੁਕਤੀ ਤੋਂ ਮਹਿਰੂਮ ਕਰ ਦਿੱਤਾ ਜਾਂਦਾ ਹੈ। ਜੁਡੀਸ਼ਰੀ ਵਿੱਚ ਬੈਕਲਾਗ ਕਿਉਂ?

9. ਫ਼ੌਜ ਵਿੱਚ ਰਾਖਵਾਂਕਰਣ ਪਹਿਲਾਂ ਹੀ ਨਹੀਂ ਹੈ? ਅੰਗਰੇਜ਼ਾਂ ਵੇਲੇ ਚਮਾਰ ਰੈਜੀਮੈਂਟ ਸੀ ਤਾਂ ਹੁਣ ਕਿਉਂ ਨਹੀਂ? ਡੋਗਰਾ ਰੈਜੀਮੈਂਟ ਹੈ, ਜੱਟ ਰੈਜੀਮੈਂਟ ਹੈ ਤਾਂ ਅਨੁਸੂਚਿਤ ਜਾਤੀ ਜਨ- ਜਾਤੀ ਰੈਜੀਮੈਂਟ ਕਿਉਂ ਨਹੀਂ?

10. ਪੰਜਾਬ ਸਰਕਾਰ ਖਾਸ ਤਰਾਂ ਦੇ ਵਾਦ ਤੋਂ ਪੀੜਿਤ ਹੈ। ਦਲਿਤਾਂ ਦੀ 35% ਵੱਸੋਂ ਕੋਲ 3.2% ਜ਼ਮੀਨ ਹੈ। ਬਿਜਨਸ ਨਹੀਂ ਹੈ ਨੌਕਰੀਆਂ ਜਾਹਲੀ ਸਰਟੀਫਿਕੇਟ ਬਣਾ ਕੇ ਜਨਰਲ ਵਰਗ ਹਥਿਆ ਰਿਹਾ ਹੈ, ਸਰਕਾਰ ਸੰਵਿਧਾਨ ਮੁਤਾਬਕ ਕੰਮ ਨਹੀਂ ਕਰ ਰਹੀ। ਬਾਬਾ ਸਾਹਿਬ ਦੀ ਫੋਟੋ ਦਫ਼ਤਰਾਂ ਵਿੱਚ ਲਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਨਾ ਤਾਂ ਬਾਬਾ ਸਾਹਿਬ ਦੀ ਸੋਚ ਤੇ ਪੂਰਾ ਉਤਰਦੀ ਹੈ, ਨਾ ਸੰਵਿਧਾਨ ਮੁਤਾਬਕ ਕੰਮ ਕਰਦੀ ਹੈ ਅਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਮੁਤਾਬਕ ਕੰਮ ਕਰਦੀ ਨਜ਼ਰ ਆਉਂਦੀ ਹੈ?

ਪੰਜਾਬ ਸਰਕਾਰ ਸੰਵਿਧਾਨ ਤੋਂ ਕੋਸਾਂ ਦੂਰ ਹੈ। ਨਾ ਤਾਂ ਸੰਵਿਧਾਨ ਦੀ ਸਮਝ ਹੈ ਨਾ ਹੀ ਸਮਝਣ ਦੀ ਕੋਸ਼ਿਸ਼ ਕਰ ਰਹੀ ਹੈ, ਬਸ ਸਿਆਸਤ ਤੇ ਪਬਲੀਸਿਟੀ। ਦਲਿਤਾਂ ਨੂੰ ਵਿਚਾਰਵਾਨ ਤੇ ਸਿਆਸਤ ਤੌਰ ਤੇ ਸਮਝਦਾਰ ਹੋਣ ਦੀ ਲੋੜ ਹੈ।

## ਪਿਤਾ ਦਿਵਸ ‘ਤੇ ਵਿਸ਼ੇਸ

# ਆਪਾ ਸਿਰਫ ਪਿਤਾ ਦਿਵਸ ਮਨਾਉਣਾ ਸਿੱਖ ਗਏ ਹਾਂ ਪਰ ਪਿਤਾ ਪ੍ਰਤੀ ਫਰਜ਼ਾਂ ਨੂੰ ਭੁੱਲ ਗਏ ਹਾਂ ...


ਇਹ ਪਿਤਾ ਦਿਵਸ ਪੱਛਮੀ ਦੇਸ਼ਾਂ ਦੀ ਦੇਣ ਹੈ।ਪਰ ਸਾਰੇ ਹੀ ਭਾਰਤ ਵਿੱਚ ਜੂਨ ਦੇ ਤੀਜੇ ਐਤਵਾਰ ‘ਪਿਤਾ ਦਿਵਸ’ ਮਨਾਇਆ ਜਾਂਦਾ ਹੈ । ਕੀ ਬਾਕੀ ਦਿਨ ਪਿਤਾ ਦੀ ਕੋਈ ਭੂਮਿਕਾ ਨਹੀਂ ਹੁੰਦੀ। ਆਪਾ ਸਿਰਫ ਪਿਤਾ ਦਿਵਸ ਮਨਾਉਣਾ ਸਿੱਖ ਗਏ ਹਾਂ ਪਰ ਪਿਤਾ ਪ੍ਰਤੀ ਫਰਜ਼ਾਂ ਨੂੰ ਭੁੱਲ ਚੁੱਕੇ ਹਾਂ ।ਪਿਤਾ ਦਿਵਸ ਮਨਾਉਣਾ ਗਲਤ ਨਹੀਂ ਪਰ ਪਿਤਾ ਦੇ ਪ੍ਰਤੀ ਫਰਜ਼ਾਂ ਤੇ ਪਿਤਾ ਦੀ ਅਹਿਮੀਅਤ ਨੂੰ ਸਮਝਣਾ ਜ਼ਰੂਰੀ ਹੈ।ਦੋਸਤੋ ਪਿਤਾ ਕੋਈ ਯਾਦ ਰੱਖਣ ਵਾਲੀ ਚੀਜ਼ ਨਹੀਂ, ਜਿਸ ਲਈ ਕੋਈ ਦਿਨ ਨਿਸਚਤ ਕਰਕੇ ਉਸ ਦਿਨ ਹੀ ਪਿਤਾ ਨੂੰ ਯਾਦ ਕੀਤਾ ਜਾਵੇ। ਕਦੇ ਕਿਸੇ ਨੇ ਵੀ ਇਸ ਦਿਵਸ ਬਾਰੇ ਜਾਣਨ ਦੀ ਕੋਸ਼ਸ਼ ਹੀ ਨਹੀ ਕੀਤੀ ਕਿ ਕੀ ਅਸੀਂ ਸੱਚਮੁੱਚ ਹੀ ਆਪਣੀ ਜ਼ਿੰਦਗੀ ਵਿੱਚ ਚੰਗੇ ਪੁੱਤਰ ਜਾਂ ਬੇਟੀ ਦੀ ਭੂਮਿਕਾ ਨਿਭਾ ਰਹੇ ਹਾਂ? ਕੀ ਅਸੀਂ ਪਿਤਾ ਦੇ ਹਿੱਸੇ ਦਾ ਪਿਆਰ ਜਾ ਸਮਾਂ ਦੇ ਰਹੇ ਹਾਂ? ਜਾਂ ਸਿਰਫ ‘ਪਿਤਾ ਦਿਵਸ’ ਵਾਲੇ ਦਿਨ ਸਿਰਫ ਪਿਤਾ ਨਾਲ ਖਿੱਚੀਆਂ ਸੈਲਫੀਆ ਪਾਉਣਾ ਸਿੱਖੇ ਹਾਂ ਜਾਂ ਇਸ ਦਿਨ ‘ਹੈਪੀ ਫਾਦਰਜ ਡੇ’ਦਿਵਸ ਹੀ ਕਹਿਣਾ ਸਿੱਖੇ ਹਾਂ। ਕਦੋਂ ਸੋਚਿਆ ਹੈ ਕਿ ਸਿਰਫ ਇਹ ਇੱਕ ਦਿਨ ਹੀ ਪਿਤਾ ਦੀ ਕੀਤੀ ਮਿਹਨਤ ਤੇ ਪਿਆਰ ਅੱਗੇ ਕਾਫ਼ੀ ਹੈ। ਕੀ ਸਾਲ ਵਿੱਚ ਇੱਕ ਦਿਨ ਇਹ ਦਿਵਸ ਮਨਾ ਕੇ ਅਸੀਂ ਆਪਣੀ ਜਿੰਮੇਵਾਰੀ ਤੋਂ ਵਿਹਲੇ ਹੋ ਜਾਂਦੇ ਹਾਂ? ਦੋਸਤੋ ਪਿਤਾ ਦੇ ਰਿਸ਼ਤੇ ਨੂੰ ਕੋਈ ਇੱਕ ਦਿਨ ਲਈ ਕੋਈ ਵੀ ਕਲਮ ਬਿਆਨ ਨਹੀਂ ਕਰ ਸਕਦੀ।ਮੇਰੀ ਕਲਮ ਵੀ ਨਹੀਂ। ਪਿਤਾ ਬਾਰੇ ਜਿੰਨਾਂ ਲਿਖਿਆਂ

ਪ੍ਰੋ ਗਗਨਦੀਪ ਕੌਰ ਧਾਲੀਵਾਲ

ਜਾਵੇ ਉਨਾਂ ਹੀ ਥੋੜਾ ਹੈ। ਪਿਤਾ ਦਿਵਸ ਦੀ ਅਹਿਮੀਅਤ ਸਮਝਣੀ ਜ਼ਰੂਰੀ ਹੈ। ਉਹ ਮੌਜਾਂ ਭੁੱਲਣੀਆਂ ਨੀ , ਜੋ ਬਾਪੂ ਦੇ ਸਿਰ ਤੇ ਕਰੀਆਂ। ਬੱਚਾ ਆਪਣੇ ਪਿਤਾ ਦੇ ਸਿਰ ‘ਤੇ ਜ਼ਿੰਦਗੀ ਦੀਆਂ ਮੌਜਾਂ, ਬਹਾਰਾਂ, ਬੇਫਿਕਰੀ, ਲਾਪ੍ਰਵਾਹੀ ਭਰੀ ਜ਼ਿੰਦਗੀ ਦੇ ਪਲ ਮਾਣਦਾ ਹੈ।

ਮਾਂ ਬਾਰੇ ਹਰ ਕੋਈ ਆਖੇ
ਬਾਪੂ ਨੂੰ ਕਿਓਂ ਰੱਖਦੇ ਪਾਸੇ
ਮਾਂ ਦੇ ਨਾਲ ਨਾਲ ਜੋ ਦੂੱਗਣਾ ਪਿਆਰ ਜਤਾਵੇ
ਉਹ ਮੇਰਾ ਬਾਪੂ ਏ
ਮੇਰਾ ਹਰ ਸੁਪਨਾ ਸਜਾਇਆ
ਮੈਨੂੰ ਸਕੂਲੇ ਪੜਨੇ ਪਾਇਆ
ਉਹ ਮੇਰਾ ਬਾਪੂ ਏ
ਭੁੱਖੇ ਢਿੱਡ ਰਹਿ ਕੇ ਮੈਨੂੰ ਪਾਲਿਆ
ਗਗਨ ਦਾ ਹਰ ਦੁੱਖ ਸਹਾਰਿਆ
ਉਹ ਮੇਰਾ ਬਾਪੂ ਏ

ਜਦੋਂ ਬੱਚਾ ਆਪਣੇ ਪਿਤਾ ਦੀ ਉਂਗਲੀ ਫੜ ਕੇ ਤੁਰਨਾ ਸਿੱਖਦਾ ਹੈ ਤਾਂ ਪਿਤਾ ਦਾ ਮਾਣ ਨਾਲ ਸਿਰ ਉੱਚਾ ਹੋ ਹੈ।ਬਾਪੂ ਦੇ ਮੋਢਿਆਂ ‘ਤੇ ਬੈਠ ਕੇ ਜੋ ਨਜ਼ਾਰਾ ਝੂਟੇ ਲੈਣ ਦਾ ਆਉਦਾ ਹੈ ਉਹ ਸਾਇਦ ਕਿਸੇ ਮੋਟਰ ਗੱਡੀ ‘ਚ ਨਹੀਂ ਆਉਂਦਾ। ਪਿਤਾ ਬੱਚਿਆ ਲਈ ਤਿਲ ਤਿਲ ਮਰ ਕੇ ਕਮਾਈ ਕਰਦਾ ਹੈ। ਉਸਦੀ ਮਿਹਨਤ ਅੱਗੇ ਇਹ ਇੱਕ ਦਿਨ ਤਾਂ ਕੀ ਹਜ਼ਾਰਾਂ ਅਰਬਾਂ ਕਰੋੜ ਸਾਲ ਵੀ ਕੁੱਝ ਨਹੀਂ ਹਨ।ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਬਹੁਤ ਅਹਿਮੀਅਤ ਹੁੰਦੀ ਹੈ । ਪਿਓ-ਧੀ’ ਪਿਓ-ਪੁੱਤ ਦਾ ਰਿਸ਼ਤਾ ਬਹੁਤ ਪਿਆਰਾ ਅਤੇ ਖ਼ੂਬਸੂਰਤ ਰਿਸ਼ਤਾ ਹੁੰਦਾ ਹੈ । ਅਕਸਰ ਹੀ ਮਾਂ ਦੇ ਰਿਸ਼ਤੇ ਦੀ ਗੱਲ ਕੀਤੀ ਜਾਂਦੀ ਹੈ , ਪਰ ਪਿਤਾ ਦਾ ਰਿਸ਼ਤਾ ਅਕਸਰ ਹੀ ਅੱਖੋਂ ਓਹਲੇ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਾਵਾਂ ਠੰਢੀਆਂ ਛਾਵਾਂ ਕੌਣ ਕਰੇ । ਜਿੱਥੇ ਮਾਂਵਾਂ ਠੰਢੀਆਂ ਛਾਵਾਂ ਹੁੰਦੀਆਂ ਹਨ ਤਾਂ ਉੱਥੇ ਹੀ ਪਿਤਾ ਹਵਾ ਦੇ ਬੁੱਲੇ ਹੁੰਦੇ ਹਨ ਬੋਹੜ ਦੀ ਠੰਢੀ ਛਾਂ ਹੁੰਦੇ ਹਨ ।ਧੀ ਦੇ ਤੁਰ ਜਾਣ ਤੋਂ ਬਾਅਦ ਹਮੇਸ਼ਾ ਧੀ ਤੇ ਮਾਂ ਦਾ ਦਰਦ ਬਿਆਨਿਆਂ ਜਾਦਾ ਹੈ। ਧੀ ਦੇ ਵਿਛੋੜੇ ਦਾ ਦਰਦ ਇਕ ਬਾਪ ਲਈ ਅਸਹਿ ਹੁੰਦਾ ਹੈ। ਜਦੋਂ ਬਾਪ ਆਪਣੇ ਹੱਥੀਂ ਆਪਣੀ ਲਾਡਲੀ ਧੀ ਨੂੰ ਵਿਦਾ ਕਰਦਾ ਹੈ ਤਾਂ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਆਪਣੇ ਦਿਲ ’ਤੇ ਪੱਥਰ ਰੱਖ ਕੇ ਇੱਕ ਬਾਪ ਧੀ ਨੂੰ ਘਰੋਂ ਤੋਰਨ ਲਈ ਮਜਬੂਰ ਹੁੰਦਾ ਹੈ ਉਸ ਸਮੇਂ ਇੱਕ ਬਾਪ ਦਾ ਹੀ ਦਿਲ ਪੁੱਛਿਆਂ ਲੋੜੀਂਦਾ ਹੈ। ਇੱਕ ਬਾਪ ਹੀ ਹੈ ਜੋ ਪੱਥਰ ਜਿੱਡਾ ਜੇਰਾ ਕਰ ਸਾਰੇ ਦੁੱਖ ਸਹਾਰਦਾ ਹੈ। ਲੋਕ ਗੀਤਾਂ ਵਿਚ ਉਸ ਬਾਬਲ ਨੂੰ ਧਰਮੀ ਬਾਬਲ ਕਹਿ ਕੇ ਸੰਬੋਧਿਤ ਕੀਤਾ



ਗਿਆ ਹੈ। ਪਰ ਅੱਜ ਦੀ ਦੁਨੀਆ ਫੋਕੀ ਟੌਹਰ ਵਾਲੀ ਹੋ ਗਈ ਹੈ ਜੋ ਕਿ ਪਿਤਾ ਦਿਵਸ ‘ਤੇ ਹੀ ਬਾਪੂ ਨੂੰ ਯਾਦ ਕਰਦੀ ਹੈ। ’ਖਿੱਚੀ ਸੈਲਫੀ ਵਿੱਚ ਹੈਪੀ ਫਾਦਰਜ ਡੇ ‘ਲਿਖਿਆਂ ਹੁੰਦਾ ਹੈ ਪਿਤਾ ਚਾਹੇ ਬਿਰਧ ਆਸ਼ਰਮ ਵਿੱਚ ਕਿਓ ਨਾ ਰੁਲ਼ਦਾ ਹੋਵੇ। ਦੋਸਤੋ ਪਿਤਾ ਦੀ ਥਾਂ ਬਿਰਧ ਆਸ਼ਰਮਾਂ ਵਿੱਚ ਨਹੀਂ ਦਿਲ ਵਿੱਚ ਹੋਣੀ ਚਾਹੀਦੀ ਹੈ । ਇਸ ਦਿਨ ਦੇ ਮੌਕੇ ‘ਤੇ ਹਰ ਇੱਕ ਵਿਅਕਤੀ ਦਾ ਵਟਸਐਪ, ਫੇਸਬੁੱਕ, ਇਨਸਟਾ, ਸੋਸਲ ਮੀਡੀਏ ਬਾਪੂ ਦੀਆਂ ਫੋਟੋਆਂ ਤੇ ਗੀਤਾਂ ਨਾਲ ਭਰਿਆ ਮਿਲਦਾ ਹੈ। ਦੋਸਤੋ ਪਿਤਾ ਦਾ ਵੀ ਬੱਚੇ ਦੀ ਜ਼ਿੰਦਗੀ ਵਿੱਚ ਮਹੱਤਵਪੂਰਨ ਰੋਲ ਹੁੰਦਾ ਹੈ। ਮਾਂ ਬੱਚੇ ਦਾ ਪਾਲਣ ਪੋਸ਼ਣ ਕਰਦੀ ਹੈ ਉਸਦਾ ਧਿਆਨ ਰੱਖਦੀ ਹੈ ਤਾਂ ਪਿਤਾ ਵੀ ਧੁੱਪ-ਛਾਂ, ਗਰਮੀ-ਸਰਦੀ ਸਹਿ ਕੇ, ਦਿਨ ਰਾਤ ਮਿਹਨਤ ਕਰਕੇ ਪਰਿਵਾਰ ਦਾ ਢਿੱਡ ਭਰਦਾ ਹੈ। ਆਓ ਆਪਾ ਸਾਰੇ ਪ੍ਰਣ ਕਰੀਏ ਕਿ ਪਿਤਾ ਲਈ ਇਹ ਇੱਕ ਦਿਨ ਨਹੀਂ ਸਾਰੇ ਸਾਲ ਮਹੀਨੇ ਦਿਨ ਪਿਤਾ ਨੂੰ ਦੇਈਏ। ਪਿਤਾ ਦਾ ਸਤਿਕਾਰ ਕਰੀਏ।

# ਬਹੁਜਨ ਸਮਾਜ ਦੇ ਭਲੇ ਲਈ ਸਿਰਫ ਬਸਪਾ ਹੈ ਜੋਕਿ ਭਾਜਪਾ ਨੂੰ ਸੱਤਾ ਵਿੱਚ ਆਉਣ ਤੋਂ ਰੋਕ ਸਕਦੀ ਹੈ- ਜਸਵੀਰ ਸਿੰਘ ਗੜ੍ਹੀ

**ਫਗਵਾੜਾ-** ਬਸਪਾ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਦੇਸ਼ ਵਿਚ ਬਹੁਜਨ ਸਮਾਜ ਦੀ ਇਕਮਾਤਰ ਪਾਰਟੀ ਬਸਪਾ ਹੀ ਹੈ ਜੋਕਿ ਕੇਂਦਰ ਵਿੱਚ ਭਾਜਪਾ ਨੂੰ ਸੱਤਾ ਵਿੱਚ ਆਉਣ ਤੋਂ ਰੋਕ ਸਕਦੀ ਹੈ। ਸ ਗੜ੍ਹੀ ਨੇ ਜਾਣਕਾਰੀ ਦਿੰਦਿਆ ਕਿਹਾ ਕਿ 2014 ਵਿੱਚ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਦੀਆਂ 65 ਲੋਕ ਸਭਾ ਸੀਟਾਂ ਵਿੱਚੋਂ ਭਾਜਪਾ ਨੇ 61 ਲੋਕ ਸਭਾ ਸੀਟਾਂ ਜਿੱਤੀਆਂ ਕਿਉਂਕਿ ਇਨ੍ਹਾਂ ਰਾਜਾਂ ਵਿੱਚ ਭਾਜਪਾ ਦੀ ਸਰਕਾਰ ਸੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਇਨ੍ਹਾਂ ਰਾਜਾਂ ਵਿੱਚ ਕਾਂਗਰਸ ਦੀ ਸਰਕਾਰ ਬਣੀ ਸੀ। ਕਾਂਗਰਸ ਦੀ ਦਰਿਆਦਿਲੀ ਕਾਰਨ ਭਾਜਪਾ ਦੀਆਂ ਜਿੱਤੀਆਂ ਸੀਟਾਂ ਦੀ ਗਿਣਤੀ 61 ਤੋਂ ਵਧ ਕੇ 62 ਹੋ ਗਈ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਭਾਜਪਾ ਅਤੇ ਕਾਂਗਰਸ ਅੰਦਰੋਂ ਇੱਕੋ ਹਨ। ਇਹ ਕਾਂਗਰਸ ਹੀ ਹੈ ਜੋ ਭਾਜਪਾ ਨੂੰ ਆਪਣਾ ਕੱਦ ਘਟਾਕੇ ਅੱਗੇ ਲੈ ਜਾ ਰਹੀ ਹੈ।



ਸ ਗੜ੍ਹੀ ਨੇ ਅੱਗੇ ਜਾਣਕਾਰੀ ਦਿੰਦਿਆ ਕਿਹਾ ਕਿ ਹੁਣ ਉੱਤਰ ਪ੍ਰਦੇਸ਼ ਦੀ ਉਦਾਹਰਨ ਲਓ ਕਿ ਸਾਲ 2014 ਵਿੱਚ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਸਰਕਾਰ ਸੀ। ਲੋਕ ਸਭਾ ਚੋਣ ਨਤੀਜਿਆਂ ਅਨੁਸਾਰ ਭਾਜਪਾ ਨੇ 71, ਅਪਨਾ ਦਲ 2, ਸਮਾਜਵਾਦੀ ਪਾਰਟੀ 5 ਅਤੇ ਕਾਂਗਰਸ ਨੇ 2 ਸੀਟਾਂ ਜਿੱਤੀਆਂ ਸਨ। ਜਦੋਂਕਿ 2019 ਵਿੱਚ ਵੀ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਹੀ ਸਰਕਾਰ ਸੀ। ਭੈਣ ਕੁਮਾਰੀ ਮਇਆਵਤੀ ਜੀ ਦੀ ਕੁਸ਼ਲ ਸਿਆਸੀ ਰਣਨੀਤੀ ਤਹਿਤ ਜ਼ੀਰੋ ਤੋਂ ਬਸਪਾ 10 ਸੀਟਾਂ 'ਤੇ ਪਹੁੰਚ ਗਈ, ਭਾਜਪਾ ਕੋਲ 62 ਸੀਟਾਂ, 2 ਸੀਟਾਂ 'ਤੇ ਅਪਣਾ ਦਲ, 5 ਸੀਟਾਂ 'ਤੇ ਸਮਾਜਵਾਦੀ ਪਾਰਟੀ ਉਸੇ ਤਰ੍ਹਾਂ ਕਾਇਮ ਰਹੀ। ਜੇਕਰ ਕਾਂਗਰਸ ਨੇ ਭਾਜਪਾ ਪ੍ਰਤੀ ਆਪਣੀ ਵਡਿਆਈ ਨਾ ਦਿਖਾਉਂਦੇ, ਕਾਂਗਰਸ ਆਪਣੀਆਂ ਜਿੱਤੀਆਂ ਸੀਟਾਂ ਦੀ ਗਿਣਤੀ ਘਟਕੇ ਦੋ ਤੋਂ ਇਕ ਨਾ ਹੁੰਦੀਆ, ਤਾਂ ਬਸਪਾ ਯਕੀਨੀ ਤੌਰ ਭਾਜਪਾ ਦੀਆਂ 10 ਸੀਟਾਂ ਘਟਾਕੇ 71 ਦੀ ਬਜਾਏ ਅੰਕੜਾ 61 'ਤੇ ਲੈ ਜਾਂਦੀ। ਭਾਜਪਾ ਨੇ 62 ਸੀਟਾਂ ਜਿੱਤੀਆ ਹਨ। ਇਸ ਨਾਲ ਸਾਬਤ ਹੁੰਦਾ ਹੈ ਕਿ ਬਿਨਾਂ ਸ਼ੱਕ ਸਿਰਫ ਬਹੁਜਨ ਸਮਾਜ ਪਾਰਟੀ ਹੀ ਬੀਜੇਪੀ ਨੂੰ ਰੋਕ ਸਕਦੀ ਹੈ।

ਪਟਨਾ ਵਿਖੇ ਹੋ ਰਿਹਾ ਵੱਖ ਵੱਖ ਪਾਰਟੀਆਂ ਦੇ ਇਕੱਠ ਤੇ ਬੋਲਦਿਆ ਸ ਗੜ੍ਹੀ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਜਿੱਥੋਂ ਪ੍ਰਧਾਨ ਮੰਤਰੀ ਬਣਨ ਦਾ ਰਸਤਾ ਜਾਂਦਾ ਹੈ, ਉੱਥੇ ਕਾਂਗਰਸ ਕੋਲ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਜਮਾਨਤ ਬਚਾਉਣ ਲਈ ਵੋਟਾਂ ਵੀ ਨਹੀਂ ਸਨ। ਸਿਰਫ਼ 3 ਲੋਕ ਸਭਾ ਹਲਕਿਆਂ ਅਮੇਠੀ, ਕਾਨਪੁਰ, ਸਹਾਰਨਪੁਰ ਨੂੰ ਛੱਡਕੇ ਬਾਕੀ ਉੱਤਰ ਪ੍ਰਦੇਸ਼ ਵਿੱਚ ਸਾਰੀਆਂ ਥਾਵਾਂ 'ਤੇ ਉਸ ਦੀ ਜ਼ਮਾਨਤ ਜ਼ਬਤ ਕਰ ਲਈ ਗਈ। 23 ਜੂਨ 2023 ਨੂੰ ਉਸੇ ਕਾਂਗਰਸ ਦੇ ਸਮਰਥਨ ਅਤੇ ਇਸ਼ਾਰੇ 'ਤੇ ਕੁਝ ਖੇਤਰੀ ਪਾਰਟੀਆਂ ਪਟਨਾ 'ਚ ਵਿਰੋਧੀ ਏਕਤਾ ਦੀ ਨੌਟੰਕੀ ਕਰਨ ਜਾ ਰਹੀਆਂ ਹਨ। ਮੌਜੂਦਾ ਸਮੇਂ ਵਿੱਚ ਬਹੁਜਨਾਂ ਦੀ ਅਖਿਲ ਭਾਰਤੀ ਪੱਧਰ ਦੀ "ਬਹੁਜਨ ਸਮਾਜ ਪਾਰਟੀ" ਦੇ ਦੇਸ਼ ਦੇ ਸਭ ਤੋਂ ਹਰਮਨ ਪਿਆਰੇ ਨੇਤਾ, #ਭੈਣ ਮਾਇਆਵਤੀ ਨੇ ਆਪਣੀ ਕੁਸ਼ਲ ਰਣਨੀਤੀ ਕਾਰਨ 2019 ਵਿੱਚ ਉੱਤਰ ਪ੍ਰਦੇਸ਼ ਵਿੱਚ ਭਾਜਪਾ ਨੂੰ 10 ਸੀਟਾਂ 'ਤੇ ਪਛਾੜਕੇ ਦਿਖਾਇਆ ਸੀ। ਆਉਣ ਵਾਲੇ ਸਮੇਂ ਵਿੱਚ ਦੇਸ਼ ਨੂੰ ਬਹੁਜਨਾਂ ਦੀ ਬਹੁਜਨ ਸਮਾਜ ਪਾਰਟੀ ਚਲਾਵੇਗੀ ਨਾਕਿ ਸਨਾਤਨੀ ਹਿੰਦੂ ਹਿੰਦੂ ਦਾ ਢੋਲ ਪਿੱਟਣ ਵਾਲਿਆ ਦੀ ਭਾਜਪਾ-ਕਾਂਗਰਸ, ਜੋਕਿ ਧਾਰਮਿਕ ਕੱਟੜਵਾਦ ਨਾਲ ਸਮਾਜ ਦੇ ਪ੍ਰੇਮ ਭਾਈਚਾਰੇ ਨੂੰ ਖਤਮ ਕਰ ਰਹੀਆਂ ਹਨ।

*Creating History in New York City*

# Honoring a New York Street in the Name of Dr. B. R. Ambedkar



**Shri Guru Ravidass Sabha of NY & Begumpur Cultural Society of NY**

Celebrating 132nd Birth Anniversary of Babasaheb Dr. B. R. Ambedkar

**By Honoring 61st Street, Woodside, NY to Dr. B. R. Ambedkar**

*(a social reformer, jurist, and architect of the Indian Constitution; dedicated his life to fighting for social justice, equality, and the empowerment of marginalized communities in India)*


## Sunday, June 25th, 2023

## 10:00am to 3:00pm

## *Street Honoring Ceremony:* 12:00pm to 1:00pm
## *Location:* 61-01 Broadway, Woodside, NY 11377

**The program will include speeches paying tribute to Dr. B. R. Ambedkar, cultural performances, and the official unveiling of the street sign.**

**The ceremony will be graced by esteemed guests:**
Randhir Jaiswal, Consulate General of India, New York,
Deputy Mayor of New York City,
Shekar Krishnan, NYC Council,
and representatives from the NYC Department of Transportation




***Shri Guru Ravidass Sabha of New York:***
Ashok Mahi (President) 917-225-0888
Balbir Chauhan (Chairman) 646-642-9243
Sub. Khushia Singh (Gen. Sec) 347-447-8624
Neelam K Badhan (Jt. Sec) 917 579-8500

***Begumpur Cultural Society of New York:***
Paramjit Kamam (President) 646-331-1206
Pinder Paul (Chairman) 718-610-9192
Raj Kumar (Gen. Sec) 646-546-3861
Santosh Singh (Sec. Community Affairs) 917-335-4789

# ਭਾਰਤ-ਪਾਕਿ ਦੇ ਸਾਂਝੇ ਪਹਿਲਵਾਨ ਗਾਮੇ ਦੀ ਦੁਖਾਂਤਕ ਮੌਤ



ਸਰਵਨ ਸਿੰਘ

ਪਹਿਲਵਾਨ ਗ਼ੁਲਾਮ ਹੁਸੈਨ ਉਰਫ਼ ਗਾਮੇ ਦਾ ਜਨਮ 22 ਮਈ 1878 ਨੂੰ ਹੋਇਆ ਸੀ ਤੇ ਦੇਹਾਂਤ 23 ਮਈ 1960 ਨੂੰ ਹੋਇਆ। ਇਨ੍ਹੀਂ ਦਿਨੀਂ ਉਹਦਾ 145ਵਾਂ ਜਨਮ ਦਿਵਸ ਮਨਾਇਆ ਜਾ ਰਿਹਾ ਹੈ ਤੇ 63ਵੀਂ ਬਰਸੀ। ਉਹ ਰੋਜ਼ਾਨਾ ਤਿੰਨ ਹਜ਼ਾਰ ਡੰਡ ਕੱਢਦਾ ਸੀ ਤੇ ਪੰਜ ਹਜ਼ਾਰ ਬੈਠਕਾਂ। ਗਲ 'ਚ 95 ਕਿਲੋ ਦਾ ਪੱਥਰ ਪਾ ਕੇ ਦੌੜਦਾ ਤੇ ਅਖਾੜੇ 'ਚ ਚਾਲੀ ਪੱਠਿਆਂ ਨੂੰ ਜ਼ੋਰ ਕਰਾਉਂਦਾ। ਉਹਦੀ ਰੋਜ਼ਾਨਾ ਖ਼ੁਰਾਕ ਵਿਚ ਤਿੰਨ ਸੇਰ ਬਦਾਮ, ਅੱਧ ਸੇਰ ਘਿਉ ਤੇ ਪੰਜ ਮੁਰਗੇ ਸ਼ਾਮਲ ਸਨ। ਨਾਲ ਤਾਜ਼ੇ ਫਲਾਂ ਦਾ ਜੂਸ, ਬੱਕਰੇ ਦੀ ਯਖਣੀ ਤੇ ਛੇ ਸੱਤ ਲਿਟਰ ਦੁੱਧ ਪੀਂਦਾ। ਉਹਦਾ ਕੱਦ 5 ਫੁੱਟ 7 ਇੰਚ ਸੀ, ਪਰ ਜੁੱਸੇ ਦਾ ਭਾਰ 112 ਕਿਲੋਗਰਾਮ ਸੀ। ਮੁੱਛਾਂ ਲੰਮੀਆਂ ਤੇ ਗਲ 'ਚ ਤਵੀਤ ਪਾਉਂਦਾ ਸੀ। ਉਸ ਨੇ ਰਿਆਸਤ ਬੜੌਦਾ ਵਿਚ 12 ਕੁਇੰਟਲ ਦਾ ਪੱਥਰ ਚੁੱਕ ਵਿਖਾਇਆ ਸੀ ਜੋ ਅਜੇ ਵੀ ਬੜੌਦਾ ਦੇ ਅਜਾਇਬਘਰ ਵਿਚ ਵੇਖਿਆ ਜਾ ਸਕਦਾ ਹੈ। ਉਸ ਉਪਰ ਉਕਰਿਆ ਹੋਇਆ ਹੈ ਕਿ 1200 ਕਿਲੋਗਰਾਮ ਭਾਰਾ ਇਹ ਪੱਥਰ ਗਾਮਾ ਪਹਿਲਵਾਨ 23 ਦਸੰਬਰ 1902 ਨੂੰ ਛਾਤੀ ਤੱਕ ਉਠਾ ਕੇ ਕੁਝ ਕਦਮ ਤੁਰਿਆ ਵੀ ਸੀ। ਉਸ ਨੇ ਪੰਜ ਹਜ਼ਾਰ ਕੁਸ਼ਤੀਆਂ ਲੜੀਆਂ ਜਿਨ੍ਹਾਂ 'ਚ ਇਕ ਵਾਰ ਵੀ ਨਹੀਂ ਢੱਠਾ। ਆਖ਼ਰ 82ਵੇਂ ਸਾਲ ਉਸ ਨੂੰ ਮੌਤ ਹੀ ਢਾਹ ਸਕੀ।


ਉਹ ਬ੍ਰਿਟਿਸ਼ ਇੰਡੀਆ, ਰਾਜਿਆਂ ਦੀਆਂ ਰਿਆਸਤਾਂ, ਅਜੋਕੇ ਭਾਰਤ ਤੇ ਪਾਕਿਸਤਾਨ ਦਾ ਸਾਂਝਾ ਪਹਿਲਵਾਨ ਸੀ। ਉਸ ਦਾ ਜਨਮ ਅੰਮ੍ਰਿਤਸਰ ਵਿਚ ਹੋਇਆ ਸੀ ਤੇ ਦੇਹਾਂਤ ਲਾਹੌਰ ਵਿਚ। 1947 ਵਿਚ ਪੰਜਾਬ ਦੀ ਮਾਰੂ ਵੰਡ ਵੇਲੇ ਉਸ ਨੂੰ ਪਟਿਆਲੇ ਤੋਂ ਲਾਹੌਰ ਜਾਣਾ ਪਿਆ ਸੀ। ਪਟਿਆਲੇ ਤੋਂ ਲਾਹੌਰ ਜਾਂਦਿਆਂ ਉਹਦੀ ਤੇ ਉਹਦੇ ਪਰਿਵਾਰ ਦੇ ਜੀਆਂ ਦੀ ਕਿਸੇ ਲੁਟੇਰੇ ਜਾਂ ਜਨੂੰਨੀ ਨੇ ਲੁੱਟ ਮਾਰ ਨਹੀਂ ਸੀ ਕੀਤੀ। ਲਾਹੌਰ ਪੁੱਜ ਕੇ ਉਸ ਨੇ ਵੀ ਮੋਹਨੀ ਰੋਡ ਦੇ ਅਨੇਕਾਂ ਹਿੰਦੂਆਂ ਸਿੱਖਾਂ ਨੂੰ ਮੁਸਲਮਾਨ ਲੁਟੇਰਿਆਂ ਤੇ ਜਨੂੰਨੀਆਂ ਹੱਥੋਂ ਬਚਾਇਆ ਤੇ ਪੱਲਿਓਂ ਰਾਸ਼ਨ ਦੇ ਕੇ ਬਾਰਡਰ ਲੰਘਾਇਆ ਸੀ। ਉਹ ਰੁਸਤਮੇ ਜ਼ਮਾਂ ਭਲਵਾਨ ਹੋਣ ਦੇ ਨਾਲ ਨੇਕ ਇਨਸਾਨ ਤੇ ਸੱਚਾ ਮੁਸਲਮਾਨ ਸੀ। ਰੱਬ ਦਾ ਉਹ ਭਲਾ ਬੰਦਾ ਸਭਨਾਂ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਨੂੰ ਇਕੋ ਰੱਬ ਦੇ ਬੰਦੇ ਸਮਝਦਾ ਸੀ।

ਗਾਮੇ ਦੇ ਵੱਡ ਵਡੇਰਿਆਂ ਦਾ ਪਿਛੋਕੜ ਕਸ਼ਮੀਰ ਦਾ ਸੀ। ਉਹ ਜੁੱਦਾ ਦਰਿਆ ਕਿਨਾਰੇ ਵਸਦੇ ਸਨ ਤੇ ਦਰੀਆਂ ਗਲੀਚਿਆਂ ਦਾ ਕਾਰੋਬਾਰ ਕਰਦੇ ਸਨ। 1825 ਦੇ ਗੇੜ ਜਦੋਂ ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਤਾਂ ਗਾਮੇ ਦਾ ਦਾਦਾ ਅੰਮ੍ਰਿਤਸਰ ਆ ਗਿਆ ਤੇ ਇੱਥੇ ਪੱਕੀ ਰਿਹਾਇਸ਼ ਕਰ ਲਈ। 1850 ਦੇ ਗੇੜ 'ਚ ਉਹਦੇ ਘਰ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਅਜ਼ੀਜ਼ ਬਖ਼ਸ਼ ਰੱਖਿਆ ਗਿਆ। ਅੰਮ੍ਰਿਤਸਰ ਅਖਾੜਿਆਂ ਦਾ ਘਰ ਸੀ ਜਿੱਥੇ ਉਹ ਕੁਸ਼ਤੀਆਂ ਵੱਲ ਖਿੱਚਿਆ ਗਿਆ ਤੇ ਨਾਮੀ ਪਹਿਲਵਾਨ ਬਣ ਗਿਆ। ਉਹਦਾ ਵਿਆਹ ਲੂਣ ਪਹਿਲਵਾਨ ਦੀ ਲੜਕੀ ਨਾਲ ਹੋਇਆ ਜਿਸ ਦੇ ਪੇਟੋਂ ਗ਼ੁਲਾਮ ਹੁਸੈਨ ਗਾਮੇ ਨੇ ਜਨਮ ਲਿਆ।

ਗਾਮੇ ਤੇ ਜ਼ਬਿਸਕੋ ਦਰਮਿਆਨ ਦੁਬਾਰਾ ਹੋਣ ਵਾਲਾ ਚਿਰਾਂ ਤੋਂ ਉਡੀਕਿਆ ਜਾ ਰਿਹਾ ਮੁਕਾਬਲਾ ਪਟਿਆਲਾ ਵਿਚ 29 ਜਨਵਰੀ, 1928 ਨੂੰ ਇਸ ਮੌਕੇ ਲਈ ਖ਼ਾਸ ਤੌਰ 'ਤੇ ਉਸਾਰੇ ਗਏ ਰਿੰਗ ਵਿਚ ਸ਼ੁਰੂ ਹੋਇਆ।

ਗਾਮੇ ਦੇ ਜਨਮ ਸਮੇਂ ਰਿਆਸਤ ਦੱਤੀਆ ਦਾ ਰਾਜਾ ਭਵਾਨੀ ਸਿੰਘ ਪਹਿਲਵਾਨਾਂ ਦੀ ਪਾਲਣਾ ਤੇ ਸਰਪ੍ਰਸਤੀ ਕਰਦਾ ਸੀ। ਉਸ ਨੇ ਅੰਬਰਸਰੀਏ ਪਹਿਲਵਾਨ ਅਜ਼ੀਜ਼ ਬਖ਼ਸ ਨੂੰ ਆਪਣਾ ਦਰਬਾਰੀ ਪਹਿਲਵਾਨ ਬਣਾ ਕੇ ਆਪਣੇ ਕੋਲ ਰੱਖ ਲਿਆ। ਫਿਰ ਅਜ਼ੀਜ਼ ਬਖ਼ਸ਼ ਆਪਣੇ ਪਰਿਵਾਰ ਨੂੰ ਅੰਮ੍ਰਿਤਸਰੋਂ ਦੱਤੀਏ ਲੈ ਗਿਆ। ਉਸ ਸਮੇਂ ਗਾਮੇ ਦੀ ਉਮਰ ਚਾਰ ਸਾਲ ਸੀ। ਗਾਮਾ ਭਲਵਾਨਾਂ ਨੂੰ ਜ਼ੋਰ ਕਰਦਿਆਂ ਵੇਖ ਉਨ੍ਹਾਂ ਦੀ ਰੀਸੇ ਲੰਗੋਟ ਪਾ ਲੈਂਦਾ ਤੇ ਅਖਾੜੇ ਦੁਆਲੇ ਗੇੜੀਆਂ ਦੇਣ ਲੱਗਦਾ। ਉਹ ਅਜੇ ਪੰਜਾਂ ਸਾਲਾਂ ਦਾ ਹੋਇਆ ਸੀ ਕਿ ਅਜ਼ੀਜ਼ ਬਖ਼ਸ਼ ਦੀ ਅਚਾਨਕ ਮੌਤ ਹੋ ਗਈ। ਅੱਬਾ ਦੀ ਮੌਤ ਤੋਂ ਦੋ ਮਹੀਨੇ ਬਾਅਦ ਗਾਮੇ ਦੇ ਨਿੱਕੇ ਭਰਾ ਦਾ ਜਨਮ ਹੋਇਆ ਜਿਸ ਦਾ ਨਾਂ ਇਮਾਮ ਬਖ਼ਸ਼ ਰੱਖਿਆ ਗਿਆ। ਗਾਮੇ ਨੇ ਤਾਂ ਆਪਣੇ ਅੱਬਾ ਦਾ ਪਿਆਰ ਦੁਲਾਰ ਕੁਝ ਸਮਾਂ ਮਾਣ ਲਿਆ ਸੀ ਪਰ ਇਮਾਮ ਬਖ਼ਸ਼ ਨੂੰ ਉਹ ਵੀ ਨਸੀਬ ਨਾ ਹੋਇਆ। ਉਂਜ ਗਾਮੇ ਵਾਂਗ ਇਮਾਮ ਬਖ਼ਸ਼ ਵੀ ਰੁਸਤਮ ਪਹਿਲਵਾਨ ਬਣਿਆ। ਪੀੜ੍ਹੀਆਂ ਦਾ ਖੇਲ੍ਹ ਹੈ ਕਿ 1971 ਵਿਚ ਇਮਾਮ ਬਖ਼ਸ਼ ਦੀ ਦੋਹਤੀ ਕੁਲਸੁਮ ਬੱਟ, ਨਵਾਜ਼ ਸ਼ਰੀਫ਼ ਦੀ ਬੇਗਮ ਬਣੀ ਜੋ ਤਿੰਨ ਵਾਰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਰਿਹਾ ਅਤੇ ਪੜਦੋਹਤੀ ਦਾ ਨਿਕਾਹ ਅਰਬ ਦੇ ਪ੍ਰਿੰਸ ਨਾਲ ਹੋਇਆ। ਗਾਮੇ ਦੀਆਂ ਦੋ ਸ਼ਾਦੀਆਂ 'ਚੋਂ ਪੰਜ ਪੁੱਤਰ ਹੋਏ ਤੇ ਚਾਰ ਧੀਆਂ। ਪੰਜੇ ਪੁੱਤਰ ਬਚਪਨ ਵਿਚ ਹੀ ਰੱਬ ਨੂੰ ਪਿਆਰੇ ਹੋ ਗਏ, ਧੀਆਂ ਬਚੀਆਂ ਰਹੀਆਂ।

ਬਾਲਕ ਗਾਮਾ ਜਦੋਂ ਆਪਣੀ ਮਾਂ ਨੂੰ ਪੁੱਛਦਾ, ਸਾਡਾ ਅੱਬਾ ਕਦੋਂ ਘਰ ਆਵੇਗਾ ਤਾਂ ਮਾਂ ਕੁੱਛੜ ਚੁੱਕੇ ਇਮਾਮ ਨੂੰ ਸੰਭਾਲਦੀ ਵੱਡੇ ਪੁੱਤਰ ਨੂੰ ਝੂਠੀ-ਮੂਠੀ ਦੀ ਤਸੱਲੀ ਦਿੰਦੀ, ਉਹ ਅੰਬਰਸਰ ਗਏ ਨੇ, ਬੱਸ ਆਉਂਦੇ ਹੀ ਹੋਣਗੇ। ਏਨਾ ਕਹਿੰਦਿਆਂ ਮਾਂ ਦੇ ਹੰਝੂ ਉਮੜ ਆਉਂਦੇ। ਅਜ਼ੀਜ਼ ਬਖ਼ਸ਼ ਦੀ ਮੌਤ ਪਿੱਛੋਂ ਗਾਮੇ ਦੀ ਦੇਖਭਾਲ ਉਹਦੇ ਨਾਨੇ ਲੂਣ ਭਲਵਾਨ ਨੇ ਕੀਤੀ, ਪਰ ਲੂਣ ਭਲਵਾਨ ਵੀ ਸਾਲ ਕੁ ਬਾਅਦ ਰੱਬ ਨੂੰ ਪਿਆਰਾ ਹੋ ਗਿਆ। ਫਿਰ ਗਾਮੇ ਦੇ ਮਾਮੇ ਈਦੇ ਭਲਵਾਨ ਨੇ ਭਾਣਜੇ ਨੂੰ ਸੰਭਾਲਿਆ। ਈਦਾ ਬੇਸ਼ੱਕ ਮੌਜੀ ਭਲਵਾਨ ਸੀ, ਪਰ ਉਸ ਨੇ ਗਾਮੇ ਨੂੰ ਪੂਰੇ ਜ਼ਾਬਤੇ ਵਿਚ ਰੱਖਿਆ। ਉਸ ਨੂੰ ਚੰਗੀ ਖ਼ੁਰਾਕ ਖੁਆਈ ਤੇ ਕਸਰਤ ਕਰਵਾਈ। ਜਦੋਂ ਗਾਮਾ ਦਸਾਂ ਕੁ ਸਾਲਾਂ ਦਾ ਹੋਇਆ ਤਾਂ ਉਸ ਨੇ ਆਪਣੇ ਛੋਟੇ ਮਾਮੇ ਬੂਟੇ ਪਹਿਲਵਾਨ ਨਾਲ ਰਾਜੇ ਜੋਧਪੁਰ ਦੇ ਕਸਰਤੀ ਦੰਗਲ ਵਿਚ ਜਾਣ ਦੀ ਇਜਾਜ਼ਤ ਮੰਗੀ।



ਉੱਥੇ ਮੁਕਾਬਲੇ ਦੀ ਪਹਿਲੀ ਸ਼ਰਤ ਸੀ ਕਿ ਜਿਹੜਾ ਜੁਆਨ ਜ਼ਿਆਦਾ ਬੈਠਕਾਂ ਲਾਵੇਗਾ ਉਹੀ ਪਹਿਲਵਾਨ ਮੰਨਿਆ ਜਾਵੇਗਾ। ਬੈਠਕਾਂ ਲਾਉਂਦੇ ਚਾਰ ਸੌ ਜੁਆਨਾਂ 'ਚੋਂ ਪਿੱਛੇ ਪੰਜਾਹ ਜੁਆਨ ਰਹਿ ਗਏ ਜਿਨ੍ਹਾਂ 'ਚ ਗਾਮਾ ਵੀ ਸੀ। ਫਿਰ ਚੌਦਾਂ ਰਹਿ ਗਏ। ਗਾਮਾ ਹਾਲੇ ਵੀ ਡਟਿਆ ਹੋਇਆ ਸੀ। ਰਾਜੇ ਜਸਵੰਤ ਸਿੰਘ ਨੇ ਉਸ ਨੂੰ ਛਾਤੀ ਨਾਲ ਲਾਇਆ ਤੇ ਭਲਵਾਨੀ ਦੀ ਉਚੇਚੀ ਸਿਖਲਾਈ ਦੇਣ ਲਈ ਚੁਣ ਲਿਆ। 15 ਸਾਲਾਂ ਦੀ ਉਮਰ ਤਕ ਉਹ ਤਕੜਾ ਪਹਿਲਵਾਨ ਬਣ ਗਿਆ। ਤਦ ਗਾਮੇ ਦੇ ਮਨ ਵਿਚ ਚਾਹਤ ਪੈਦਾ ਹੋਈ ਕਿ ਹੁਣ ਤਕੜੇ ਪਹਿਲਵਾਨਾਂ ਨਾਲ ਕੁਸ਼ਤੀਆਂ ਲੜੀਆਂ ਜਾਣ।

ਦੱਤੀਆ ਤੋਂ ਉਹ ਰਿਆਸਤ ਰੀਵਾ 'ਚ ਚਲਾ ਗਿਆ ਜਿੱਥੋਂ ਦਾ ਰਾਜਾ ਪਰਤਾਪ ਸਿੰਘ ਸੀ। ਉੱਥੇ ਉਹ ਚਾਰ ਸਾਲ ਰਿਹਾ ਤੇ ਕੁਸ਼ਤੀਆਂ ਲੜਦਾ ਦੇਸ਼ ਦਾ ਸਰਬੋਤਮ ਪਹਿਲਵਾਨ ਬਣ ਗਿਆ। ਪਹਿਲਵਾਨ ਹੀ ਨਹੀਂ ਸਗੋਂ ਆਦਮੀ ਤੋਂ ਇਨਸਾਨ ਵੀ ਬਣ ਗਿਆ। ਗਾਮਾ 19 ਸਾਲ ਦਾ ਹੋਇਆ ਤਾਂ ਉਸ ਦਾ ਪਹਿਲਾ ਵੱਡਾ ਮੁਕਾਬਲਾ ਗੁੱਜਰਾਂਵਾਲੀਏ ਰਹੀਮ ਬਖ਼ਸ਼ ਸੁਲਤਾਨੀਵਾਲੇ ਨਾਲ ਹੋਇਆ ਜਿਸ ਦੀ ਉਮਰ 28 ਸਾਲ ਦੀ ਸੀ। ਲੋਕ ਸਮਝਦੇ ਸਨ ਕਿ ਗਾਮਾ ਐਡੇ ਵੱਡੇ ਪਹਿਲਵਾਨ ਦੇ ਮੁਕਾਬਲੇ ਮਸਾਂ ਦੋ ਚਾਰ ਮਿੰਟ ਹੀ ਟਿਕੇਗਾ, ਪਰ ਉਹ ਇਕ ਘੰਟਾ ਕੁਸ਼ਤੀ ਲੜ ਕੇ ਵੀ ਬਰਾਬਰ ਰਿਹਾ ਤੇ ਕੁਸ਼ਤੀ ਅਗਾਂਹ ਪਾ ਦਿੱਤੀ ਗਈ।

ਫਿਰ ਗਾਮੇ ਨੇ ਹਿੰਦ ਮਹਾਂਦੀਪ ਦੇ ਸਾਰੇ ਪਹਿਲਵਾਨਾਂ ਨੂੰ ਵੰਗਾਰਿਆ ਕਿ ਕੋਈ ਵੀ ਪਹਿਲਵਾਨ ਮੇਰੇ ਨਾਲ ਘੁ.ਲ ਲਵੇ। ਉਸ ਨੇ ਚੋਟੀ ਦੇ ਪਹਿਲਵਾਨ ਗ਼ੁਲਾਮ ਮਹੀਓਦੀਨ ਨੂੰ ਕੁਝ ਸਕਿੰਟਾਂ ਵਿਚ ਹੀ ਢਾਹ ਕੇ ਦੁਨੀਆ ਦੰਗ ਕਰ ਦਿੱਤੀ। ਮਹਾਰਾਜਾ ਦੱਤੀਆ ਨੇ ਉਸ ਨੂੰ ਬਾਈ ਸੇਰ ਭਾਰੀ ਚਾਂਦੀ ਦੀ ਗੁਰਜ ਨਾਲ ਨਿਵਾਜਿਆ ਤੇ 20 ਹਜ਼ਾਰ ਰੁਪਏ ਨਕਦ ਇਨਾਮ ਦਿੱਤੇ। ਫਿਰ ਉਸ ਨੇ ਰਿਆਸਤ ਬੜੌਦਾ ਦੇ ਦਰਬਾਰੀ ਪਹਿਲਵਾਨਾਂ ਦੀ ਕੰਡ ਲਾਈ। 21 ਸਾਲ ਦੀ ਉਮਰ ਵਿਚ ਦੌਦ ਪਹਿਲਵਾਨ ਨੂੰ ਚਿੱਤ ਕੀਤਾ। ਰਿਆਸਤ ਟੇਕਮਗੜ੍ਹ ਤੇ ਗਵਾਲੀਅਰ ਦੇ ਪਹਿਲਵਾਨਾਂ ਨੂੰ ਵੀ ਪਛਾੜ ਦਿੱਤਾ। ਰਿਆਸਤ ਭੂਪਾਲ ਦੇ ਦਿਓਕੱਦ ਪਹਿਲਵਾਨ ਪਰਤਾਪੇ ਦੀ ਵੀ ਕੰਡ ਲਾ ਦਿੱਤੀ। ਰਾਮੂ ਬਾਲੀ ਵਾਲਾ ਤੇ ਉਹਦਾ ਪੁੱਤਰ ਫਿਰੋਜ਼ਦੀਨ ਗੁੰਗਾ ਸਾਰੇ ਉਹਤੋਂ ਕੰਨੀ ਕਤਰਾਉਣ ਲੱਗੇ।

ਹਿੰਦ ਮਹਾਂਦੀਪ 'ਚ ਸੱਤ ਫੁੱਟਾ ਭਲਵਾਨ ਰਹੀਮ ਬਖ਼ਸ਼ ਹੀ ਸੀ ਜਿਹੜਾ ਉਹਤੋਂ ਅਜੇ ਢੱਠਾ ਨਹੀਂ ਸੀ। ਜਦੋਂ ਰਹੀਮ ਬਖ਼ਸ਼ ਨਾਲ ਉਹਦਾ ਦੂਜਾ ਭੇੜ ਹੋਇਆ ਤਾਂ ਗਾਮੇ ਨੇ 14 ਦਾਅ ਵਰਤੇ ਤੇ ਰਹੀਮ ਬਖ਼ਸ਼ ਨੇ 16 ਦਾਅ। ਪਰ ਦੋ ਘੰਟੇ ਖਹਿਣ ਪਿੱਛੋਂ ਵੀ ਕਿਸੇ ਦੀ ਜਿੱਤ ਹਾਰ ਨਾ ਹੋਈ। ਉਨ੍ਹਾਂ ਵਿਚਕਾਰ ਤੀਜਾ ਮੁਕਾਬਲਾ ਲਾਹੌਰ ਵਿਖੇ ਹੋਇਆ। ਉਹ ਮੁਕਾਬਲਾ 2 ਘੰਟੇ 20 ਮਿੰਟ ਜਾਰੀ ਰਿਹਾ। ਭਾਵੇਂ ਗਾਮੇ ਦਾ ਹੱਥ ਉਪਰ ਰਿਹਾ ਪਰ ਜਿੱਤ ਹਾਰ ਨਾ ਹੋ ਸਕੀ। ਅਗਲੇ ਸਾਲ ਉਨ੍ਹਾਂ ਦੇ ਚੌਥੇ ਮੁਕਾਬਲੇ ਦੀ ਉਡੀਕ ਹੋਣ ਲੱਗੀ ਜੋ ਰਹੀਮ ਬਖ਼ਸ਼ ਦੇ ਬਿਮਾਰ ਹੋਣ ਕਰਕੇ ਹੋ ਨਾ ਸਕਿਆ। ਗਾਮੇ ਨੂੰ ਹਿੰਦ ਮਹਾਂਦੀਪ ਦਾ ਸਭ ਤੋਂ ਤਕੜਾ ਪਹਿਲਵਾਨ ਮੰਨ ਲਿਆ ਗਿਆ।

1910 ਵਿਚ ਲੰਡਨ ਵਿਖੇ ਜੌਨ ਬੁੱਲ ਆਲਮੀ ਕੁਸ਼ਤੀ ਮੁਕਾਬਲੇ ਹੋਣੇ ਸਨ। ਬੰਗਾਲ ਦੇ ਕਰੋੜਪਤੀ ਸੇਠ ਸ਼ਰਤ ਕੁਮਾਰ ਮਿੱਤਰਾ ਨੇ ਗਾਮੇ, ਉਹਦੇ ਛੋਟੇ ਭਰਾ ਇਮਾਮ ਬਖ਼ਸ਼, ਅਹਿਮਦ ਬਖ਼ਸ਼ ਅੰਮ੍ਰਿਤਸਰੀ ਤੇ ਗਾਮੂੰ ਪਹਿਲਵਾਨ ਜਲੰਧਰੀ ਨੂੰ ਸਪਾਂਸਰ ਕੀਤਾ। ਸਾਰੀ ਟੋਲੀ ਲਾਹੌਰ ਤੋਂ ਬੰਬਈ ਤਕ ਰੇਲ ਗੱਡੀ 'ਤੇ ਗਈ ਤੇ ਉੱਥੇ ਦੋ ਦਿਨ ਠਹਿਰ ਕੇ ਸਮੁੰਦਰੀ ਜਹਾਜ਼ 'ਤੇ ਵੀਨਸ ਵੱਲ ਰਵਾਨਾ ਹੋਈ। ਅੱਠ ਦਿਨ ਉਹ ਇਟਲੀ ਦੇ ਹੋਟਲ ਵਿਚ ਰੁਕੇ ਤੇ ਫਿਰ ਫਰਾਂਸ ਨੂੰ ਰਵਾਨਾ ਹੋਏ। ਉੱਥੇ ਉਹ ਵੀਹ ਦਿਨ ਰਹਿ ਕੇ ਲੰਡਨ ਪਹੁੰਚੇ। ਉਨ੍ਹਾਂ ਦਾ ਮੈਨੇਜਰ ਆਸਟਰੇਲੀਆ ਤੋਂ ਮਿਸਟਰ ਬੈਂਜ਼ਮਿਨ ਸੀ। ਉੱਥੇ ਅਮਰੀਕਾ, ਯੂਰਪ ਤੇ ਜਪਾਨ ਦੇ ਸਾਰੇ ਰੁਸਤਮ ਪਹਿਲਵਾਨ ਢੁੱਕੇ ਹੋਏ ਸਨ।

ਗਾਮਾ ਮੁੱਢਲੀਆਂ ਕੁਸ਼ਤੀਆਂ ਜਿੱਤਦਾ ਫਾਈਨਲ ਵਿਚ ਪੁੱਜ ਗਿਆ। ਦੂਜੇ ਪਾਸਿਓਂ ਪੋਲੈਂਡ ਦਾ ਜੰਮਪਲ ਸਟੈਨਲੇ ਜ਼ਬਿਸਕੋ ਜੋ ਯੂਰਪ ਦਾ ਚੈਂਪੀਅਨ ਬਣਨ ਪਿੱਛੋਂ ਅਮਰੀਕਨ ਸ਼ਹਿਰੀ ਬਣ ਗਿਆ ਸੀ, ਫਾਈਨਲ 'ਚ ਪੁੱਜਾ। 10 ਸਤੰਬਰ 1910 ਨੂੰ ਵਾਈਟ ਸਿਟੀ ਸਟੇਡੀਅਮ ਲੰਡਨ, ਜਿੱਥੇ ਦੋ ਸਾਲ ਪਹਿਲਾਂ ਓਲੰਪਿਕ ਖੇਡ ਹੋਈਆਂ ਸਨ, ਤੀਹ ਹਜ਼ਾਰ ਦਰਸ਼ਕਾਂ ਦਾ 'ਕੱਠ ਹੋਇਆ। ਅਖ਼ਬਾਰਾਂ ਨੇ ਗਾਮੇ ਤੇ ਜ਼ਬਿਸਕੋ ਦੀ ਕੁਸ਼ਤੀ ਨੂੰ 'ਬੈਟਲ ਆਫ਼ ਸੈਂਚਰੀ' ਦਾ ਨਾਂ ਦਿੱਤਾ। ਉਦੋਂ ਗਾਮੇ ਦੀ ਉਮਰ 32 ਸਾਲ ਸੀ ਤੇ ਜ਼ਬਿਸਕੋ ਦੀ 30 ਸਾਲ। ਗਾਮੇ ਦਾ ਕੱਦ 5 ਫੁੱਟ 7 ਇੰਚ, ਜ਼ਬਿਸਕੋ ਦਾ 5 ਫੁੱਟ 9 ਇੰਚ। ਗਾਮੇ ਦਾ ਭਾਰ 202 ਪੌਂਡ, ਜ਼ਬਿਸਕੋ ਦਾ 248 ਪੌਂਡ। ਗਾਮੇ ਦੀ ਛਾਤੀ 47 ਇੰਚ, ਜ਼ਬਿਸਕੋ ਦੀ 55 ਇੰਚ। ਗਾਮੇ ਦਾ ਨਿੱਕਨੇਮ 'ਲਾਇਨ ਆਫ਼ ਪੰਜਾਬ' ਤੇ ਜ਼ਬਿਸਕੋ ਦਾ 'ਬੀਅਰ' ਭਾਵ ਰਿੱਛ! ਸ਼ਾਮੀ 4.00 ਵਜੇ ਦੀ ਥਾਂ 4.04 'ਤੇ ਕੁਸ਼ਤੀ ਸ਼ੁਰੂ ਹੋਈ। ਦੋਵੇਂ ਭਲਵਾਨਾਂ ਨੇ ਹਰ ਤਰ੍ਹਾਂ ਦੇ ਦਾਅ ਵਰਤੇ। ਕਦੇ ਗਾਮੇ ਦਾ ਦਾਅ ਚੱਲ ਜਾਂਦਾ, ਕਦੇ ਜ਼ਬਿਸਕੋ ਦਾ। ਅੱਧਾ ਘੰਟਾ, ਘੰਟਾ, ਡੇਢ ਘੰਟਾ, ਇਕ ਘੰਟਾ ਚਾਲੀ ਮਿੰਟ, ਦੋਵੇਂ ਬਰਾਬਰ ਜੂਝਦੇ ਰਹੇ। ਫਿਰ ਜ਼ਬਿਸਕੋ ਮੈਟ ਫੜ ਕੇ ਮੂਧੇ ਮੂੰਹ ਪੈ ਗਿਆ। ਭਾਰਾ ਹੋਣ ਕਰਕੇ ਗਾਮੇ ਨੂੰ ਉਲਟਾਉਣਾ ਔਖਾ ਹੋ ਗਿਆ। ਇੰਜ 2 ਘੰਟੇ 34 ਮਿੰਟ ਬੀਤ ਗਏ। ਜਦ ਹਨ੍ਹੇਰਾ ਉਤਰਨ ਲੱਗਾ ਤਾਂ ਰੈਫਰੀ ਨੇ ਕੁਸ਼ਤੀ ਅਗਲੇ ਸ਼ਨਿੱਚਰਵਾਰ 'ਤੇ ਪਾ ਦਿੱਤੀ ਪਰ ਸਮਾਂ 4 ਵਜੇ ਦੀ ਥਾਂ 3 ਵਜੇ ਦਾ ਕਰ ਦਿੱਤਾ।

''ਮੈਚ ਸ਼ੁਰੂ ਹੁੰਦਿਆਂ ਹੀ ਗਾਮੇ ਨੇ ਜ਼ਬਿਸਕੋ ਨੂੰ ਧੋਬੀ ਪਟਕੇ ਰਾਹੀਂ ਸੁੱਟ ਲਿਆ ਤੇ ਜ਼ਬਿਸਕੋ ਥਾਏਂ ਬੇਹੋਸ਼ ਹੋ ਗਿਆ ਅਤੇ ਉੱਠ ਨਾ ਸਕਿਆ। ਇਸ 'ਤੇ ਮੈਚ ਨੂੰ ਸੱਤ ਦਿਨਾਂ ਲਈ ਟਾਲ ਦਿੱਤਾ ਗਿਆ। ਜ਼ਬਿਸਕੋ ਸੱਤ ਦਿਨਾਂ ਬਾਅਦ ਵੀ ਪਿੜ ਵਿਚ ਨਾ ਨਿੱਤਰਿਆ, ਕਿਉਂਕਿ ਉਹ ਸ਼ਾਇਦ ਸਮਝ ਚੁੱਕਾ ਸੀ ਕਿ ਗਾਮੇ ਨੂੰ ਹਰਾਉਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ। ਇਸ 'ਤੇ ਰੈਫ਼ਰੀ ਨੇ ਗਾਮੇ ਨੂੰ ਜੇਤੂ ਐਲਾਨ ਦਿੱਤਾ।

ਜ਼ਬਿਸਕੋ ਤੇ ਗਾਮੇ ਨੇ 10 ਸਤੰਬਰ 1910 ਨੂੰ ਵ੍ਹਾਈਟ ਸਿਟੀ ਸਟੇਡੀਅਮ, ਲੰਡਨ ਵਿਚ ਹੋਏ ਆਪਣੇ ਪਹਿਲੇ ਮੈਚ ਤੋਂ ਪਹਿਲਾਂ ਹੱਥ ਮਿਲਾਏ। ਜ਼ਬਿਸਕੋ ਦਾ ਏਨਾ ਜ਼ੋਰ ਲੱਗ ਚੁੱਕਾ ਸੀ ਕਿ ਉਹਦਾ ਮਨ ਅਗਲੇ ਸ਼ਨਿੱਚਰਵਾਰ ਘੁਲਣ ਲਈ ਤਿਆਰ ਨਹੀਂ ਸੀ ਹੋ ਰਿਹਾ। ਸ਼ਨਿੱਚਰਵਾਰ ਤੋਂ ਪਹਿਲਾਂ ਹੀ ਉਹ ਮਾਂ ਦੀ ਬਿਮਾਰੀ ਦਾ ਬਹਾਨਾ ਬਣ ਕੇ ਲੰਡਨ ਛੱਡ ਗਿਆ। ਸ਼ਨਿੱਚਰਵਾਰ ਨੂੰ ਉਸੇ ਸਟੇਡੀਅਮ ਵਿਚ ਫਿਰ ਉਨਾ ਹੀ 'ਕੱਠ ਹੋਇਆ। ਗਾਮਾ ਲੰਗੋਟ ਲਾ ਕੇ ਹਾਜ਼ਰ ਸੀ ਪਰ ਜ਼ਬਿਸਕੋ ਗ਼ਾਇਬ ਸੀ। ਤਿੰਨ ਅਨਾਊਂਸਮੈਂਟਾਂ ਤੋਂ ਬਾਅਦ ਰੈਫਰੀ ਨੇ ਗਾਮੇ ਨੂੰ ਜੇਤੂ ਕਰਾਰ ਦੇ ਦਿੱਤਾ। ਮਿਸਟਰ ਬੌਟਮਲੇਅ ਐੱਮ।ਪੀ। ਨੇ ਗ੍ਰੇਟ ਗਾਮੇ ਨੂੰ ਵਰਲਡ ਚੈਂਪੀਅਨ ਐਲਾਨਦਿਆਂ 'ਜੌਨ ਬੁੱਲ ਚੈਂਪੀਅਨਸ਼ਿਪ ਬੈਲਟ' ਅਤੇ 250 ਪੌਂਡ ਦੀ ਇਨਾਮੀ ਰਾਸ਼ੀ ਸੌਂਪ ਦਿੱਤੀ। ਉਸ ਬੈਲਟ ਉੱਤੇ ਅੱਜ ਵੀ ਗਾਮੇ ਦਾ ਨਾਂ ਉਕਰਿਆ ਵੇਖਿਆ ਜਾ ਸਕਦਾ ਹੈ।

ਲੰਡਨ ਦੇ ਟੂਰ ਦੌਰਾਨ ਗਾਮੇ ਨੇ ਕਈ ਨਾਮਵਰ ਭਲਵਾਨਾਂ ਜਿਵੇਂ ਬੈਂਜਾਮਿਨ ਰੋਲਰ, ਮਾਰਿਸ ਡੇਰਿਜ, ਜੌਨ ਲੈਮ, ਜੇਸੀ ਪੀਟਰਸਨ ਆਦਿ ਨੂੰ ਵੀ ਹਰਾਇਆ। ਉਨ੍ਹਾਂ ਵਿਚ ਜਪਾਨ ਦੇ ਜੂਡੋ ਪਹਿਲਵਾਨ ਤਰਨ ਮਿਆਕੀ, ਰੂਸ ਦੇ ਜਾਰਜ ਹੈਕਨਸ਼ਮਿੱਟ ਤੇ ਅਮਰੀਕਾ ਦੇ ਫੰਗ ਗਾਸ਼ ਵੀ ਸ਼ਾਮਲ ਸਨ। ਵਾਪਸ ਮੁੜ ਕੇ ਉਸ ਨੇ ਰਹੀਮ ਬਖ਼ਸ਼ ਨੂੰ ਹਰਾਉਣ ਤੋਂ ਬਾਅਦ 1916 ਵਿਚ ਮਸ਼ਹੂਰ ਪਹਿਲਵਾਨ ਵਿੱਦੋ ਪੰਡਤ ਨੂੰ ਹਰਾਇਆ। 1922 'ਚ ਪ੍ਰਿੰਸ ਆਫ਼ ਵੇਲਜ਼ ਨੇ ਇੰਡੀਆ ਫੇਰੀ ਦੌਰਾਨ ਗਾਮੇ ਨੂੰ ਚਾਂਦੀ ਦਾ ਕੀਮਤੀ ਗੁਰਜ ਭੇਟ ਕੀਤਾ। 1928 ਵਿਚ ਪਟਿਆਲੇ ਦੇ ਮਹਾਰਾਜੇ ਨੇ ਗਾਮੇ ਨਾਲ ਕੁਸ਼ਤੀ ਕਰਨ ਲਈ ਅਮਰੀਕਾ ਤੋਂ ਜ਼ਬਿਸਕੋ ਨੂੰ ਤਾਰ ਦਿੱਤੀ। ਨਾਲ ਚੋਖੇ ਪੈਸੇ ਭੇਜੇ। ਗਾਮੇ ਨਾਲ ਦੋ ਹੱਥ ਕਰਨ ਲਈ ਜ਼ਬਿਸਕੋ ਜਹਾਜ਼ੇ ਚੜ੍ਹ ਆਇਆ। ਉਹ ਆਪਣੀ ਲੰਡਨ ਦੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਕੁਸ਼ਤੀ ਮੈਟ ਦੀ ਥਾਂ ਮਿੱਟੀ ਦੇ ਅਖਾੜੇ ਵਿਚ ਹੋਈ ਜੋ 49 ਸਕਿੰਟਾਂ 'ਚ ਗਾਮੇ ਜਿੱਤ ਲਈ। ਹਜ਼ਾਰਾਂ 'ਚ ਜੁੜੀ ਖ਼ਲਕਤ ਨੂੰ ਕੁਸ਼ਤੀ ਤਾਂ ਨਾ ਦਿਸੀ, ਪਰ ਗਾਮੇ ਦੀ ਜਿੱਤ ਜ਼ਰੂਰ ਦਿਸੀ। ਮਹਾਰਾਜੇ ਨੇ ਇਨਾਮਾਂ ਦੀ ਧੱਕੀ ਕੱਢ ਦਿੱਤੀ। ਫਰਵਰੀ 1929 ਵਿਚ ਗਾਮੇ ਨੇ ਇਕ ਹੋਰ ਨਾਮੀ ਭਲਵਾਨ ਜੇਸੀ ਪੀਟਰਸਨ ਨੂੰ ਡੇਢ ਮਿੰਟ ਵਿਚ ਹਰਾਇਆ। 1940 ਦੇ ਦਹਾਕੇ ਦੌਰਾਨ ਨਿਜ਼ਾਮ ਹੈਦਰਾਬਾਦ ਨੇ ਗਾਮੇ ਨੂੰ ਸੱਦਾ ਦਿੱਤਾ। ਉੱਥੇ ਸ਼ੇਰ-ਏ-ਹੈਦਰਾਬਾਦ ਬਲਰਾਮ ਹੀਰਾਮਨ ਯਾਦਵ ਨਾਲ ਘੋਲ ਚੱਲਿਆ ਜੋ ਲੰਬੀ ਕੁਸ਼ਤੀ ਪਿੱਛੋਂ ਬਿਨਾਂ ਜਿੱਤ ਹਾਰ ਸਮਾਪਤ ਹੋਇਆ। ਉਦੋਂ ਗਾਮਾ ਬੁਢਾਪੇ ਵੱਲ ਵਧ ਰਿਹਾ ਸੀ ਜਦੋਂਕਿ ਹੀਰਾਮਨ ਪੂਰਾ ਜਵਾਨ ਸੀ। ਉਸ ਤੋਂ ਬਾਅਦ ਨਾ ਗਾਮੇ ਨੇ ਕਿਸੇ ਨੂੰ ਵੰਗਾਰਿਆ ਤੇ ਨਾ ਕਿਸੇ ਪਹਿਲਵਾਨ ਨੇ ਉਸ ਨੂੰ ਚੁਣੌਤੀ ਦਿੱਤੀ। ਆਖ਼ਰ ਉਹ ਅਜਿੱਤ ਪਹਿਲਵਾਨ ਵਜੋਂ ਕੁਸ਼ਤੀਆਂ ਤੋਂ ਰਿਟਾਇਰ ਹੋਇਆ।

ਪਟਿਆਲੇ ਤੋਂ ਲਾਹੌਰ ਜਾਣ ਪਿੱਛੋਂ ਉਸ ਨੇ ਕੁਝ ਸਮਾਂ ਕਰਾਚੀ 'ਚ ਟਰਾਂਸਪੋਰਟ ਦਾ ਕਾਰੋਬਾਰ ਕੀਤਾ, ਪਰ ਕਰਾਚੀ ਦੀ ਆਬੋ ਹਵਾ ਉਸ ਨੂੰ ਰਾਸ ਨਾ ਆਈ। ਉਹ ਦਮੇ ਦਾ ਮਰੀਜ਼ ਬਣ ਗਿਆ। ਲਾਹੌਰ ਦੇ ਮੋਹਨੀ ਰੋਡ ਵਾਲੇ ਘਰ 'ਚ ਉਸ ਨੂੰ ਚਾਰ ਵਾਰ ਦਿਲ ਦੇ ਦੌਰੇ ਪਏ। ਇਲਾਜ ਕਰਾਉਂਦਿਆਂ ਉਹਦੀਆਂ ਗੁਰਜਾਂ ਵੀ ਵਿਕ ਗਈਆਂ ਤੇ ਤਗ਼ਮੇ ਵੀ ਜਾਂਦੇ ਰਹੇ। ਉਹ ਹੱਡੀਆਂ ਦੀ ਮੁੱਠ ਰਹਿ ਗਿਆ ਜਿਸ ਤੋਂ ਮੱਖੀਆਂ ਵੀ ਨਹੀਂ ਸਨ ਉੱਡਦੀਆਂ। ਆਖ਼ਰ 23 ਮਈ 1960 ਨੂੰ ਉਹ ਮੰਦੇ ਹਾਲੀਂ ਮਰਿਆ। ਉਹਦੀ ਮੌਤ ਦਾ ਬਿਰਤਾਂਤ ਮੈਂ ਐੱਮ।ਆਰ। ਕਾਲਜ ਫ਼ਾਜ਼ਿਲਕਾ ਦੀ ਲਾਇਬ੍ਰੇਰੀ ਦੇ ਰੀਡਿੰਗ ਰੂਮ 'ਚ ਆਏ ਇਲੱਸਟ੍ਰੇਟਿਡ ਵੀਕਲੀ ਆਫ ਇੰਡੀਆ ਦੇ ਮੈਗਜ਼ੀਨ 'ਚੋਂ ਪੜ੍ਹਿਆ। ਪੜ੍ਹਦਿਆਂ ਮੇਰੀਆਂ ਅੱਖਾਂ 'ਚ ਹੰਝੂ ਆ ਗਏ ਜਦੋਂਕਿ ਮੇਰਾ ਗਾਮੇ ਨਾਲ ਕੋਈ ਰਿਸ਼ਤਾ ਨਹੀਂ ਸੀ। ਰੁਸਤਮੇ ਜ਼ਮਾਂ ਗਾਮੇ ਦੀ ਖ਼ੁਆਹਿਸ਼ ਸੀ ਕਿ ਉਸ ਨੂੰ ਪੀਰ ਮੱਕੀ ਦੀ ਦਰਗਾਹ 'ਚ ਦਫ਼ਨਾਇਆ ਜਾਵੇ ਪਰ ਦਰਗਾਹ ਦੇ ਮਤਵੱਲੀ ਨੇ ਕਬਰ ਨਾ ਪੁੱਟਣ ਦਿੱਤੀ। ਮਾਯੂਸੀ ਵਿਚ ਉਹਦੀ ਪਿੰਜਰ ਹੋਈ ਦੇਹ ਨੂੰ ਹਮੀਦੇ ਪਹਿਲਵਾਨ ਦੀ ਕਬਰ ਲਾਗੇ ਦਫ਼ਨਾ ਕੇ ਅਖਾੜੇ ਦੀ ਮਿੱਟੀ ਨਾਲ ਪੂਰ ਦਿੱਤਾ ਗਿਆ। ਪਤਾ ਨਹੀਂ ਉਹਦੀ ਕਬਰ 'ਤੇ ਕੋਈ ਦੀਵਾ ਜਗਾਉਂਦਾ ਹੈ ਜਾਂ ਨਹੀਂ?

# ਕਰੋਨਾ ਵਾਇਰਸ ਸਭ ਤੋਂ ਪਹਿਲਾਂ ਚੀਨ ਦੀ ਵੂਹਾਨ ਲੈਬ ਤੋਂ ਲੀਕ ਹੋਇਆ-ਖੁਲਾਸਾ


**ਵਸ਼ਿੰਗਟਨ**-'ਦੁਨੀਆ ਭਰ ਵਿੱਚ ਲੱਖਾਂ ਲੋਕਾਂ ਦੀ ਜਾਨ ਲੈਣ ਵਾਲਾ ਕੋਰੋਨਾ ਵਾਇਰਸ ਚੀਨ ਤੋਂ ਫੈਲਿਆ ਸੀ। ਇਹ ਖੁਲਾਸਾ ਇੱਕ ਅਮਰੀਕੀ ਰਿਪੋਰਟ ਵਿੱਚ ਹੋਇਆ ਹੈ। ਰਿਪੋਰਟ ਮੁਤਾਬਕ ਇਹ ਵਾਇਰਸ ਸਭ ਤੋਂ ਪਹਿਲਾਂ ਚੀਨ ਦੀ ਵੂਹਾਨ ਲੈਬ ਤੋਂ ਲੀਕ ਹੋਇਆ ਅਤੇ ਬਾਅਦ 'ਚ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਲਿਆ।

ਨਿਊਜ਼ ਵੈੱਬਸਾਈਟ 'ਪਬਲਿਕ' ਸਮੇਤ ਕਈ ਅਮਰੀਕੀ ਪੱਤਰਕਾਰਾਂ ਨੇ ਅਮਰੀਕੀ ਖੁਫੀਆ ਏਜੰਸੀ ਐੱਫ-ਬੀਆਈ ਦੇ ਹਵਾਲੇ ਨਾਲ ਕੋਰੋਨਾ ਦੀ ਉਤਪਤੀ 'ਤੇ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ ਹਨ। ਪੱਤਰਕਾਰਾਂ ਮਾਈਕਲ ਸ਼ੈਲਨਬਰਗਰ, ਮੈਟ ਤਾਇਬੀ ਅਤੇ ਅਲੈਕਸ ਗੁਟੇਂਗ ਦੇ ਅਨੁਸਾਰ, ਐਫਬੀਆਈ ਨੇ ਸਬੂਤ ਇਕੱਠੇ ਕੀਤੇ ਹਨ ਕਿ ਕੋਰੋਨਾਵਾਇਰਸ ਵੁਹਾਨ ਦੀ ਇੱਕ ਲੈਬ ਤੋਂ ਪੈਦਾ ਹੋਇਆ ਸੀ। ਉਸ ਲੈਬ ਦੇ 3 ਵਿਗਿਆਨੀ ਕੋਰੋਨਾ ਸੰਕਰਮਣ ਦੇ ਪਹਿਲੇ ਸ਼ਿਕਾਰ ਹੋਏ ਸਨ। ਇਨ੍ਹਾਂ ਦੇ ਨਾਂ ਬੇਨ ਹੂ, ਯੂ ਪਿੰਗ ਅਤੇ ਯਾਨ ਝੂ ਦੱਸੇ ਜਾ ਰਹੇ ਹਨ। ਇਹ ਤਿੰਨੋਂ ਵੁਹਾਨ ਦੀ ਲੈਬ ਦੇ ਮੁੱਖ ਖੋਜਕਰਤਾ ਸਨ। ਇਸ ਖੁਲਾਸੇ ਤੋਂ ਬਾਅਦ ਹੁਣ ਗਲੋਬਲ ਮਾਹਿਰ ਕਹਿ ਰਹੇ ਹਨ ਕਿ ਅਮਰੀਕੀ ਸਰਕਾਰ ਨੂੰ ਜਲਦੀ ਹੀ ਦੁਨੀਆ ਨੂੰ ਦੱਸਣਾ ਚਾਹੀਦਾ ਹੈ ਕਿ ਵਾਇਰਸ ਚੀਨ ਤੋਂ ਫੈਲਿਆ ਹੈ। ਅਮਰੀਕੀ ਅਖਬਾਰ ਦੀ ਰਿਪੋਰਟ ਵਿਚ ਕਿਹਾ ਗਿਆ-ਹੁਣ ਲੋਕ ਇਸ ਗੱਲ ਦਾ ਇੰਤਜ਼ਾਰ ਕਰ ਰਹੇ ਹਨ ਕਿ ਅਮਰੀਕੀ ਸਰਕਾਰ ਚੀਨ ਤੋਂ ਫੈਲੇ ਕੋਰੋਨਾ ਵਾਇਰਸ ਦੇ ਸਬੂਤ ਕਦੋਂ ਦੁਨੀਆ ਦੇ ਸਾਹਮਣੇ



ਰੱਖੇਗੀ ਅਤੇ ਚੀਨ ਖ਼ਿਲਾਫ਼ ਕੀ ਕਾਰਵਾਈ ਕੀਤੀ ਜਾਵੇਗੀ। ਵਿਸ਼ਵ ਸਿਹਤ ਸੰਗਠਨ ਨੇ ਇਸ ਸਾਲ 6 ਅਪ੍ਰੈਲ ਨੂੰ ਇਹ ਵੀ ਦਾਅਵਾ ਕੀਤਾ ਸੀ ਕਿ ਚੀਨ ਕੋਲ ਕੋਰੋਨਾ ਵਾਇਰਸ ਦੀ ਉਤਪਤੀ ਬਾਰੇ ਡਾਟਾ ਹੈ, ਜਿਸ ਨੂੰ ਉਸ ਨੇ ਅਜੇ ਤੱਕ ਦੁਨੀਆ ਅਤੇ ਵਿਸ਼ਵ ਸਿਹਤ ਸੰਗਠਨ ਨਾਲ ਸਾਂਝਾ ਨਹੀਂ ਕੀਤਾ ਹੈ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਸੀ ਕਿ ਚੀਨ ਨੂੰ ਵੇਰਵੇ ਸਾਂਝੇ ਕਰਨੇ ਚਾਹੀਦੇ ਹਨ ਤਾਂ ਜੋ ਇਸ ਬਾਰੇ ਹੋਰ ਜਾਣਿਆ ਜਾ ਸਕੇ। ਹਾਲਾਂਕਿ ਚੀਨ ਨੇ ਇਸ ਮਾਮਲੇ ਨੂੰ ਟਾਲਣ ਦੀ ਕੋਸ਼ਿਸ਼ ਕੀਤੀ।

# ਸੂਰਜ ਦਾ ਰੱਥ






ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਧਰਤੀ ਦਾ ਸੂਰਜ ਦੁਆਲੇ ਇਕ ਚੱਕਰਜਿਸ ਨੂੰ ਸਾਲ ਕਹਿੰਦੇ ਹਨ, ਵਿੱਚ ਦੋ ਦਿਨ ਅਜੇਹੇ ਆਉਂਦੇ ਹਨ ਜਦੋਂ ਧਰਤੀ ਤੇ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। ਸਾਲ ਵਿਚ ਦੋ ਦਿਨ ਅਜੇਹੇ ਵੀ ਆਉਂਦੇ ਹਨ ਜਦੋਂ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡਾ ਅਤੇ ਰਾਤ ਛੋਟੀ ਹੁੰਦੀ ਹੈ, ਉਸੇ ਵੇਲੇ ਦੱਖਣੀ ਅਰਧ ਗੋਲੇ ਵਿੱਚ ਰਾਤ ਵੱਡੀ ਅਤੇ ਦਿਨ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਦੱਖਣੀ ਅਰਧ ਗੋਲੇ ਵਿੱਚ ਦਿਨ ਵੱਡਾ ਅਤੇ ਰਾਤ ਛੋਟੀ ਹੁੰਦੀ ਹੈ, ਉਸੇ ਵੇਲੇ ਉੱਤਰੀ ਅਰਧ ਗੋਲੇ ਵਿੱਚ ਦਿਨ ਛੋਟਾ ਅਤੇ ਰਾਤ ਵੱਡੀ ਹੁੰਦੀ ਹੈ। ਭਾਵੇਂ ਸਾਨੂੰ ਇਹ ਦੱਸਿਆ ਗਿਆ ਹੈ ਕਿ ਸੂਰਜ ਪੂਰਬ ਤੋਂ ਨਿਕਲਦਾ ਹੈ ਅਤੇ ਪੱਛਮ ਵਿੱਚ ਛਿਪਦਾ ਹੈ। ਪਰ ਅਜੇਹਾ ਸਾਲ ਵਿੱਚ ਦੋ ਕੁ ਦਿਨ ਹੀ ਹੁੰਦਾ ਹੈ ਜਦੋਂ ਸੂਰਜ ਪੂਰਬ ਭਾਵ 90° ਤੋਂ ਨਿਕਲਦਾ ਹੈ। ਉਸ ਤੋਂ ਅਗਲੇ ਦਿਨ ਸੂਰਜ 89° ਜਾਂ 91° ਤੋਂ ਚੜਦਾ ਹੈ। ਅੰਮ੍ਰਿਤਸਰ ਵਿੱਚ ਸੂਰਜ, 21 ਜੂਨ ਨੂੰ 62°,21 ਮਾਰਚ ਅਤੇ 22 ਸਤੰਬਰ ਨੂੰ 90° ਅਤੇ 21 ਦਸੰਬਰ ਨੂੰ 117° ਤੋਂ ਚੜਦਾ ਹੈ। ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਸੂਰਜ ਚੜਨ ਦੀ ਡਿਗਰੀ ਵੱਖ-ਵੱਖ ਹੁੰਦੀ ਹੈ।

ਧਰਤੀ ਦੇ ਧੁਰੇ ਦਾ ਲੱਗਭੱਗ 23।5° ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਸੂਰਜ ਦੀ ਰੋਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉੱਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਰੁੱਤਾਂ ਬਦਲਦੀਆਂ ਹਨ। ਜੂਨ ਦੇ ਮਹੀਨੇ ਉੱਤਰੀ ਅਰਧ ਗੋਲੇ ਵਿੱਚ ਗਰਮੀ ਪੂਰੇ ਜੋਬਨ ਤੇ ਹੁੰਦੀ ਹੈ ਅਤੇ ਦਿਨ ਵੱਡੇ ਹੋ ਰਹੇ ਹੁੰਦੇ ਹਨ। ਜੇ ਆਪਾਂ ਚੜਦੇ ਸੂਰਜ ਨੂੰ ਵੇਖੀਏ ਤਾਂ, ਹਰ ਰੋਜ ਸੂਰਜ ਥੋੜਾ-ਥੋੜਾ ਉੱਤਰ ਵੱਲ ਨੂੰ ਜਾ ਰਿਹਾ ਹੁੰਦਾ ਹੈ। ਜੰਤਰੀਆਂ ਦੀ ਭਾਸ਼ਾ ਵਿੱਚ ਇਸ ਨੂੰ ਉਤਰਾਇਣ ਕਹਿੰਦੇ ਹਨ। 21-22 ਜੂਨ ਨੂੰ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਹੁੰਦਾ ਹੈ ਅਤੇ ਉਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਇਕ ਸਮਾਂ ਅਜੇਹਾ ਆਉਂਦਾ ਹੈ ਜਦੋਂ ਸੂਰਜ ਉੱਤਰ ਵੱਲ ਨੂੰ ਜਾਂਦਾ-ਜਾਂਦਾ ਰੁਕ ਜਾਂਦਾ ਹੈ ਅਤੇ ਪਿੱਛੇ ਭਾਵ ਦੱਖਣ ਵੱਲ ਨੂੰ ਮੁੜ ਪੈਂਦਾ ਹੈ ਅਤੇ ਦਿਨ ਦੀ ਲੰਬਾਈ ਥੋੜੀ-ਥੋੜੀ ਘਟਣੀ ਆਰੰਭ ਹੋ ਜਾਂਦੀ ਹੈ। ਇਸ ਨੂੰ ਦਖਰਾਇਣ ਕਿਹਾ ਜਾਂਦਾ ਹੈ। ਇਸ ਸਾਲ (2023 ਈ:) ਇਹ ਘਟਨਾ 21 ਜੂਨ ਦਿਨ ਬੁੱਧਵਾਰ ਨੂੰ ਲੱਗਭੱਗ 14:59 (U T) ਤੇ ਵਾਪਰੇਗੀ।

ਇਸ ਸਮੇਂ ਸੂਰਜ ਅੱਗੇ ਜਾਣ ਦੀ ਬਿਜਾਏ ਪਿੱਛੇ ਮੁੜ ਪਏਗਾ। ਦਿਨ ਛੋਟਾ ਹੋਣਾ ਆਰੰਭ ਹੋ ਜਾਵੇਗਾ ਅਤੇ 23 ਸਤੰਬਰ ਨੂੰ ਦਿਨ ਅਤੇ ਰਾਤ ਫਿਰ ਬਰਾਬਰ ਹੋ ਜਾਣਗੇ। 22 ਦਸੰਬਰ ਨੂੰ ਉੱਤਰੀ ਅਰਧ ਗੋਲੇ ਵਿੱਚ ਦਿਨ ਛੋਟੇ ਤੋਂ ਛੋਟਾ ਹੋਵੇਗਾ ਅਤੇ ਸੂਰਜ 3: 29 (U T) ਤੇ ਉਤਰਾਇਣ ਨੂੰ ਮੁੜ ਪਵੇਗਾ। ਸੂਰਜ ਦੇ ਉਤਰਾਇਣ ਤੋਂ ਦਖਰਾਇਣ ਅਤੇ ਦਖਰਾਇਣ ਤੋਂ ਉਤਰਾਇਣ ਵੱਲ ਜਾਣ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਸਾਲ ਦੀ ਲੰਬਾਈ ਹੈ। ਸਾਲ ਦੀ ਇਸ ਲੰਬਾਈ ਮੁਤਾਬਕ ਹੀ ਧਰਤੀ ਤੇ ਰੁੱਤਾਂ ਬਦਲਦੀਆਂ ਹਨ। ਇਸ ਨੂੰ ਰੁੱਤੀ ਸਾਲ (ਠਰੋਪਿਚਅਲ ਇਅਰ) ਕਹਿੰਦੇ ਹਨ। ਇਸ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪਾਵਨ ਪੰਗਤੀ, "ਰਥੁ ਫਿਰੈ ਛਾਇਆ ਧਨ ਤਾ ਕੈਟੀ ਡੁਲਵੈ ਮੰਝਿ ਬਾਰੇ" (ਪੰਨਾ 1108) "ਬਹੁੜੋ ਜਬ ਅਸਾੜ ਮਹੀਨੇ ਮੈਂ ਸੂਰਜ ਕਾ ਰੱਥ ਫਿਰਤਾ ਹੈ ਅਰਥਾਤ ਉਤ੍ਰਾਇਣ ਦਖਣਾਇਣ ਕੋ ਹੋਤਾਂ ਹੈ ਤਬ ਇਸਤ੍ਰੀਆਂ ਬ੍ਰਿਛਾਦਿਕੋਂ ਕੀ ਛਾਯਾਕੋਤਕਤੀ ਹੈ ਔਰ ਉਜਾੜੋਂ ਕੇ ਬੀਚ ਬਿੰਡੇ ਬੋਲਤੇ ਹੈ"।

(ਫਰੀਦਕੋਟੀ ਟੀਕਾ)

ਉਪ੍ਰੋਕਤ ਪਾਵਨ ਪੰਗਤੀ ਦਾ ਭਾਵ ਹੈ ਕਿ ਜਦੋਂ ਹਾੜ ਦੇ ਮਹੀਨੇ, ਸੂਰਜ ਵੱਧ ਤੋਂ ਵੱਧ ਉੱਤਰ ਵੱਲ ਗਿਆ ਹੁੰਦਾ ਹੈ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ ਅਤੇ ਇਕ ਖਾਸ ਸਮੇਂ ਤੇ ਸੂਰਜ ਵਾਪਸ ਦੱਖਣ ਨੂੰ ਮੁੜਦਾ ਹੈ ਅਤੇ ਦਿਨ ਛੋਟਾ ਹੋਣਾ ਆਰੰਭ ਹੋ ਜਾਂਦਾ ਹੈ। ਇਸ ਨੂੰ ਸੂਰਜ ਦਾ ਰੱਥ ਫਿਰਨਾ ਕਹਿੰਦੇ ਹਨ। ਉੱਤਰੀ ਭਾਰਤ ਵਿੱਚ ਇਸ ਦਿਨ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।

ਹੁਣ ਜਦੋਂ ਇਹ ਸਪੱਸ਼ਟ ਹੈ ਕਿ ਸੂਰਜ ਦਾ ਰੱਥ 21-22 ਜੂਨ (ਗਰੈਗੋਰੀਅਨ) ਨੂੰ ਕਿਸੇ ਵੇਲੇ ਫਿਰਦਾ ਹੈ। ਤਾਂ ਆਓ ਵੇਖੀਏ ਕਿ ਗੁਰੂ ਨਾਨਕ ਜੀ ਦੇ ਸਮੇਂ ਸੂਰਜ ਦਾ ਰੱਥ ਕਦੋਂ ਫਿਰਿਆ ਸੀ। ਸੰਮਤ 1526 ਬਿਕ੍ਰਮੀ ਵਿਚ ਸੂਰਜ ਦਾ ਰੱਥ 12 ਜੂਨ 1469 ਈ: (ਜੂਲੀਅਨ) ਮੁਤਾਬਕ 16 ਹਾੜ ਦਿਨ ਸੋਮਵਾਰ ਨੂੰ ਫਿਰਿਆ ਸੀ। ਯਾਦ ਰਹੇ ਜੇ 12 ਜੂਨ ਜੂਲੀਅਨ ਨੂੰ ਗਰੈਗੋਰੀਅਨ ਵਿੱਚ ਬਦਲੀ ਕਰੀਏ ਤਾਂ ਇਹ 21 ਜੂਨ ਹੀ ਬਣਦੀ ਹੈ। ਸਾਲ 2023 ਈ: ਵਿੱਚ 21 ਜੂਨ ਮੁਤਾਬਕ 7 ਹਾੜ (ਦ੍ਰਿਕ ਗਿਣਤ ਸਿਧਾਂਤ) ਨੂੰ ਫਿਰੇਗਾ। ਅੱਜ ਤੋਂ 500 ਸਾਲ ਭਾਵ ਸੰਮਤ 2523 ਈ: ਨੂੰ ਸੂਰਜ ਦਾ ਰੱਥ 21 ਜੂਨ ਮੁਤਾਬਕ 31ਜੇਠ (ਦ੍ਰਿਕ ਗਿਣਤ ਸਿਧਾਂਤ) ਦਿਨਸੋਮਵਾਰ ਨੂੰ ਫਿਰੇਗਾ ਅਤੇ 3000 ਈ: ਵਿੱਚ 20 ਜੂਨ ਮੁਤਾਬਕ 24ਜੇਠ ਦਿਨ ਸ਼ੁੱਕਰਵਾਰ ਨੂੰ ਫਿਰੇਗਾ। ਬਾਣੀ ਦੀ ਇਹ ਪੰਗਤੀ 'ਰਥੁ ਫਿਰੈ ਛਾਇਆ ਧਨ ਤਾ ਕੈਟੀ ਡੁਲਵੈ ਮੰਝਿ ਬਾਰੇ' ਤਾਂ ਹਾੜ ਦੇ ਮਹੀਨੇ 'ਚ ਪੜੀ ਜਾਵੇਗੀ ਪਰ ਸੂਰਜ ਦਾ ਰੱਥ ਤਾਂ ਜੇਠ ਦੇ ਮਹੀਨੇ ਫਿਰ ਚੁੱਕਾ ਹੋਵੇਗਾ।

ਇਸ ਦਾ ਕਾਰਨ ਇਹ ਹੈ ਕਿ ਬਿਕ੍ਰਮੀ ਸਾਲ ਦੀ ਲੰਬਾਈ 365।2587 ਦਿਨ (ਸੂਰਜੀ ਸਿਧਾਂਤ) ਸੀ, ਜੋ ਅਸਲ ਸਾਲ ਦੀ ਲੰਬਾਈ ਤੋਂ ਲੱਗਭੱਗ 24 ਮਿੰਟ ਵੱਧ ਸੀ। ਸਾਲ ਦੀ ਲੰਬਾਈ ਵੱਧ ਹੋਣ ਕਾਰਨ 60 ਸਾਲ ਪਿਛੋਂ (1440/24=60) ਬਿਕ੍ਰਮੀ ਸਾਲ ਦਾ ਇਕ ਦਿਨ ਦਾ ਫਰਕ ਪੈ ਜਾਂਦਾ ਸੀ। 1964 ਈ: ਵਿੱਚ ਹਿੰਦੂ ਵਿਦਵਾਨਾਂ ਨੇ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਵਿੱਚ ਸੋਧ ਕਰਕੇ, ਇਸ ਨੂੰ 365.2563 ਦਿਨ ਕਰ ਦਿੱਤਾ ਸੀ। ਹੁਣ ਇਸ ਨੂੰ ਦ੍ਰਿਕਗਿਣਤ ਸਿਧਾਂਤ ਕਹਿੰਦੇ ਹਨ। ਹੁਣ ਵੀ ਇਹ ਲੰਬਾਈ ਲੱਗਭੱਗ 20 ਮਿੰਟ ਵੱਧ ਹੈ। ਇਸ ਕਾਰਨ ਹੁਣ (1440/20=72) ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਵੇਗਾ। ਜਿਸ ਕਾਰਨ ਬਿਕ੍ਰਮੀ ਕੈਲੰਡਰ ਵਿੱਚ ਰੁੱਤਾਂ ਸਥਿਰ ਨਹੀਂ ਰਹਿੰਦੀਆਂ। 1999 ਈ: ਵਿੱਚ ਸਿੱਖ ਵਿਦਵਾਨਾਂ ਨੇ ਸਾਲ ਦੀ ਲੰਬਾਈ ਵਿੱਚ ਸੋਧ ਕਰਕੇ 365.2425 ਦਿਨ ਕਰਕੇ ਨਾਨਕਸ਼ਾਹੀ ਕੈਲੰਡਰ ਬਣਾਇਆ ਸੀ। ਸਾਲ ਦੀ ਇਹ ਲੰਬਾਈ ਸੂਰਜ ਦੇ ਰੱਥ ਫਿਰਨ ਦੀ ਲੰਬਾਈ 365.2422 ਦਿਨਾਂ ਦੇ ਬਹੁਤ ਨੇੜੇ ਹੈ। ਇਸ ਮੁਤਾਬਕ ਹੁਣ ਲੱਗਭੱਗ 3200 ਸਾਲ ਪਿਛੋਂ ਇਕ ਦਿਨ ਦਾ ਫਰਕ ਪਵੇਗਾ। ਨਾਨਕਸ਼ਾਹੀ ਕੈਲੰਡਰ ਮੁਤਾਬਕ ਸੰਮਤ 530 ਨਾਨਕਸ਼ਾਹੀ (1999 ਈ:) ਵਿਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰਿਆ ਸੀ। ਸੰਮਤ 1030 ਨਾਨਕਸ਼ਾਹੀ (2499-2500 ਈ:) ਵਿਚ ਵੀ ਰੱਥ 7 ਹਾੜ ਨੂੰ ਫਿਰੇਗਾ ਅਤੇ ਸੰਮਤ 1530 ਨਾਨਕਸ਼ਾਹੀ (2999-3000 ਈ:) ਵਿੱਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰੇਗਾ।

ਦੁਨੀਆਂ ਦੇ ਸਾਂਝੇ ਕੈਲੰਡਰ (ਗਰੈਗੋਰੀਅਨ ਕੈਲੰਡਰ) ਦੇ ਸਾਲ ਦੀ ਲੰਬਾਈ ਵੀ ਸੂਰਜ ਦੇ ਰੱਥ ਫਿਰਨ ਦੇ ਮੁਤਾਬਕ ਹੀ ਹੈ। ਰੋਮ ਵਾਸੀਆਂ ਨੇ 1582 ਈ: ਵਿੱਚ ਜੂਲੀਅਨ ਕੈਲੰਡਰਦੇ ਸਾਲ ਦੀ ਲੰਬਾਈ (365।25 ਦਿਨ) ਵਿੱਚ ਸੋਧ ਕਰਕੇ 365।2425 ਦਿਨ ਈ: ਕਰ ਲਈ ਸੀ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੀ ਗੱਲ ਦੂਜੀਆਂ ਕੌਮਾਂ ਨੂੰ 16ਵੀਂ ਸਦੀ ਵਿੱਚ ਸਮਝ ਆ ਗਈ ਸੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ 21ਵੀਂ ਸਦੀ ਵਿੱਚ ਵੀ ਸਮਝ ਨਹੀਂ ਆ ਰਹੀ।

# ਅੱਖੀਂ ਡਿੱਠਾ ਖੰਨਾ ਦਾ ਰੇਲ ਹਾਦਸਾ ਅਤੇ ਪੰਜਾਬੀਆਂ ਦੀ ਨਿਸ਼ਕਾਮ ਸੇਵਾ



ਬਲਰਾਜ ਸਿੰਘ ਸਿੱਧੂ
ਕਮਾਂਡੈਂਟ ਪੰਡੋਰੀ ਸਿੱਧਵਾਂ
9501100062

ਕੁਝ ਦਿਨ ਪਹਿਲਾਂ ਉੜੀਸਾ ਵਿੱਚ ਹੋਏ ਰੇਲ ਹਾਦਸੇ ਵਿੱਚ 280 ਦੇ ਕਰੀਬ ਲੋਕ ਅਣਿਆਈ ਮੌਤ ਮਾਰੇ ਗਏ ਹਨ ਤੇ ਸੈਂਕੜੇ ਹੋਰ ਜ਼ਖਮੀ ਹੋਏ ਹਨ। ਸੋਸ਼ਲ ਮੀਡੀਆ ਵਿੱਚ ਕੁਝ ਵਿਚਲਿਤ ਕਰਨ ਵਾਲੇ ਵੀਡੀਉ ਘੁੰਮ ਰਹੇ ਹਨ, ਜਿਹਨਾਂ ਵਿੱਚ ਇਸ ਹਾਦਸੇ ਕਾਰਨ ਮਾਰੇ ਗਏ ਬਦਨਸੀਬਾਂ ਦੀਆਂ ਲਾਸ਼ਾਂ ਨੂੰ ਜਾਨਵਰਾਂ ਵਾਂਗ ਚੁੱਕ ਚੁੱਕ ਟੈਂਪੂਆਂ ਵਿੱਚ ਸੁੱਟਿਆ ਜਾ ਰਿਹਾ ਹੈ। ਜਦੋਂ ਵੀ ਮੈਂ ਕਦੇ ਰੇਲ ਹਾਦਸਿਆਂ ਬਾਰੇ ਪੜ੍ਹਦਾ ਹਾਂ ਤਾਂ ਮੈਨੂੰ 26 ਨਵੰਬਰ 1998 ਵਾਲੇ ਦਿਨ ਖੰਨੇ ਦੇ ਨਜ਼ਦੀਕ ਹੋਏ ਪੰਜਾਬ ਦੇ ਸਭ ਤੋਂ ਵੱਡੇ ਕੌੜੀ ਰੇਲ ਹਾਦਸੇ ਦੇ ਦ੍ਰਿਸ਼ ਯਾਦ ਆ ਜਾਂਦੇ ਹਨ। ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਐਨੀਆਂ ਲਾਸ਼ਾਂ ਅਤੇ ਜ਼ਖਮੀ ਨਹੀਂ ਵੇਖੇ ਤੇ ਨਾ ਹੀ ਅਜਿਹਾ ਭਿਆਨਕ ਹਾਦਸਾ ਵੇਖਿਆ ਹੈ। ਉਸ ਸਮੇਂ ਮੈਂ ਪਾਇਲ ਸਬ ਡਵੀਜ਼ਨ ਵਿੱਚ ਬਤੌਰ ਡੀਐਸਪੀ ਤਾਇਨਾਤ ਸੀ। ਇਹ ਹਾਦਸਾ ਸਵੇਰੇ ਤਿੰਨ ਵਜੇ ਦੇ ਕਰੀਬ ਹੋਇਆ ਸੀ ਤੇ ਪੁਲਿਸ, ਜੀ ਆਰ ਪੀ, ਰੇਲਵੇ ਅਧਿਕਾਰੀ ਅਤੇ ਸਿਵਲ ਪ੍ਰਸ਼ਾਸ਼ਨ ਸਿਰਫ ਅੱਧੇ ਪੌਣੇ ਘੰਟੇ ਵਿੱਚ ਹੀ ਮੌਕੇ 'ਤੇ ਪਹੁੰਚ ਗਏ ਸਨ। ਉਹ ਖੌਫਨਾਕ ਮੰਜ਼ਰ ਅੱਜ 25 ਸਾਲ ਬੀਤ ਜਾਣ ਤੋਂ ਬਾਅਦ ਵੀ ਉਸੇ ਤਰਾਂ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ। ਰੇਲ ਦੇ ਡੱਬੇ ਇਸ ਤਰਾਂ ਤਬਾਹ ਹੋਏ ਸਨ ਜਿਵੇਂ ਕਿਸੇ ਬੱਚੇ ਨੇ ਗੁੱਸੇ ਵਿੱਚ ਆ ਕੇ ਮਾਚਸ ਦੀ ਡੱਬੀ ਮਰੋੜੀ ਹੋਵੇ। ਇੱਕ ਟਰੇਨ ਦਾ ਇੰਜਣ ਦੂਸਰੀ ਟਰੇਨ ਦੇ ਡੱਬਿਆਂ ਨੂੰ ਤੋਪ ਦੇ ਗੋਲੇ ਵਾਂਗ ਪਾੜ ਕੇ ਵਿੱਚੋਂ ਦੀ ਲੰਘ ਗਿਆ ਸੀ। ਸੁੱਤੇ ਪਏ ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ ਹੋਣਾ ਕਿ ਮੌਤ ਨੇ ਉਹਨਾਂ ਨੂੰ ਆਪਣੇ ਖੂਨੀ ਪੰਜਿਆਂ ਵਿੱਚ ਜਕੜ ਲਿਆ ਹੈ।



ਇਹ ਹਾਦਸਾ ਮਨੁੱਖੀ ਗਲਤੀ ਕਾਰਨ ਸਿਆਲਦਾ ਐਕਸਪ੍ਰੈੱਸ ਦੇ ਫਰੰਟੀਅਰ ਮੇਲ ਦੇ ਲੀਹੋਂ ਲੱਥੇ ਤਿੰਨ ਡੱਬਿਆਂ ਨਾਲ ਟਕਰਾਉਣ ਕਾਰਨ ਹੋਇਆ ਸੀ। ਸਿਆਲਦਾ ਐਕਸਪ੍ਰੈੱਸ ਜੰਮੂ ਤੋਂ ਦਿੱਲੀ ਜਾ ਰਹੀ ਸੀ ਤੇ ਫਰੰਟੀਅਰ ਮੇਲ ਦਿੱਲੀ ਤੋਂ ਲੁਧਿਆਣਾ ਵੱਲ। ਖੰਨੇ ਤੋਂ ਪੰਜ ਕਿ।ਮੀ। ਦੂਰ ਕੌੜੀ ਪਿੰਡ ਦੇ ਨਜ਼ਦੀਕ ਫਰੰਟੀਅਰ ਮੇਲ ਦੇ ਤਿੰਨ ਡੱਬੇ ਠੀਕ ਤਰਾਂ ਨਾਲ ਨਾ ਜੋੜੇ ਹੋਣ ਕਾਰਨ ਟਰੇਨ ਤੋਂ ਵੱਖ ਹੋ ਕੇ ਸਿਆਲਦਾ ਐਕਸਪ੍ਰੈੱਸ ਵਾਲੀ ਪਟੜੀ 'ਤੇ ਜਾ ਡਿੱਗੇ ਸਨ। ਇਸ ਤੋਂ ਪਹਿਲਾਂ ਕਿ ਮੁਸਾਫਰ ਡੱਬਿਆਂ ਵਿੱਚੋਂ ਬਾਹਰ ਨਿਕਲ ਸਕਦੇ, 110 ਕਿਮੀ ਦੀ ਸਪੀਡ ਨਾਲ ਆ ਰਹੀ ਸਿਆਲਦਾ ਐਕਸਪ੍ਰੈੱਸ ਇਹਨਾਂ ਨਾਲ ਆ ਟਕਰਾਈ ਤੇ ਟਰੈਕ ਤੋਂ ਉੱਤਰ ਕੇ ਬੁਰੀ ਤਰਾਂ ਨਾਲ ਪਲਟੀਆਂ ਖਾ ਗਈ। ਸਿਆਲਦਾ ਦੇ ਚਾਰ ਅਤੇ ਫਰੰਟੀਅਰ ਦੇ ਤਿੰਨ ਡੱਬੇ ਪੂਰੀ ਤਰਾਂ ਤਬਾਹ ਹੋ ਗਏ ਸਨ। ਦੋਵਾਂ ਟਰੇਨਾਂ ਵਿੱਚ ਕਰੀਬ 2500 ਮੁਸਾਫਰ ਸਵਾਰ ਸਨ, ਜਿਹਨਾਂ ਵਿੱਚੋਂ 212 ਮਾਰੇ ਗਏ ਤੇ ਸੈਂਕੜੇ ਜ਼ਖਮੀ ਹੋ ਗਏ। ਹਾਦਸਾ ਐਨਾ ਜ਼ਬਰਦਸਤ ਸੀ ਕਿ ਸਿਆਲਦਾ ਦਾ ਇੰਜਣ ਟੀਨ ਦੇ ਡੱਬੇ ਵਾਂਗ ਮਰੁੰਡਿਆ ਗਿਆ ਸੀ ਤੇ ਡਰਾਈਵਰ ਦੀ ਲਾਸ਼ ਦੇ ਟੁਕੜੇ ਟੁਕੜੇ ਹੋ ਗਏ ਸਨ।

ਇਸ ਦਰਦਨਾਕ ਹਾਦਸੇ ਦਾ ਸਭ ਤੋਂ ਵਰਨਣਯੋਗ ਪੱਖ ਇਸ ਦੁੱਖ ਦੀ ਘੜੀ ਵਿੱਚ ਪੰਜਾਬੀਆਂ ਵੱਲੋਂ ਵਿਖਾਈ ਗਈ ਮਿਸਾਲੀ ਤੇ ਗਾਥਾਮਈ ਸੇਵਾ ਭਾਵਨਾ ਸੀ। ਹਾਦਸੇ ਵਾਲੀ ਜਗ੍ਹਾ ਖੇਤਾਂ ਵਿੱਚ ਹੋਣ ਕਾਰਨ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ। ਸਾਰੇ ਪਾਸੇ ਜ਼ਖਮੀਆਂ ਦਾ ਚੀਕ ਚਿਹਾੜਾ ਪਿਆ ਹੋਇਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਪਰ ਖਬਰ ਫੈਲਦੇ ਸਾਰ ਦੂਰ ਨੇੜੇ ਦੇ ਪਿੰਡਾਂ ਅਤੇ ਖੰਨੇ ਤੋਂ ਸੈਂਕੜੇ ਲੋਕ ਫੌਰਨ ਮਦਦ ਲਈ ਪਹੁੰਚ ਗਏ। ਰੌਸ਼ਨੀ ਦਾ ਪ੍ਰਬੰਧ ਕਰਨ ਲਈ ਕਿਸਾਨਾਂ ਨੇ ਹਾਦਸੇ ਵਾਲੀ ਥਾਂ ਦੇ ਦੋਵੇਂ ਪਾਸੇ ਦਰਜ਼ਨਾਂ ਟਰੈਕਟਰ ਖੜੇ ਕਰ ਦਿੱਤੇ ਤੇ ਉਹਨਾਂ ਦੀਆਂ ਲਾਈਟਾਂ ਜਗਾ ਕੇ ਦਿਨ ਚੜ੍ਹਾ ਦਿੱਤਾ। ਕਿਸੇ ਨੇ ਡੀਜ਼ਲ ਦੀਪ੍ਰਵਾਹ ਨਾ ਕੀਤੀ ਤੇ ਨਾ ਹੀ ਪ੍ਰਸ਼ਾਸ਼ਨ ਕੋਲੋਂ ਮੰਗਿਆ। ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਦਾਨਵੀਰਾਂ ਨੇ ਸੈਂਕੜੇ ਸਟਰੇਚਰ, ਮੰਜੀਆਂ, ਕੰਬਲ ਅਤੇ ਦਵਾਈਆਂ ਪੱਟੀਆਂ ਆਦਿ ਜਰੂਰੀ ਵਸਤਾਂ ਮੌਕੇ 'ਤੇ ਪਹੁੰਚਾ ਦਿੱਤੀਆਂ ਸਨ। ਕਿਸੇ ਵੀ ਵਸਤੂ ਲਈ ਅਧਿਕਾਰੀ ਇੱਕ ਅਵਾਜ਼ ਮਾਰਦੇ ਤਾਂ ਸੌ ਬੰਦਾ ਹਾਜ਼ਰ ਹੋ ਜਾਂਦਾ ਸੀ। ਸੈਂਕੜੇ ਲੋਕ ਸਰਕਾਰੀ ਹਸਪਤਾਲ ਵਿੱਚ ਖੂਨ ਦਾਨ ਕਰਨ ਲਈ ਪਹੁੰਚ ਗਏ ਸਨ। ਰਾਤ ਤੋਂ ਹੀ ਚਾਹ ਪ੍ਰਸ਼ਾਦਿਆਂ ਦਾ ਲੰਗਰ ਚਾਲੂ ਹੋ ਗਿਆ ਸੀ ਤੇ ਲੋਕਾਂ ਨੇ ਪੀੜਤਾਂ ਦੇ ਵਾਰਸਾਂ ਦੇ ਰਹਿਣ ਦਾ ਪ੍ਰਬੰਧ ਕਰਨ ਲਈ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ।

ਜਦੋਂ ਦਿੱਲੀ ਤੋਂ ਰੇਲਵੇ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਲੋਕਾਂ ਵੱਲੋਂ ਕੀਤੇ ਪ੍ਰਬੰਧ ਵੇਖ ਕੇ ਉਹਨਾਂ ਦੀਆਂ ਅੱਖਾਂ ਭਰ ਆਈਆਂ। ਇੱਕ ਅਫਸਰ ਨੇ ਦੱਸਿਆ ਕਿ ਕਈ ਸੂਬੇ ਤਾਂ ਅਜਿਹੇ ਹਨ, ਜਿੱਥੇ ਜੇ ਐਕਸੀਡੈਂਟ ਹੋ ਜਾਵੇ ਤਾਂ ਲੋਕ ਮਦਦ ਕਰਨ ਦੀ ਬਜਾਏ ਮ੍ਰਿਤਕਾਂ ਅਤੇ ਜ਼ਖਮੀਆਂ ਦਾ ਸਮਾਨ ਲੁੱਟਣਾ ਸ਼ੁਰੂ ਕਰ ਦੇਂਦੇ ਹਨ। ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਸਭ ਤੋਂ ਵੱਡੀ ਮੁਸ਼ਕਿਲ ਲਾਸ਼ਾਂ ਨੂੰ ਉਹਨਾਂ ਦੇ ਪਤੇ ਟਿਕਾਣਿਆਂ 'ਤੇ ਪਹੁੰਚਾਉਣ ਵਿੱਚ ਆਈ ਸੀ। ਮ੍ਰਿਤਕਾਂ ਦੇ ਸਾਰੇ ਵਾਰਸ ਐਨੇ ਅਮੀਰ ਨਹੀਂ ਸਨ ਕਿ ਦਿੱਲੀ ਦੱਖਣ ਤੱਕ ਕਿਰਾਏ ਦੀਆਂ ਗੱਡੀਆਂ ਕਰ ਸਕਦੇ। ਇਥੇ ਫਿਰ ਪੰਜਾਬੀਆਂ ਦੀ ਭਾਈ ਘਨੱਈਆ ਜੀ ਵਾਲੀ ਸੇਵਾ ਭਾਵਨਾ ਸਾਹਮਣੇ ਆਈ। ਖੰਨੇ ਦੇ ਦਾਨੀਆਂ ਨੇ ਭਾਰਤ ਦੇ ਹਰ ਕੋਨੇ ਵਿੱਚ ਲਾਸ਼ਾਂ ਪਹੁੰਚਾਉਣ ਲਈ ਆਪਣੇ ਖਰਚੇ 'ਤੇ ਟੈਕਸੀਆਂ ਕਰ ਕੇ ਦਿੱਤੀਆਂ ਤੇ ਗਰੀਬ ਵਾਰਸਾਂ ਨੂੰ ਰਸਤੇ ਦੇ ਖਰਚੇ ਵਾਸਤੇ ਪੈਸੇ ਵੀ ਦਿੱਤੇ।

ਇਸ ਦੌਰਾਨ ਇੱਕ ਬੇਹੱਦ ਘਟੀਆ ਹਰਕਤ ਵੀ ਵਾਪਰੀ ਸੀ। ਜਦੋਂ ਸਾਰੇ ਲੋਕ ਨਿਰਸਵਾਰਥ ਭਾਵਨਾ ਨਾਲ ਬਚਾਅ ਕਾਰਜਾਂ ਵਿੱਚ ਲੱਗੇ ਹੋਏ ਸਨ, ਇੱਕ ਸਰਕਾਰੀ ਕਰਮਚਾਰੀ ਮ੍ਰਿਤਕਾਂ ਦੇ ਗਹਿਣੇ ਅਤੇ ਪੈਸੇ ਚੋਰੀ ਕਰਦਾ ਹੋਇਆ ਰੈੱਡ ਕਰਾਸ ਵਾਲਿਆਂ ਨੇ ਰੰਗੇ ਹੱਥੀਂ ਪਕੜ ਲਿਆ। ਉਸ ਦੀ ਘਟੀਆ ਹਰਕਤ ਕਾਰਨ ਲੋਕਾਂ ਨੇ ਉਸ ਨੂੰ ਰੱਜ ਕੇ ਲਾਹਨਤਾਂ ਪਾਈਆਂ ਤੇ ਕੁੱਟ ਮਾਰ ਕੇ ਉਥੋਂ ਭਜਾ ਦਿੱਤਾ।

ਹੁਣ ਵੀ ਜਦੋਂ ਕਿਸੇ ਰੇਲ ਹਾਦਸੇ ਦੀ ਖਬਰ ਆਉਂਦੀ ਹੈ ਤਾਂ ਮਨ ਉਦਾਸ ਹੋ ਜਾਂਦਾ ਹੈ। ਇਨਸਾਨੀ ਗਲਤੀ ਤੇ ਅਣਗਹਿਲੀ ਕਾਰਨ ਪੂਰੇ ਦੇ ਪੂਰੇ ਪਰਿਵਾਰ ਖਤਮ ਹੋ ਜਾਂਦੇ ਹਨ। ਪਰ ਵਾਰ ਵਾਰ ਹੋ ਰਹੇ ਹਾਦਸਿਆਂ ਦੇ ਬਾਵਜੂਦ ਵੀ ਪਹਿਲਾਂ ਵਾਲੀਆਂ ਗਲਤੀਆਂ ਸੁਧਾਰੀਆਂ ਨਹੀਂ ਜਾ ਰਹੀਆਂ। ਹਾਦਸਿਆਂ ਤੋਂ ਬਾਅਦ ਕੀਤੀਆਂ ਪੜਤਾਲਾਂ ਵਿੱਚ ਭ੍ਰਿਸ਼ਟ, ਨਾਅਹਿਲ ਅਤੇ ਕੰਮਚੋਰ ਸਰਕਾਰੀ ਅਧਿਕਾਰੀਆਂ ਦੀਆਂ ਗਲਤੀਆਂ ਸਾਹਮਣੇ ਆਉਂਦੀਆਂ ਹਨ। ਪਰ ਕੀ ਫਾਇਦਾ, ਮਰਨ ਵਾਲੇ ਤਾਂ ਵਾਪਸ ਨਹੀਂ ਆਉਣੇ।

ਇਸ ਲਈ ਚਾਹੀਦਾ ਹੈ ਕਿ ਹਰ ਪੱਧਰ 'ਤੇ ਰੇਲਵੇ ਸਿਸਟਮ ਵਿੱਚ ਸੁਧਾਰ ਲਿਆਦਾ ਜਾਵੇ ਤਾਂ ਜੋ ਅੱਗੇ ਤੋਂ ਅਜਿਹੇ ਹਾਦਸੇ ਨਾ ਵਾਪਰਨ। ਕਿਸੇ ਮੰਤਰੀ ਜਾਂ ਉੱਚ ਅਧਿਕਾਰੀ ਦੇ ਅਸਤੀਫਾ ਦੇਣ ਜਾਂ ਬਰਖਾਸਤ ਕਰਨ ਨਾਲ ਕੋਈ ਫਰਕ ਪੈਣਾ।

## ਸ਼ੇਰ-ਏ-ਪੰਜਾਬ ਮਹਾਂਬਲੀ ਰਣਜੀਤ ਸਿੰਘ ਦੀ 184ਵੀਂ ਬਰਸੀ 'ਤੇ ਵਿਸ਼ੇਸ਼

# 'ਸਰਕਾਰ-ਏ-ਖ਼ਾਲਸਾ ਦਾ ਪਾਂਡੀ ਪਾਤਸ਼ਾਹ'



ਪ੍ਰੋ: ਐਚ.ਐਲ.ਕਪੂਰ

**ਸ਼ੇਰ-**ਏ-ਪੰਜਾਬ, ਮਹਾਰਾਜਾ ਰਣਜੀਤ ਸਿੰਘ ਜੀ ਸੰਸਾਰ ਦੇ ਇਤਿਹਾਸ 'ਚ ਇਕ ਅਜਿਹਾ ਚਮਕਦਾ ਸਿਤਾਰਾ ਹੈ ਜਿਸ ਨੂੰ ਇਤਿਹਾਸਕਾਰ ਅਲੱਗ-ਅਲੱਗ ਸੰਗਿਆਵਾਂ ਨਾਲ ਯਾਦ ਕਰਦੇ ਹਨ। ਕੋਈ ਉਹਨਾਂ ਨੂੰ, ਉਹਨਾਂ ਦੀ ਬਹਾਦਰੀ ਕਰਕੇ ਸ਼ੇਰ-ਏ-ਪੰਜਾਬ, ਕੋਈ ਸਿੱਖ ਰਾਜ ਦਾ ਉਸਰਈਆ, ਕੋਈ ਪਾਂਡੀ ਪਾਤਸ਼ਾਹ, ਕੋਈ ਮਹਾਰਾਜਾ, ਸਰਦਾਰ ਜਾਂ ਸਿੰਘ ਸਾਹਿਬ, ਕੋਈ ਮਰਦ-ਏ-ਮੁਜਾਹਿਦ, ਕੋਈ ਇਕ ਧਰਮ ਨਿਰਪੱਖ ਰਾਜਾ, ਕੋਈ ਸਰਕਾਰ-ਏ-ਖ਼ਾਲਸਾ ਤੇ ਕੋਈ ਉਨ੍ਹਾਂ ਨੂੰ ਸਾਰੇ ਧਰਮਾਂ ਦਾ ਸਾਂਝਾ ਬਾਦਸ਼ਾਹ ਕਹਿੰਦਾ ਹੈ। ਇਹ ਇੰਨੇ ਨਾਮ ਉਹਨਾਂ ਨੂੰ ਉਹਨਾਂ ਦੀ ਇਮਾਨਦਾਰੀ ਤੇ ਨੇਕ-ਨੀਅਤੀ ਦੇ ਕਾਰਨਾਮਿਆਂ ਕਾਰਨ ਦਿੱਤੇ ਗਏ ਹ ਨ। ਉਹਨਾਂ ਨੇ ਪੰਜਾਬ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ 'ਤੇ ਦੂਰ-ਦੂਰ ਤੱਕ, ਇਕ ਅਜਿਹਾ ਵਿਸ਼ਾਲ ਧਰਮ ਨਿਰਪੱਖ, ਸ਼ਕਤੀਸ਼ਾਲੀ, ਇਨਸਾਫ ਪਸੰਦ, ਸਰਬ-ਸਾਂਝੀਵਾਲਤਾ ਦੇ ਮੁਦਈ ਤੇ ਇਕ ਗੁਰਮਤਿ ਦੇ ਧਾਰਨੀ ਸੱਚੇ-ਸੁੱਚੇ ਸਿੱਖ ਤੇ ਤੀਖਣ ਬੁੱਧੀ ਦੇ ਮਾਲਕ ਵਜੋਂ ਰਾਜ ਕੀਤਾ। ਸੰਸਾਰ ਪ੍ਰਸਿੱਧ ਸੈਲਾਨੀ 'ਬੈਰਨ ਦੀ ਹੀਊਗਲ' ਆਪਣੀ ਪ੍ਰਸਿੱਧ ਪੁਸਤਕ 'ਟਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ' 'ਚ ਲਿਖਦਾ ਹੈ:-

"ਜੋ ਸਲਤਨਤ ਰਣਜੀਤ ਸਿੰਘ ਨੇ ਇਕ ਨਿਪੁੰਨ ਕਾਰੀਗਰ ਵਾਂਗ ਬਹੁਤ ਸਾਰੇ ਖਿੰਡਰੇ ਟੋਟਿਆਂ ਨੂੰ ਜੋੜ ਕੇ ਸਥਾਪਤ ਕੀਤੀ, ਉਹ ਬੇਮਿਸਾਲ ਹੈ। ਉਹ ਮੈਨੂੰ ਵਰਤਮਾਨ ਸੰਸਾਰ ਦੀ ਸਭ ਤੋਂ ਅਦੁੱਤੀ ਸ਼ਖਸੀਅਤ ਪ੍ਰਤੀਤ ਹੋਈ ਹੈ।'' ਇਕ ਹੋਰ ਪ੍ਰਸਿੱਧ ਇਤਿਹਾਸਕਾਰ ਸਰ ਲੈਪਲ ਗ੍ਰਿਫਨ ਮਹਾਰਾਜਾ ਰਣਜੀਤ ਸਿੰਘ ਦੀ ਮੌਤ 27 ਜੂਨ 1839 ਕਰੀਬ 50 ਸਾਲ ਬਾਅਦ ਲਿਖਦਾ ਹੈ: "ਭਾਵੇਂ ਉਸ ਨੂੰ ਮੋਇਆ ਅੱਧੀ ਸਦੀ ਗੁਜ਼ਰ ਚੁੱਕੀ ਹੈ ਪਰ ਉਸ ਦੀ ਤਸਵੀਰ ਅੱਜ ਵੀ ਹਰ ਗੜ੍ਹੀ ਅਤੇ ਘਰ 'ਚ ਮੌਜੂਦ ਹੈ ਅਤੇ ਉਸ ਦਾ ਨਾਮ ਪ੍ਰਾਂਤ ਦੇ ਹਰ ਘਰ 'ਚ ਹਰਮਨ ਪਿਆਰਾ ਹੈ।'' ਦਰਅਸਲ ਇਸ 'ਚ ਕੋਈ ਅਤਿਕਥਨੀ ਨਹੀਂ ਹੈ ਕਿਉਂਕਿ ਰਣਜੀਤ ਸਿੰਘ ਨੇ ਇਕ ਛੋਟੀ ਜਿਹੀ ਸਾਧਾਰਨ ਸੁੱਕਰਚੱਕੀਆ ਮਿਸਲ 'ਚੋਂ ਉਠ ਕੇ ਇਕ ਵਿਸ਼ਾਲ ਸਲਤਨਤ ਦਾ ਆਯੋਜਨ ਕੀਤਾ। ਇਸ ਲਈ ਹੀ ਤਾਂ ਸ਼ਾਹ ਮੁਹੰਮਦ ਆਪਣੇ ਕਿੱਸੇ 'ਚ ਲਿਖਦਾ ਹੈ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲੱਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਲ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 'ਚ ਸੁੱਕਰਚੱਕੀਆ ਮਿਸਲ ਦੇ ਮੁਖੀ ਸਰਦਾਰ ਮਹਾਂ ਸਿੰਘ ਦੇ ਘਰ ਮਾਤਾ ਸ੍ਰੀਮਤੀ ਰਾਜ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਦਾਦਾ ਦਾ ਨਾਮ ਸਰਦਾਰ ਚੜ੍ਹਤ ਸਿੰਘ ਸੀ। ਜਦੋਂ ਉਹ ਅਜੇ 12 ਸਾਲ ਦੇ ਹੀ ਸਨ ਤਾਂ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਸੋ, ਇਸ ਖਿਆਲ ਨੂੰ ਹੀ ਮੁੱਖ ਰੱਖ ਕੇ ਉਹ ਮੋਟੇ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ 50 ਸਾਲ ਗਿਣਦਾ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਕੱਦ ਕੋਈ ਜ਼ਿਆਦਾ ਲੰਮਾ ਨਹੀਂ ਸੀ। ਉਹ ਇਕ ਦਰਮਿਆਨੇ ਜਿਹੇ ਕੱਦ ਦੇ ਵਿਅਕਤੀ ਸਨ। ਉਨ੍ਹਾਂ ਦਾ ਸਰੀਰ ਬੜਾ ਤੰਦਰੁਸਤ ਤੇ ਰਿਸ਼ਟ-ਪੁਸ਼ਟ ਸੀ। ਬਚਪਨ 'ਚ ਉਨ੍ਹਾਂ ਨੂੰ ਚੇਚਕ ਦੀ ਬਿਮਾਰੀ ਹੋ ਗਈ ਸੀ, ਜਿਸ ਕਾਰਨ ਉਨ੍ਹਾਂ ਦੀ ਇਕ ਅੱਖ ਦੀ ਜੋਤੀ ਪੂਰੀ ਤਰ੍ਹਾਂ ਚਲੀ ਗਈ ਸੀ ਤੇ ਦੂਸਰੀ ਅੱਖ ਬੜੀ ਤੰਦਰੁਸਤ ਤੇ ਦੇਖਣ 'ਚ ਬੜੀ ਮੋਟੀ ਲੱਗਦੀ ਸੀ। ਚਿਹਰੇ 'ਤੇ ਮਾਤਾ ਦੇ ਦਾਗ ਹੋਣ ਕਾਰਨ ਫਿਰ ਵੀ ਪੂਰੀ ਤਰ੍ਹਾਂ ਲਾਲ ਤੇ ਦਗ-ਦਗ ਕਰਦਾ ਸੀ ਤੇ ਚਿਹਰੇ 'ਤੇ ਜਲਾਲ ਪੂਰਾ ਸੀ। ਉਹਨਾਂ ਦੀ ਦਾੜ੍ਹੀ ਦੁੱਧ ਚਿੱਟੀ ਤੇ ਧੁੰਨੀ ਤੱਕ ਲੰਬੀ ਸੀ। ਉਨ੍ਹਾਂ ਦੇ ਹੱਥਾਂ 'ਚ ਸ਼ੇਰ ਦੇ ਪੰਜਿਆਂ ਦੀ ਤਰ੍ਹਾਂ ਬੜੀ ਮਜ਼ਬੂਤੀ ਸੀ। ਉਨ੍ਹਾਂ ਦੀ ਜਬਾਨ 'ਚ ਬੜੀ ਰਵਾਨਗੀ ਤੇ ਦਮ ਸੀ। ਉਹ ਬੜੀ ਜੁਰਅਤ ਨਾਲ ਗੱਲ ਕਰਦੇ ਸਨ ਤੇ ਆਪਣੇ ਬੜੇ ਸਰਲ ਤੇ ਥੋੜ੍ਹੇ ਲਫ਼ਜ਼ਾਂ 'ਚ ਆਪਣੀ ਗੱਲ ਬੜੇ ਭਾਵਪੂਰਤ ਤਰੀਕੇ ਨਾਲ ਕਹਿਣ ਦੀ ਸਮਰੱਥਾ ਰੱਖਦੇ ਸਨ। ਉਹ ਭਾਵੇਂ ਅਨਪੜ੍ਹ ਸਨ ਤੇ ਉਨ੍ਹਾਂ ਨੇ ਕਦੀ ਕਿਸੇ ਸਕੂਲ ਦਾ ਮੂੰਹ ਨਹੀਂ ਦੇਖਿਆ ਸੀ ਫਿਰ ਵੀ ਉਨ੍ਹਾਂ ਦੀ ਆਮ ਸੂਝ-ਬੂਝ (ਕਾਮਨ ਸੈਂਸ) ਦਾ ਪੱਧਰ ਬੜੇ ਕਮਾਲ ਦਾ ਸੀ ਤੇ ਉਹ ਪੰਜਾਬੀ, ਹਿੰਦੀ, ਉਰਦੂ ਤੇ ਫਾਰਸੀ ਦਾ ਪੂਰਾ ਗਿਆਨ ਰੱਖਦੇ ਸਨ। ਉਹ ਫਾਰਸੀ 'ਚ ਆਪਣੇ ਸਕੱਤਰਾਂ ਨੂੰ ਪੱਤਰ ਆਪ ਲਿਖਾਉਂਦਾ ਸੀ। ਉਨ੍ਹਾਂ ਦੀ ਸ਼ਖਸੀਅਤ ਦਾ ਇੰਨਾ ਪ੍ਰਭਾਵ ਸੀ ਕਿ ਕੋਈ ਵੀ ਦਰਬਾਰੀ ਉਨ੍ਹਾਂ ਵੱਲ ਅੱਖ ਪੁੱਟ ਕੇ ਦੇਖਣ ਦੀ ਜੁਰਅਤ ਨਹੀਂ ਕਰਦਾ ਸੀ ਤੇ ਉਨ੍ਹਾਂ ਦੇ ਚਿਹਰੇ ਤੋਂ ਨਿਕਲਦੀਆਂ ਕਿਰਨਾਂ, ਉਸ ਦੀ ਬਾਂਹ ਉੱਤੇ ਬੰਨ੍ਹੇ ਕੋਹੇਨੂਰ ਹੀਰੇ ਦੀਆਂ ਰਿਸ਼ਮਾਂ ਤੋਂ ਘੱਟ ਚਮਕੀਲੀਆਂ ਨਹੀਂ ਸਨ। ਇਕ ਵਾਰ ਜਦ ਲਾਰਡ ਵਿਲੀਅਮ ਬੈਂਟਿੰਕ ਦੇ ਇਕ ਅਫਸਰ ਨੇ ਫਕੀਰ ਅਜ਼ੀਜ਼ੁਦੀਨ ਨੂੰ ਪੁੱਛਿਆ ਕਿ ਮਹਾਰਾਜੇ ਦੀ ਕਿਹੜੀ ਅੱਖ ਕਾਣੀ ਹੈ ਤਾਂ ਉਸ ਦਾ ਉੱਤਰ ਸੀ ਕਿ ਉਹਨਾਂ ਦੇ ਚਿਹਰੇ ਦਾ ਜਲਾਲ ਇੰਨਾ ਤੇਜੱਸਵੀ ਹੈ ਕਿ ਮੈਂ ਕਦੇ ਵੀ ਉਹਨਾਂ ਦੇ ਚਿਹਰੇ ਨੂੰ ਆਪਣਾ ਮੂੰਹ ਉਪਰ ਚੁੱਕ ਕੇ ਦੇਖਣ ਦਾ ਹੌਸਲਾ ਹੀ ਨਹੀਂ ਕੀਤਾ। ਇਸੇ ਹੀ ਤਰ੍ਹਾਂ ਪ੍ਰਸਿੱਧ ਇਤਿਹਾਸਕਾਰ ਗ੍ਰੀਫ਼ਨ ਲਿਖਦਾ ਹੈ ਕਿ: "ਕੋਈ ਵੀ ਪੰਜਾਬ ਦੀ ਯਾਤਰਾ ਕਰਨ ਆਇਆ ਸੈਲਾਨੀ ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿੰਦਾ।'' ਉਸ ਦੇ ਚਿਹਰੇ 'ਤੇ ਟਪਕਦਾ ਜਲਾਲ, ਉਸ ਦੀ ਸੂਰਬੀਰਤਾ ਦਲੇਰੀ ਤੇ ਉੱਚੀ ਸੂਝ-ਬੂਝ ਦਾ ਪ੍ਰਗਟਾ ਨਜ਼ਰ ਆਉਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੂੰ ਹਰ ਕੰਮ ਨਿਸ਼ਚਿਤ ਸਮੇਂ ਤੇ ਕਰਨ ਦੀ ਆਦਤ ਸੀ। ਉਹ ਸਵੇਰ ਵੇਲੇ ਸਿਰ ਉੱਠਦੇ ਤੇ ਆਪਣੀ ਰੋਜ਼ਾਨਾ ਦੀ ਆਦਤ ਅਨੁਸਾਰ ਸੈਰ ਕਰਨ ਜਾਂਦੇ। ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਉਹ ਰੋਜ਼ਾਨਾ ਵਾਕ ਸੁਣਦੇ ਤੇ ਆਪਣਾ ਨਾਸ਼ਤਾ ਉਸ ਤੋਂ ਬਾਅਦ 'ਚ ਕਰਦੇ। ਉਸ ਤੋਂ ਬਾਅਦ ਆਪਣਾ ਦਰਬਾਰ ਲਾ ਕੇ ਆਪਣੇ ਵਿਭਾਗਾਂ ਦੇ ਕਰਮਚਾਰੀਆਂ ਤੋਂ ਰਿਪੋਰਟਾਂ ਸੁਣਦਾ, ਲੋਕਾਂ ਦੀਆਂ ਸ਼ਿਕਾਇਤਾਂ ਸੁਣਦਾ ਤੇ ਉਹਨਾਂ ਦੇ ਫੈਸਲੇ ਕਰਦਾ। ਖਾਣਾ ਹਮੇਸ਼ਾ ਸਮੇਂ ਸਿਰ ਖਾਂਦਾ ਤੇ ਉਸ ਤੋਂ ਉਪਰੰਤ ਕੁਝ ਪਲਾਂ ਲਈ ਆਰਾਮ ਵੀ ਕਰਦਾ। ਸ਼ਾਮ ਨੂੰ ਵੀ ਰੋਜ਼ਾਨਾ ਸੈਰ ਕਰਨ ਲਈ ਜਾਂਦਾ। ਲੋਕਾਂ ਨਾਲ ਨੇੜਤਾ ਪੈਦਾ ਕਰਨ ਲਈ, ਆਪਣੇ ਦਰਬਾਰੀਆਂ ਤੋਂ ਰੋਜ਼ ਖ਼ਬਰਾਂ ਸੁਣਦਾ। ਪਰਜਾ ਦੇ ਦੁੱਖ-ਸੁੱਖ ਜਾਨਣ ਲਈ ਉਹ ਭੇਸ ਬਦਲ ਕੇ ਆਮ ਲੋਕਾਂ 'ਚ ਵਿਚਰਦਾ ਤੇ ਉਹਨਾਂ ਨੂੰ ਨੇੜਿਉਂ ਹੋ ਕੇ ਦੇਖਦਾ ਤੇ ਸੁਣਦਾ। ਉਹ ਸਾਦਾ ਕੱਪੜੇ ਪਹਿਨਦਾ ਤੇ ਤਖਤ 'ਤੇ ਬੈਠਣ ਦੀ ਬਜਾਏ ਉਹ ਚਾਂਦੀ ਦੀ ਕੁਰਸੀ ਤੇ ਬੈਠਦਾ। ਇਸ ਤਰ੍ਹਾਂ ਉਹ ਇਕ ਮਹਾਰਾਜੇ ਤੋਂ ਪਾਂਡੀ ਪਾਤਸ਼ਾਹ ਵੀ ਬਣ ਜਾਂਦਾ।



ਵਿਕਟਰ ਜੈਕੋਮੋਂਟ ਜੋ ਮਹਾਰਾਜੇ ਨੂੰ ਬਹੁਤ ਵਾਰ ਮਿਲਿਆ, ਲਿਖਦਾ ਹੈ ਕਿ ''ਮੈਂ ਆਪਣੀ ਯਾਤਰਾ ਦੌਰਾਨ ਜਿੰਨੇ ਵੀ ਭਾਰਤੀ ਰਾਜੇ ਦੇਖੇ, ਉਨ੍ਹਾਂ 'ਚੋਂ ਸ਼ੇਰੇ-ਪੰਜਾਬ ਸਭ ਤੋਂ ਵੱਧ ਸਿਆਣਾ ਅਤੇ ਚਤੁਰ ਸੀ। ਗੱਲਬਾਤ ਸਮੇਂ ਉਹ ਅਨੇਕਾਂ ਪ੍ਰਸ਼ਨ ਪੁੱਛਦਾ, ਮੇਰੇ ਤੋਂ ਹਿੰਦੁਸਤਾਨ, ਇੰਗਲਿਸਤਾਨ, ਅੰਗਰੇਜ਼ੀ ਫੌਜ ਦੀ ਗਿਣਤੀ, ਨੈਪੋਲੀਅਨ ਦਾ ਹਾਲ, ਸਵਰਗ, ਪ੍ਰਮਾਤਮਾ ਅਤੇ ਹੋਰ ਕਈ ਵਿਸ਼ਿਆਂ ਬਾਰੇ ਸਵਾਲ ਪੁੱਛਦਾ। ਉਸ ਦੀ ਯਾਦ ਸ਼ਕਤੀ ਬਹੁਤ ਵਿਸ਼ਾਲ ਸੀ ਕਿ ਉਹ ਆਪਣੇ ਰਾਜ ਦੇ 10-12 ਹਜ਼ਾਰ ਪਿੰਡਾਂ ਦੇ ਨਾਂ, ਸਥਿਤੀ ਅਤੇ ਇਤਿਹਾਸ ਦੱਸ ਸਕਦਾ ਸੀ। ਉਹ ਹਮੇਸ਼ਾ ਸ਼ੇਰ ਸ਼ਾਹ ਸੂਰੀ ਵਾਂਗ ਚੁਸਤ-ਦਰੁਸਤ ਤੇ ਰੁੱਝਾ ਹੋਇਆ ਰਹਿੰਦਾ ਸੀ ਤੇ ਆਪਣੀ ਜਨਤਾ ਲਈ ਆਪਣੇ ਕਰਤਵਾਂ ਨੂੰ ਆਪਣੀ ਪੂਰੀ ਤਨਦੇਹੀ ਨਾਲ ਨਿਭਾਉਂਦਾ ਸੀ। ਉਹ ਆਪਣੇ ਵਚਨਾਂ ਦਾ ਬੜਾ ਪੱਕਾ ਸੀ ਤੇ ਲੋਕਾਂ ਨਾਲ ਕੀਤੇ ਵਚਨਾਂ ਨੂੰ ਬਖ਼ੂਬੀ ਨਿਭਾਉਂਦਾ ਸੀ। ਉਸ ਨੂੰ ਸਧਾਰਨ ਗੱਲਾਂ ਤੋਂ ਲੈ ਕੇ ਰਾਜ ਪ੍ਰਬੰਧ ਤੱਕ ਦੇ ਗੰਭੀਰ ਮਸਲਿਆਂ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਹੁੰਦੀ ਸੀ। ਉਸ ਦੀ ਯੋਗਤਾ, ਤੀਖਣ ਬੁੱਧੀ ਤੇ ਫੁਰਤੀ ਦੇਖ ਕੇ ਕਈ ਵਿਦੇਸ਼ੀ ਸੈਲਾਨੀ ਹੈਰਾਨ ਰਹਿ ਜਾਂਦੇ ਸਨ। ਉਹ ਬੜਾ ਰਹਿਮ ਦਿਲ, ਲੋੜਵੰਦਾਂ ਦਾ ਮਦਦਗਾਰ ਤੇ ਲੋਕਾਂ ਨਾਲ ਪਿਆਰ ਕਰਨ ਵਾਲਾ, ਉਨ੍ਹਾਂ ਦਾ ਪਰਜਾ ਪਾਲਕ ਬਣ ਕੇ ਸੇਵਾ ਭਾਵਨਾ ਦੀ ਰੁਚੀ ਰੱਖਦਾ ਸੀ।

ਉਹ ਇਕ ਕਮਾਲ ਦਾ ਯੋਧਾ ਸੀ, ਇਕ ਮਹਾਨ ਜਰਨੈਲ, ਨਿਆਂਕਾਰੀ ਸ਼ਾਸਕ ਤੇ ਬੜਾ ਨਿਪੁੰਨ ਰਾਜ ਪ੍ਰਬੰਧਕ ਸੀ। ਉਹ ਸੂਝਵਾਨ ਵਿਅਕਤੀਆਂ ਦਾ ਬੜਾ ਕਦਰਦਾਨ ਸੀ। ਉਹਨਾਂ ਨੂੰ ਵਧੀਆ ਨਸਲ ਦੇ ਘੋੜੇ ਰੱਖਣ ਦਾ ਬੜਾ ਸ਼ੌਕ ਸੀ। ਜ਼ਮੀਨ ਦੇ ਮਾਲ ਮਹਿਕਮੇ ਦਾ ਸੁਧਾਰ ਕਰਨਾ, ਉਹਨਾਂ ਦੀ ਇਕ ਵੱਡੀ ਸਿਆਣਪਤ ਦੀ ਨਿਸ਼ਾਨੀ ਆਖੀ ਜਾ ਸਕਦੀ ਹੈ। ਉਹ ਹਮੇਸ਼ਾ ਆਪਣੇ ਦਿਮਾਗੀ ਸੰਤੁਲਨ ਨੂੰ ਬਣਾਈ ਰੱਖਦਾ ਸੀ, ਮਾਨੋਂ ਇਹ ਉਸ ਦੀ ਇਕ ਆਦਤ ਹੀ ਬਣ ਗਈ ਸੀ। ਇਹ ਆਦਤ ਉਸ ਦੀ ਵੱਡੇ ਤੋਂ ਵੱਡੇ ਫੈਸਲੇ ਲੈਣ 'ਚ ਬੜੀ ਮਦ-ਦਗਾਰ ਸਾਬਤ ਹੁੰਦੀ ਸੀ। ਅੰਗਰੇਜ਼ ਸਰਕਾਰ ਨਾਲ ਦਰਿਆ ਸਤਲੁਜ 'ਤੇ ਸੰਧੀਨਾਮਾ ਕਰਨਾ, ਇਹ ਉਹਨਾਂ ਦਾ ਇਕ ਵੱਡਾ ਕਾਰਨਾਮਾ ਸੀ, ਜਿਸ ਦੇ ਫਲਸਰੂਪ ਹੀ ਉਹ ਆਪਣਾ ਇਕ ਜਾਹੋ-ਜਲਾਲ ਵਾਲਾ ਵਿਸ਼ਾਲ ਰਾਜ ਸਥਾਪਤ ਕਰ ਸਕਿਆ ਸੀ।

ਮਹਾਰਾਜਾ ਰਣਜੀਤ ਸਿੰਘ ਇਕ ਬਹੁਤ ਹੀ ਨਿਪੁੰਨ, ਸਰਬਕਲਾ ਭਰਪੂਰ ਤੇ ਤਲਵਾਰ ਚਲਾਉਣ 'ਚ ਬੜੀ ਮੁਹਾਰਤ ਰੱਖਦਾ ਸੀ। ਇਸ ਹੁਨਰ ਦੀ ਮੁਹਾਰਤ ਬਾਰੇ ਕਿਸੇ ਵਿਦਵਾਨ ਨੇ ਲਿਖਿਆ ਹੈ ਕਿ, ' ਸਦਾ ਹੀ ਕਮਰ ਕਸੀ ਹਮ ਦੇਖੀ, ਕਬਹੂੰ ਨਾ ਸੁਸਤੀ ਮੁੱਖ ਪਰ ਪੇਖੀ।' ਉਹ ਇਕ ਉੱਚ ਕੋਟੀ ਦੇ ਘੋੜ ਸਵਾਰ ਤੇ ਨਿਸ਼ਾਨੇਬਾਜ਼ ਵੀ ਸਨ। ਉਹ ਬਾਹਰ ਜਦੋਂ ਦੌਰੇ 'ਤੇ ਜਾਂਦੇ ਹਮੇਸ਼ਾ ਸ਼ਸਤਰਬੱਧ ਰਹਿੰਦੇ। ਰਾਤ ਨੂੰ ਸੌਣ ਸਮੇਂ ਹਮੇਸ਼ਾ ਤਲਵਾਰ ਤੇ ਢਾਲ ਉਨ੍ਹਾਂ ਦੇ ਸਿਰਹਾਣੇ ਪਈ ਰਹਿੰਦੀ। ਸ਼ਾਮਿਆਨੇ ਬਾਹਰ ਇਕ ਘੋੜਾ ਕਾਠੀ ਸਮੇਤ ਤਿਆਰ-ਬਰ-ਤਿਆਰ ਰਹਿੰਦਾ ਸੀ। ਜੰਗਾਂ-ਯੁੱਧਾਂ ਦੇ ਸਮੇਂ ਅਕਸਰ ਉਹ ਆਪਣਾ ਖਾਣਾ ਆਪਣੇ ਸਿਪਾਹੀਆਂ ਨਾਲ, ਘੋੜੇ ਦੀ ਕਾਠੀ 'ਤੇ ਹੀ ਖਾਂਦੇ ਸਨ। ਉਹ ਇਤਨੇ ਫੁਰਤੀਲੇ ਤੇ ਤੇਜ਼-ਤਰਾਰ ਯੋਧੇ ਸਨ ਕਿ 17 ਸਾਲ ਦੀ ਉਮਰ 'ਚ ਜਦੋਂ ਝਨਾਅ ਦਰਿਆ ਦੇ ਕਿਨਾਰੇ 'ਤੇ ਉੱਗੇ ਬੂਝਿਆਂ 'ਚ ਲੁਕੇ ਉਹਨਾਂ ਦੇ ਇਕ ਕੱਟੜ ਵਿਰੋਧੀ ਸਰਦਾਰ ਹਸ਼ਮਤ ਖਾਨ ਚੱਠੇ ਨੇ ਉਹਨਾਂ 'ਤੇ ਇਕ ਜਾਨ ਲੇਵਾ ਗੋਲੀ ਚਲਾਈ। ਮਹਾਰਾਜੇ ਦੀ ਖੁਸ਼ਕਿਸਮਤੀ ਸੀ ਕਿ ਉਹ ਗੋਲੀ ਦਾ ਨਿਸ਼ਾਨਾ ਉੱਕ ਗਿਆ। ਇਸ ਤੋਂ ਪਹਿਲਾਂ ਕਿ ਉਹ ਦੂਸਰੀ ਗੋਲੀ ਉਨ੍ਹਾਂ 'ਤੇ ਦਾਗਦਾ, ਮਹਾਰਾਜੇ ਨੇ ਬੜੀ ਚੁਸਤੀ ਤੇ ਤੇਜ਼ੀ ਨਾਲ ਆਪਣਾ ਘੋੜਾ ਦੌੜਾ ਕੇ ਤਲਵਾਰ ਦੇ ਇਕੋ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ।

ਅਟਕ ਦਰਿਆ ਨੂੰ ਪਾਰ ਕਰਨਾ, ਨੌਸ਼ਹਿਰਾ ਅਤੇ ਮੰਡੇਰਾ ਜੰਗਾਂ ਸਮੇਂ ਉਸ ਵੱਲੋਂ ਦਿਖਾਏ ਜੰਗੀ ਜੌਹਰਾਂ ਨੂੰ ਦੇਖ ਕੇ ਵਿਰੋਧੀ ਵੀ ਤਾਰੀਫ਼ ਕਰਨ ਤੋਂ ਪਿੱਛੇ ਨਾ ਰਹੇ। ਸੰਨ 1831 'ਚ ਰੋਪੜ ਦਰਬਾਰ ਸਮੇਂ ਵਿਲੀਅਮ ਬੈਂਟਿੰਗ ਗਵਰਨਰ ਜਨਰਲ ਹਿੰਦ ਅਤੇ ਲਾਟਾਂ ਸਾਹਮਣੇ ਮੈਦਾਨ 'ਚ ਗੜਵਾ ਪੁੱਠਾ ਰੱਖ ਕੇ, ਤਿੰਨ ਵਾਰ ਘੋੜਾ ਇੱਧਰ-ਉਧਰ ਕਰਕੇ ਭਜਾਉਂਦਿਆਂ ਤਲਵਾਰ ਦੀ ਨੋਕ ਨਾਲ ਉਸ ਨੂੰ ਬਾਜ਼ ਦੀ ਫੁਰਤੀ ਨਾਲ ਉਠਾ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ 'ਚ 800 ਸਾਲਾਂ ਪਿੱਛੋਂ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਕੀਤਾ ਤੇ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ। ਉਹਨਾਂ ਨੇ 40 ਸਾਲ ਦੇ ਕਰੀਬ ਰਾਜ ਕੀਤਾ ਤੇ ਇਸ ਦੇ ਦੌਰਾਨ ਕਿਸੇ ਨੂੰ ਵੀ ਫਾਂਸੀ ਦੀ ਸਜ਼ਾ ਨਹੀਂ ਦਿੱਤੀ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ ਕਿ ਉਸਨੇ ਸਿਰਫ ਪੰਜਾਬ ਦਾ ਹੀ ਨਹੀਂ ਸਗੋਂ ਭਾਰਤ ਦੀ ਸੰਸਕ੍ਰਿਤੀ ਦਾ ਸਿਰ ਵੀ ਉੱਚਾ ਕੀਤਾ। ਇਸਦੀ ਉਦਾਹਰਣ ਹੈ ਕਿ ਹਮਲਾਵਰ ਮਹਿਮੂਦ ਗ਼ਜ਼ਨਵੀ ਜੋ ਹਿੰਦੂਆਂ ਦੇ ਇਕ ਇਤਿਹਾਸਕ ਮੰਦਰ ਦੇ ਦਰਵਾਜ਼ੇ ਲਾਹ ਕੇ ਲੈ ਗਿਆ ਸ, ਉਹਨਾਂ ਨੂੰ ਤਕਰੀਬਨ ਹਜ਼ਾਰ ਸਾਲ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਨੇ ਵਾਪਸ ਲਿਆ ਕੇ ਭਾਰਤ ਦੇ ਖੋਏ ਹੋਏ ਸਨਮਾਨ ਨੂੰ ਬਹਾਲ ਕੀਤਾ। ਮਹਾਰਾਜੇ ਨੇ ਆਪਣੀ ਦੂਰ-ਅੰਦੇਸ਼ੀ ਨਾਲ ਪੰਜਾਬ ਦੀਆਂ ਪੱਛਮੀ ਸਰਹੱਦਾਂ ਨੂੰ ਇਸ ਤਰ੍ਹਾਂ ਸੁਰੱਖਿਅਤ ਕੀਤਾ ਕਿ ਕੋਈ ਧਾੜਵੀ ਪੰਜਾਬ ਦੇ ਅਮਨ-ਚੈਨ ਨੂੰ ਭੰਗ ਨਾ ਕਰ ਸਕੇ। ਉਹਨਾਂ ਨੇ ਦੱਰਾ ਖ਼ੈਬਰ ਦੀ ਹੱਦ ਉੱਤੇ ਜਮਰੌਦ ਦਾ ਕਿਲ੍ਹਾ ਉਸਾਰ ਦਿੱਤਾ ਤੇ ਉਸ 'ਚ ਸਰਹੱਦ ਦੀ ਰਾਖੀ ਲਈ ਫੌਜ ਬਿਠਾ ਦਿੱਤੀ ਤੇ ਇਸ ਤਰ੍ਹਾਂ ਕਰਕੇ ਸਦਾ ਲਈ ਧਾੜਵੀਆਂ ਦਾ ਰਸਤਾ ਰੋਕ ਦਿੱਤਾ, ਜਿਹੜੇ ਕਿ ਭਾਰਤ 'ਤੇ ਨਿੱਤ ਦਿਨ ਇਸੇ ਰਸਤਿਓਂ ਹਮਲੇ ਕਰਦੇ ਸਨ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਇਕ ਪੱਕਾ ਗੁਰਮਤਿ ਵਿਚਾਰਧਾਰਾ ਵਾਲਾ ਸਿੱਖ ਸੀ, ਉਸ ਨੇ ਗੁਰਮਤਿ ਸਿਧਾਂਤਾਂ ਅਨੁਸਾਰ ਇਕ ਤਾਕਤਵਰ ਧਰਮ-ਨਿਰਪੱਖ ਰਾਜ ਸਥਾਪਤ ਕੀਤਾ। ਦੂਸਰੇ ਧਰਮਾਂ ਨੂੰ ਵੀ, ਆਪਣੀ ਆਜ਼ਾਦੀ ਨਾਲ ਵਿਚਰਨ ਦੀ ਖੁੱਲ੍ਹ ਰੱਖੀ। ਪੰਜਾਬ ਦੇ ਦੋ ਵੱਡੇ ਫਿਰਕਿਆਂ ਹਿੰਦੂ ਤੇ ਮੁਸਲਮਾਨਾਂ, ਨੂੰ ਬਰਾਬਰੀ ਦਾ ਸਨਮਾਨ ਦਿੱਤਾ। ਜਿੱਥੇ ਉਹਨਾਂ ਦੇ ਦਰਬਾਰ 'ਚ ਸਿੱਖ ਉੱਚ ਅਹੁਦਿਆਂ 'ਤੇ ਨਿਯੁਕਤ ਸਨ, ਉਥੇ ਉਹਨਾਂ ਦੇ ਬਰਾਬਰ ਦੂਸਰੀਆਂ ਕੌਮਾਂ ਹਿੰਦੂ, ਮੁਸਲਮਾਨ ਤੇ ਇਸ ਤੋਂ ਇਲਾਵਾ ਅੰਗਰੇਜ਼, ਫਰਾਂਸੀਸੀ, ਰੂਸੀ ਤੇ ਇਟਾਲੀਅਨ ਕੌਮਾਂ ਦੇ ਲੋਕ ਵੀ ਨਿਯੁਕਤ ਸਨ। ਇਹਨਾਂ 'ਚ ਕੁਝ ਮਸ਼ਹੂਰ ਹਸਤੀਆਂ ਦੇ ਨਾਮ ਇਸ ਪ੍ਰਕਾਰ ਹਨ ਜਿਵੇਂ:- ਜਨਰਲ ਵੈਨਤੂਰਾ, ਐਲਾਰਡ, ਇਲਾਹੀ ਬਖਸ਼ ਫਕੀਰ ਅਜੀਜ਼ੁਦੀਨ, ਮੁਹਕਮ ਚੰਦ, ਦੀਵਾਨ ਭਵਾਨੀ ਦਾਸ ਦੇ ਨਾਮ ਖਾਸ ਤੌਰ ਤੇ ਵਰਣਨਯੋਗ ਹਨ। ਮਸ਼ਹੂਰ ਵਿਅਕਤਿਤਵ ਦੇ ਮਾਲਕ ਮੌਲਾਨਾ ਸ਼ਫ਼ਾਇਤ ਅਹਿਮਦ ਅਨੁਸਾਰ ਉਹਨਾਂ ਦੇ ਰਾਜ 'ਚ ਮੁਸਲਮਾਨਾਂ ਨੂੰ ਪੂਰੇ ਰਾਜਨੀਤਿਕ ਅਤੇ ਧਾਰਮਿਕ ਹੱਕ ਪ੍ਰਾਪਤ ਸਨ। ਜਿੱਥੇ ਸ਼ੇਰ-ਏ-ਪੰਜਾਬ ਨੇ ਆਪਣੇ ਪ੍ਰਮੁੱਖ ਧਾਰਮਿਕ ਸਥਾਨ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ 'ਤੇ ਸੋਨਾ ਚੜ੍ਹਾਇਆ ਤੇ ਇਸ ਦੇ ਮੁਕਾਬਲੇ 'ਚ ਸੋਮਨਾਥ, ਹਰਿਦੁਆਰ ਤੇ ਜਵਾਲਾ ਮੁਖੀ ਮੰਦਰ ਨੂੰ ਸੋਨਾ ਦਾਨ ਕੀਤਾ। ਅਜੋਕੀਆਂ ਸਰਕਾਰਾਂ ਨੇ ਜੋ ਅੱਜ ਇਹ ਨੀਤੀ ਬਣਾਈ ਹੋਈ ਹੈ, ਇਸ ਦਾ ਸਭ ਤੋਂ ਪਹਿਲਾਂ ਸਿਹਰਾ ਸ਼ੇਰ-ਏ-ਪੰਜਾਬ ਨੂੰ ਹੀ ਜਾਂਦਾ ਹੈ।

ਉਹਨਾਂ ਦਾ ਗੁਰਮਤਿ ਦੇ ਸਿਧਾਂਤਾਂ 'ਚ ਅਥਾਹ ਵਿਸ਼ਵਾਸ ਸੀ। ਉਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਬੀੜਾਂ ਵੀ ਤਿਆਰ ਕਰਵਾਈਆਂ। ਇੱਥੇ ਸਾਰੀ ਚਰਚਾ ਤੋਂ ਇਹ ਗੱਲ ਪ੍ਰਤੱਖ ਤੌਰ 'ਤੇ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਸ ਦਾ ਇਕ ਵੀ ਸਿੱਖ ਵਜ਼ੀਰ ਇੰਨਾ ਨਿਕਟਵਰਤੀ ਨਹੀਂ ਸੀ ਜਿੰਨੇ ਕਿ ਦੂਸਰੀਆਂ ਕੌਮਾਂ ਦੇ ਸਨ। ਉਸ ਦੀ ਇਸ ਧਰਮ ਨਿਰਪੇਖਤਾ ਦੀ ਨੀਤੀ ਨੇ ਉਹਨਾਂ ਨੂੰ ਬਹੁਤ ਪ੍ਰਸਿੱਧਤਾ ਦਿਵਾਈ ਤੇ ਉਹ ਲੋਕਾਂ 'ਚ ਬਹੁਤ ਹੀ ਹਰਮਨ ਪਿਆਰੇ ਬਣ ਗਏ। ਲਾਹੌਰ ਨੂੰ ਜਿੱਤਣ ਤੋਂ ਬਾਅਦ ਉਹਨਾਂ ਨੇ ਉਥੋਂ ਦੀ ਸੁਨਹਿਰੀ ਮਸੀਤ ਮੁਸਲਮਾਨਾਂ ਨੂੰ ਸੌਂਪ ਦਿੱਤੀ। ਜਦੋਂ ਉਹਨਾਂ ਨੇ ਮੁਲਤਾਨ ਨੂੰ ਫਤਿਹ ਕੀਤਾ ਤਾਂ ਪੀਰ-ਬਹਾਵਲ-ਹੱਕ ਦੇ ਮਕਬਰੇ ਦੀ ਪ੍ਰਥਾ ਭੰਗ ਨਹੀਂ ਕੀਤੀ ਸਗੋਂ ਉਸ ਨੂੰ ਪਹਿਲਾਂ ਦੀ ਤਰ੍ਹਾਂ ਹੀ ਬਹਾਲ ਰੱਖਿਆ ਤੇ ਇਸ ਦੇ ਨਾਲ ਹੀ ਉਹਨਾਂ ਨੇ ਦੂਸਰੀਆਂ ਹੋਰ ਇਸਲਾਮਿਕ ਧਾਰਮਿਕ ਇਮਾਰਤਾਂ ਦੀ ਆਪਣੇ ਸਰਕਾਰੀ ਖ਼ਜ਼ਾਨੇ 'ਚੋਂ ਮਦਦ ਦੇ ਕੇ ਮੁਰੰਮਤ ਕਰਵਾਈ। ਜਦੋਂ ਉਹਨਾਂ ਨੇ ਪਿਸ਼ਾਵਰ 'ਤੇ ਜਿੱਤ ਪ੍ਰਾਪਤ ਕੀਤੀ, ਉਸ ਤੋਂ ਬਾਅਦ ਉਹਨਾਂ ਨੇ ਆਪਣੇ ਮਹਾਨ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਨੂੰ ਹਦਾਇਤ ਕੀਤੀ ਕਿ ਹਜ਼ਰਤ-ਉਮਰ ਦੀ ਲਾਇਬ੍ਰੇਰੀ ਨੂੰ ਨੁਕਸਾਨ ਨਾ ਪਹੁੰਚਾਇਆ ਜਾਵੇ। ਇਸ ਤਰ੍ਹਾਂ ਦੇ ਉਦਾਰ ਤੇ ਸਦਗੁਣੀ ਵਿਚਾਰਧਾਰਾ ਰੱਖਣ ਵਾਲੇ ਸ਼ੇਰ-ਏ-ਪੰਜਾਬ ਦੇ ਦਰਬਾਰ 'ਚ ਹਰ ਸਧਾਰਨ ਤੋਂ ਸਧਾਰਨ ਆਦਮੀ ਆਪਣੀ ਫਰਿਆਦ ਲੈ ਕੇ ਬੜੀ ਆਸਾਨੀ ਨਾਲ ਜਾ ਸਕਦਾ ਸੀ।

ਇਸ ਤਰ੍ਹਾਂ ਦੀਆਂ ਦੂਰ ਅੰਦੇਸ਼ੀ ਨੀਤੀਆਂ ਅਪਣਾਉਣ ਕਾਰਨ ਮਹਾਰਾਜਾ ਰਣਜੀਤ ਸਿੰਘ ਇਕ ਸਫਲ ਨੀਤੀਵਾਨ ਸਾਬਤ ਹੋਇਆ, ਆਪਣੇ ਰਾਜ ਦੇ ਵਿਸਥਾਰ ਲਈ ਤੇ ਇਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਉਸ ਨੇ ਆਪਣੀ ਸੱਸ ਰਾਣੀ ਸਦਾ ਕੌਰ ਨਾਲ ਸਮਝੌਤਾ ਕਰ ਲਿਆ ਤੇ ਸਰਦਾਰ ਫਤਿਹ ਸਿੰਘ ਆਹਲੂਵਾਲੀਆ ਨੂੰ ਆਪਣਾ ਪੱਗ ਵੱਟ ਭਰਾ ਬਣਾ ਲਿਆ, ਇਕ ਵਿਸ਼ਾਲ ਅੰਗਰੇਜ਼ ਸਰਕਾਰ ਨਾਲ ਸੰਧੀ ਕਰ ਲਈ। ਉਹਨਾਂ ਦੀ ਦੂਰ-ਅੰਦੇਸ਼ੀ ਦਾ ਇਸ ਗੱਲ ਤੋਂ ਵੀ ਪ੍ਰਤੱਖ ਸਬੂਤ ਮਿਲਦਾ ਹੈ ਕਿ ਉਸ ਨੇ ਦੁਨੀਆਂ ਭਰ ਦੀ ਲਿਆਕਤ ਰੱਖਣ ਵਾਲੇ ਵਿਅਕਤੀਆਂ ਨੂੰ ਆਪਣੇ ਦਰਬਾਰ ਤੇ ਫੌਜ 'ਚ ਭਰਤੀ ਕਰ ਲਿਆ, ਜਿਹਨਾਂ 'ਚ ਪ੍ਰਮੁੱਖ ਤੌਰ 'ਤੇ ਦੀਵਾਨ ਮੋਹਕਮ ਚੰਦ, ਫਕੀਰ ਅਜ਼ੀਜ਼ੁਦੀਨ, ਹਰੀ ਸਿੰਘ ਨਲਵਾ, ਮਿਸਰ ਦੀਵਾਨ ਚੰਦ, ਰਾਜਾ ਧਿਆਨ ਸਿੰਘ, ਜਨਰਲ ਵੈਨਤੂਰਾ ਆਦਿ ਸ਼ਾਮਲ ਸਨ। ਜਿਹਨਾਂ ਵਿਰੋਧੀ ਹਾਲਤਾਂ 'ਚ ਉਹਨਾਂ ਨੇ ਸੰਘਰਸ਼ ਕਰਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ, ਇਹ ਉਹਨਾਂ ਦੀ ਨੇਕ ਨੀਤੀ, ਕਲਾ ਕੌਸ਼ਲਤਾ ਤੇ ਦੂਰ-ਅੰਦੇਸ਼ੀ ਦਾ ਕਮਾਲ ਹੀ ਸੀ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਬਚਪਨ 'ਚ ਸਕੂਲ ਵਿੱਦਿਆ ਨਾ ਪ੍ਰਾਪਤ ਕਰ ਸਕਿਆ ਪਰ ਫਿਰ ਵੀ ਉਹ ਸਾਹਿਤਕਾਰਾਂ, ਵਿਦਵਾਨਾਂ ਤੇ ਕਲਾਕਾਰਾਂ ਦਾ ਬੜਾ ਕਦਰਦਾਨ ਸੀ। ਉਹ ਆਪਣੀ ਵਿਦਿਅਕ ਘਾਟ ਨੂੰ ਭਲੀ-ਭਾਂਤ ਮਹਿਸੂਸ ਕਰਦਾ ਸੀ। ਉਹ ਇਸ ਗੱਲ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਕ ਚੰਗਾ ਪ੍ਰਸ਼ਾਸਕ ਤੇ ਸਫਲ ਮਨੁੱਖ ਬਣਨ ਲਈ, ਵਿੱਦਿਆ ਦਾ ਗਿਆਨ ਬੜਾ ਜ਼ਰੂਰੀ ਹੈ। ਇਸ ਲਈ ਉਸਨੇ ਬੱਚਿਆਂ ਦੀ ਵਿੱਦਿਆ ਦੇ ਪ੍ਰਬੰਧ ਲਈ ਸਕੂਲਾਂ, ਮਦਰੱਸਿਆਂ ਤੇ ਧਾਰਮਿਕ ਸੰਸਥਾਵਾਂ ਨੂੰ ਖੁੱਲ੍ਹੇ ਦਾਨ ਦੇ ਗੱਫੇ ਦਿੱਤੇ ਤੇ ਇਹਨਾਂ ਸੰਸਥਾਵਾਂ ਦੇ ਨਾਂ ਜ਼ਮੀਨਾਂ ਲਗਵਾਈਆਂ। ਉਹ ਅੰਤਰ ਰਾਸ਼ਟਰੀ ਸਬੰਧ ਕਾਇਮ ਕਰਨ ਲਈ, ਅੰਗਰੇਜ਼ੀ ਦੀ ਪੜ੍ਹਾਈ ਵੀ ਬੜੀ ਜ਼ਰੂਰੀ ਸਮਝਦੇ ਸਨ। ਉਹਨਾਂ ਨੇ ਆਪਣੀ ਸੈਨਾ ਦੇ ਤੋਪਖ਼ਾਨੇ ਦੇ ਇੰਚਾਰਜ ਮੀਆਂ ਕਾਦਰ ਬਖਸ਼ ਨੂੰ ਅੰਗਰੇਜ਼ੀ ਭਾਸ਼ਾ ਸਿੱਖਣ ਲਈ, ਉਸ ਨੂੰ ਲੁਧਿਆਣੇ ਭੇਜਿਆ, ਜਿਸ ਨੇ ਅੰਗਰੇਜ਼ੀ ਤੋਂ ਫਾਰਸੀ 'ਚ ਤੋਪਾਂ ਦੀ ਕਲਾ ਬਾਰੇ ਪੁਸਤਕ ਲਿਖੀ। ਇਸ ਤੋਂ ਇਲਾਵਾ ਉਹਨਾਂ ਦੇ ਦਰਬਾਰ 'ਚ ਮੁਨਸ਼ੀ ਸੋਹਣ ਲਾਲ, ਦੀਵਾਨ ਅਮਰਨਾਥ, ਲਾਲਾ ਗਣੇਸ਼ ਦਾਸ, ਸ਼ਾਹ ਮੁਹੰਮਦ ਉਸ ਦੇ ਦਰਬਾਰੀ ਲੇਖਕ ਸਨ ਜਿਹਨਾਂ ਨੇ ਮਹਾਰਾਜੇ ਦੀ ਜੀਵਨੀ ਤੇ ਉਹਨਾਂ ਦੇ ਰਾਜ ਪ੍ਰਬੰਧ ਬਾਰੇ ਪੁਸਤਕਾਂ ਲਿਖੀਆਂ। ਦੀਵਾਨ ਅਮਰਨਾਥ ਦਾ 'ਜ਼ਫ਼ਰਨਾਮਾ', ਮੁਨਸ਼ੀ ਸੋਹਣ ਲਾਲ ਦੀ ਉਮਦਤ-ਉਤ-ਤਵਾਰੀਖ਼ ਅਤੇ ਸ਼ਾਹ ਮੁਹੰਮਦ ਦਾ 'ਜੰਗਨਾਮਾ' ਵਰਣਨਯੋਗ ਕਲਾਕ੍ਰਿਤਾਂ ਹਨ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸਭ ਧਰਮਾਂ ਤੇ ਲੋਕਾਂ ਲਈ ਇਕ ਮਹਾਂਦਾਨੀ ਵੀ ਸੀ। ਇਸੇ ਲਈ ਤਾਂ

**(ਬਾਕੀ ਅਗਲੇ ਸਫੇ ਤੇ)**

# 'ਸਰਕਾਰ-ਏ-ਖ਼ਾਲਸਾ ਦਾ ਪਾਂਡੀ ਪਾਤਸ਼ਾਹ'

ਉਸ ਦੀ ਸਮੁੱਚੀ ਪਰਜਾ ਉਸ ਨੂੰ ਬਹੁਤ ਪਿਆਰ ਕਰਦੀ ਸੀ। ਉਹ ਹਿੰਦੂਆਂ ਦੇ ਮੰਦਰਾਂ ਦਾ ਵੀ ਵੱਡਾ ਕਦਰਦਾਨ ਸੀ। ਉਸ ਦੇ ਦਾਨੀ ਸੁਭਾਅ ਨੇ ਬਨਾਰਸ ਦੇ ਇਤਿਹਾਸਕ ਮੰਦਰ 'ਤੇ ਸੋਨੇ ਦੇ ਪੱਤਰੇ ਚੜ੍ਹਾਉਣ ਲਈ ਉਸਨੇ ਤੇਤੀ ਮਣ ਦੇ ਕਰੀਬ ਸੋਨਾ ਦਾਨ ਕੀਤਾ। ਇੰਨੇ ਵੱਡੇ ਵਿਅਕਤਿਤਵ ਦੇ ਮਾਲਕ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਕੁਕਰਮਾਂ ਨੂੰ ਬਖਸ਼ਾਉਣ ਲਈ, ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਦੇ ਹੁਕਮਾਂ ਅਨੁਸਾਰ, ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਤਨਖਾਹ ਵਜੋਂ ਕੋਰੜੇ ਵੀ ਖਾਧੇ।

ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਜੂਨ 27, 1839 ਨੂੰ ਲਾਹੌਰ ਵਿਖੇ ਅਧਰੰਗ ਹੋ ਜਾਣ ਕਾਰਨ ਹੋਈ ਸੀ ਤੇ ਉਹਨਾਂ ਦਾ ਸੰਸਕਾਰ ਜੂਨ 28, 1839 ਈਸਵੀ ਨੂੰ ਕੀਤਾ ਗਿਆ ਸੀ। ਮਹਾਰਾਜੇ ਦੇ ਸੰਸਕਾਰ ਨਾਲ ਹੀ ਚਾਰ ਉਹਨਾਂ ਦੀਆਂ ਰਾਣੀਆਂ ਤੇ ਸੱਤ ਗੁਲਾਮ ਬਣਾ ਕੇ ਰੱਖੀਆਂ ਗਈਆਂ ਲੜਕੀਆਂ ਵੀ ਸਤੀ ਹੋਈਆਂ ਸਨ। ਇਸ ਦਰਦਨਾਕ ਮੰਜ਼ਰ ਨੂੰ ਉਸ ਸਮੇਂ ਮਹਾਰਾਜੇ ਦੇ ਇਕ ਫੌਜੀ ਮੁਲਾਜ਼ਮ ਲੈਫਟੀਨੈਂਟ ਕਰਨਲ ਸਟੇਨਵੈਚ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਕਿਉਂਕਿ ਉਹ ਵੀ ਮਹਾਰਾਜੇ ਦੇ ਸੰਸਕਾਰ 'ਚ ਸ਼ਾਮਲੀ ਸੀ। ਉਸਨੇ 1946 'ਚ ਛਪੀ ਆਪਣੀ ਪੁਸਤਕ 'ਚ ਸਿੱਖਾਂ ਬਾਰੇ ਲਿਖਿਆ ਹੈ ਕਿ ਇਹ ਮਹਾਰਾਜੇ ਦੇ ਸੰਸਕਾਰ ਸਮੇਂ ਸਤੀ ਹੋਣ ਦੀ ਘਟਨਾ ਬੜੀ ਦਰਦਨਾਕ ਸੀ ਤੇ ਮਹਾਰਾਜੇ ਦੇ ਸੰਸਕਾਰ ਦੀਆਂ ਸਾਰੀਆਂ ਰਸਮਾਂ ਦੇ ਨਾਲ ਹੀ ਇਹਨਾਂ ਸਤੀ ਹੋਣ ਵਾਲੀਆਂ ਪਤਨੀਆਂ ਤੇ ਸੱਤ ਗੁਲਾਮ ਲੜਕੀਆਂ ਦੀਆਂ ਸਾਰੀਆਂ ਰਸਮਾਂ ਵੀ ਕੀਤੀਆਂ ਗਈਆਂ। ਇੱਥੇ ਸਾਡਾ ਧਿਆਨ ਇਸ ਗੱਲ ਵੱਲ ਜਾਂਦਾ ਹੈ ਤੇ ਇਕ ਬੜਾ ਵੱਡਾ ਸਵਾਲ ਵੀ ਖੜ੍ਹਾ ਕਰਦਾ ਹੈ? ਸਿੱਖ ਧਰਮ ਤਾਂ ਔਰਤ ਦੇ ਸਤੀ ਹੋਣ ਦਾ ਸਖਤ ਵਿਰੋਧ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਰਾਜੇ ਮਹਾਰਾਜਿਆਂ ਦੀ ਜਨਣੀ ਆਖਿਆ ਹੈ। ਤੀਸਰੇ ਗੁਰੂ ਸਾਹਿਬ ਗੁਰੂ ਅਮਰਦਾਸ ਜੀ ਤੇ ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਸਤੀ ਦੀ ਰਸਮ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਲਈ ਮਹਾਰਾਜੇ ਦੇ ਸੰਸਕਾਰ ਸਮੇਂ ਉਹਨਾਂ ਦੀਆਂ ਚਾਰ ਰਾਣੀਆਂ ਤੇ ਸੱਤ ਗੁਲਾਮ ਲੜਕੀਆਂ ਨੂੰ ਸਿੱਖ ਸ਼ਾਸਕਾਂ ਨੇ ਸਤੀ ਹੋਣ ਤੋਂ ਕਿਉਂ ਨਹੀਂ ਰੋਕਿਆ?

ਮਹਾਂਧਿਰਾਜ ਚੱਕਰਵਰਤੀ ਵਿੱਕਰਮਾਦਿੱਤ ਗੁਪਤ ਵਾਂਗ ਸ਼ੇਰ-ਏ-ਪੰਜਾਬ ਆਪਣੀ ਜਨਤਾ ਦੇ ਹਿੱਤਾਂ ਲਈ ਆਪਣੇ ਸਰਦਾਰਾਂ ਤੇ ਜਰਨੈਲਾਂ ਦੇ ਹਿੱਤਾਂ ਨੂੰ ਕੁਰਬਾਨ ਕਰ ਦਿੰਦਾ ਸੀ। ਉਹ ਆਪਣੇ ਰਾਜ 'ਚ ਰਾਤ ਸਮੇਂ ਆਪਣਾ ਭੇਸ ਵਟਾ ਕੇ ਫਿਰਦਾ ਸੀ ਤਾਂ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਉਸ ਨੂੰ ਗਿਆਨ ਹੋ ਸਕੇ ਤਾਂ ਕਿ ਇਨ੍ਹਾਂ ਮੁਸ਼ਕਿਲਾਂ ਨੂੰ ਕਿਸੇ ਯੋਗ ਤਰੀਕੇ ਨਾਲ ਹੱਲ ਕਰ ਸਕੇ। ਇਕ ਵਾਰ ਸੰਨ 1833 'ਚ ਕਸ਼ਮੀਰ 'ਚ ਕਾਲ਼ ਪੈ ਗਿਆ ਤੇ ਉਥੋਂ ਦੇ ਸ਼ਾਸਕ ਖੁਸ਼ਹਾਲ ਸਿੰਘ ਨੇ ਇਸ ਦੇ ਕੋਈ ਯੋਗ ਪ੍ਰਬੰਧ ਨਾ ਕੀਤੇ ਤੇ ਮਹਾਰਾਜੇ ਨੇ ਉਸ ਤੋਂ ਕੋਈ ਇਕ ਮਹੀਨਾ ਦੂਰੀ ਬਣਾਈ ਰੱਖੀ ਤੇ ਉਸ ਨੂੰ ਮੂੰਹ ਨਾ ਲਗਾਇਆ। ਪ੍ਰੰਤੂ ਜਦੋਂ 1835 'ਚ ਕਾਲ਼ ਪਿਆ ਤਾਂ ਉਸ ਸਮੇਂ ਮਹਾਰਾਜੇ ਨੇ ਆਪਣੇ ਖ਼ਜ਼ਾਨੇ ਦੇ ਮੂੰਹ ਖੋਲ੍ਹ ਦਿੱਤੇ। ਕਿਸਾਨਾਂ ਨੂੰ ਮੁਫ਼ਤ ਬੀਜ ਵੰਡਿਆ। ਐਚ. ਈ-ਫੇਨ ਅਨੁਸਾਰ 'ਪਰਜਾ ਉਸ ਨੂੰ ਦਰਿਆ-ਦਿਲ ਰਾਜਾ ਸਮਝਦੀ ਸੀ।' ਹੂਗਲ ਅਨੁਸਾਰ 'ਪੰਜਾਬ, ਅੰਗਰੇਜ਼ ਹਿੰਦ ਨਾਲੋਂ ਕਿਤੇ ਵੱਧ ਸੁਰੱਖਿਅਤ ਸੀ।

ਜੇਕਰ ਕੋਈ ਸਰਦਾਰ ਜਨਤਾ ਨਾਲ ਵਧੀਕੀ ਕਰਦਾ ਹੈ ਤਾਂ ਉਹ ਫੌਰਨ ਉਸ ਦੀ ਜਵਾਬ ਤਲਬੀ ਕਰਦੇ ਸਨ। ਜਨਰਲ ਅਵੀਤਾਬਲੇ ਗਵਰਨਰ ਪਿਸ਼ਾਵਰ ਨੂੰ ਇਸੇ ਕਰਕੇ ਸਜ਼ਾ ਭੁਗਤਣੀ ਪਈ ਸੀ। ਇਸੇ ਲਈ ਮਹਾਰਾਜਾ ਜਦੋਂ ਕਦੀ ਢਿੱਲੇ-ਮੱਠੇ ਹੁੰਦੇ ਜਾਂ ਕਦੀ ਤਬੀਅਤ 'ਚ ਵਿਗਾੜ ਆਉਂਦਾ ਤਾਂ ਜਨਤਾ ਉਹਨਾਂ ਦੀ ਸਿਹਤਯਾਬੀ ਲਈ ਦੁਆਵਾਂ ਕਰਦੀ।

ਮਹਾਰਾਜਾ ਹਰ ਚੰਗੀਆਂ ਚੀਜ਼ਾਂ ਦੇ ਕਦਰਦਾਨ ਹੁੰਦੇ ਸਨ ਤੇ ਉਹਨਾਂ ਨੂੰ ਪ੍ਰਾਪਤ ਕਰਨ ਦੇ ਬੜੇ ਸ਼ੌਕੀਨ ਸਨ। ਉਹ ਸੋਹਣੇ ਸੁਨੱਖੇ ਨੌਜਵਾਨਾਂ, ਛੈਲ ਛਬੀਲੀਆਂ ਨਾਰਾਂ ਆਪਣੇ ਦੁਆਲੇ ਹਮੇਸ਼ਾ ਰੱਖਦੇ ਸਨ। ਲੈਲੀ ਘੋੜੀ, ਕੋਹਿਨੂਰ ਹੀਰੇ ਦੀ ਪ੍ਰਾਪਤੀ ਤੇ ਕਈ ਇਤਿਹਾਸਕਾਰਾਂ ਅਨੁਸਾਰ ਉਹਨਾਂ ਦੀਆਂ ਪ੍ਰਮੁੱਖ ਤੌਰ 'ਤੇ ਪੰਜ ਪਤਨੀਆਂ ਸਨ, ਜਿਹਨਾਂ ਦੇ ਕ੍ਰਮਵਾਰ ਨਾਮ ਇਸ ਤਰ੍ਹਾਂ ਹਨ: ਮਹਿਤਾਬ ਕੌਰ, ਰਾਜ ਕੌਰ ਜਿਸ ਦਾ ਦੂਜਾ ਨਾਮ ਬਦਲੇ ਕੇ ਦਤਾਰ ਕੌਰ ਰੱਖਿਆ ਹੋਇਆ ਸੀ, ਦਇਆ ਕੌਰ, ਰਾਣੀ ਰਤਨ ਕੌਰ ਤੇ ਰਾਣੀ ਜਿੰਦ ਕੌਰ ਸਨ।

ਉਹਨਾਂ ਦਾ ਪਹਿਲਾ ਵਿਆਹ 16 ਸਾਲ ਦੀ ਉਮਰ 'ਚ ਸੰਨ 1796 'ਚ ਮਹਿਤਾਬ ਕੌਰ ਨਾਲ ਜੋ ਕਿ ਸਰਦਾਰ ਗੁਰਬਖਸ਼ ਸਿੰਘ ਦੀ ਤੇ ਮਾਤਾ ਸਰਦਾਰਨੀ ਸਦਾ ਕੌਰ ਜੀਂਦ ਨਿਵਾਸੀ ਦੀ ਸਪੁੱਤਰੀ ਸੀ। ਇਹਨਾਂ ਪੰਜ ਰਾਣੀਆਂ ਦੇ ਅੱਗੇ ਅੱਠ ਪੁੱਤਰ ਸਨ ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ: ਸ਼ਹਿਜ਼ਾਦਾ ਖੜਕ ਸਿੰਘ, ਸ਼ੇਰ ਸਿੰਘ, ਪਸ਼ੌਰਾ ਸਿੰਘ, ਕਸ਼ਮੀਰਾ ਸਿੰਘ, ਈਸ਼ਰ ਸਿੰਘ, ਤਾਰਾ ਸਿੰਘ, ਮੁਲਤਾਨ ਸਿੰਘ ਤੇ ਦਲੀਪ ਸਿੰਘ ਸਨ ਤੇ ਪੋਤਰਾ ਕੰਵਰ ਨੌਨਿਹਾਲ ਸਿੰਘ ਜੋ ਮਹਾਰਾਜਾ ਖੜਕ ਸਿੰਘ ਦਾ ਪੁੱਤਰ ਸੀ।

ਇਤਿਹਾਸਕਾਰਾਂ ਅਨੁਸਾਰ ਉਹਨਾਂ ਦੀਆਂ ਕੁੱਲ ਸਾਰੀਆਂ ਪਤਨੀਆਂ ਦੀ ਗਿਣਤੀ 20 ਸੀ, ਜਿਹਨਾਂ ਦੇ ਕ੍ਰਮਵਾਰ ਨਾਮ ਤੇ ਹੋਰ ਜਾਣਕਾਰੀ ਨਿਮਨ ਲਿਖਤ ਅਨੁਸਾਰ ਦਿੱਤੀ ਜਾਂਦੀ ਹੈ। ਇਹਨਾਂ 'ਚ 10 ਪਤਨੀਆਂ ਨਾਲ ਵਿਆਹ ਉਹਨਾਂ ਨੇ ਲਾਵਾਂ ਫੇਰਿਆਂ ਦੀ ਰਸਮ ਨਾਲ ਕਰਵਾਇਆ ਤੇ ਬਾਕੀ ਦਸਾਂ ਉਪਰ 'ਚਾਦਰ ਪਾਉਣ' ਦੀ ਰਸਮ ਨਾਲ ਕਰਵਾਇਆ ਹੋਇਆ ਸੀ। ਇਹਨਾਂ ਦੇ ਵੇਰਵੇ ਇਸ ਪ੍ਰਕਾਰ ਹਨ:

ਮਹਾਰਾਜਾ ਰਣਜੀਤ ਸਿੰਘ ਦੀ ਪਹਿਲੀ ਪਤਨੀ ਦਾ ਨਾਂ ਰਾਣੀ ਮਹਿਤਾਬ ਕੌਰ ਸੀ। ਉਹ ਸਰਦਾਰ ਗੁਰਬਖ਼ਸ਼ ਸਿੰਘ ਦੀ ਪੁੱਤਰੀ ਸੀ ਤੇ ਉਹ ਘਨ੍ਹਈਆ ਮਿਸਲ ਦੇ ਮਾਲਕ ਸਨ। ਮਹਾਰਾਜੇ ਨੇ ਇਹ ਸ਼ਾਦੀ 1796 'ਚ ਕੀਤੀ। ਇਸ ਪਤਨੀ ਤੋਂ ਕੰਵਰ ਈਸ਼ਵਰ ਸਿੰਘ 1802 'ਚ ਤੇ ਮੌਤ 1804 'ਚ ਹੋਈ, ਮਹਾਰਾਜਾ ਸ਼ੇਰ ਸਿੰਘ ਦੂਸਰਾ ਲੜਕਾ ਪੈਦਾ ਹੋਇਆ (ਮਿਤੀ 4 ਦਸੰਬਰ 1807 ਤੋਂ 15 ਸਤੰਬਰ 1843) ਤੇ ਤੀਸਰਾ ਲੜਕਾ ਸ਼ਹਿਜ਼ਾਦਾ ਤਾਰਾ ਸਿੰਘ ਪੈਦਾ ਹੋਏ।

1798 'ਚ ਮਹਾਰਾਜੇ ਨੇ ਰਾਣੀ ਰਾਜ ਕੌਰ (ਜਿਸ ਦੇ ਦੂਸਰੇ ਨਾਂ ਦਾਤਾਰ ਕੌਰ ਜਾਂ ਮਾਈ ਨਕਾਇਨ) ਸੀ। ਇਹ ਮਹਾਰਾਜੇ ਦਾ ਦੂਸਰਾ ਵਿਆਹ ਸੀ। ਇਸ ਰਾਣੀ ਦੀ ਮੌਤ 20 ਜੂਨ 1838 ਜਾਂ 1818 'ਚ ਹੋਈ ਸੀ। ਇਸ ਰਾਣੀ ਦੇ ਪਿਤਾ ਦਾ ਨਾਂਅ ਸਰਦਾਰ ਰਣ ਸਿੰਘ ਸੀ ਜੋ ਨਕਾਈ ਮਿਸਲ ਦਾ ਮਾਲਕ ਸੀ।

ਮਹਾਰਾਜੇ ਨੇ ਜਿਸ ਰਾਣੀ ਨਾਲ ਤੀਸਰਾ ਵਿਆਹ ਕਰਵਾਇਆ ਉਸ ਦਾ ਨਾਮ, ਸ਼ਾਦੀ ਦੀ ਤਰੀਕ ਤੇ ਮੌਤ ਬਾਰੇ ਜਾਣਕਾਰੀ ਨਹੀਂ ਹੈ ਪਰ ਉਹ ਵਜ਼ੀਰ ਨਕੁਡਾ ਜੋ ਕਿ ਜਸਵਾਨ ਦਾ ਰਹਿਣ ਵਾਲਾ ਸੀ ਦੀ ਪੁੱਤਰੀ ਸੀ।

ਮਹਾਰਾਜੇ ਨੇ ਚੌਥਾ ਵਿਆਹ ਰਾਣੀ ਰਤਨ ਕੌਰ ਨਾਲ ਕਰਾਇਆ ਜੋ ਕਿ ਸਾਹਿਬ ਸਿੰਘ ਭੰਗੀ ਦੀ ਵਿਧਵਾ ਪਤਨੀ ਸੀ। ਇਸ ਰਾਣੀ ਦੀ ਕੁੱਖੋਂ 1819 ਨੂੰ ਕੰਵਰ ਮੁਲਤਾਨਾ ਸਿੰਘ ਨੇ ਜਨਮ ਲਿਆ ਤੇ ਉਸ ਦੀ ਮੌਤ 1848 'ਚ ਹੋਈ ਸੀ।

ਮਹਾਰਾਜੇ ਦੀ ਪੰਜਵੀਂ ਪਤਨੀ ਦਾ ਨਾਂ ਦਇਆ ਕੌਰ ਸੀ ਤੇ ਉਹ ਵੀ ਸਾਹਿਬ ਸਿੰਘ ਭੰਗੀ ਦੀ ਵਿਧਵਾ ਪਤਨੀ ਸੀ ਤੇ ਉਸ ਦੀ ਮੌਤ 1843 ਨੂੰ ਹੋਈ ਸੀ।

ਮਹਾਰਾਜੇ ਦੀ ਛੇਵੀਂ ਪਤਨੀ ਦਾ ਨਾਂ ਰਾਣੀ ਰੂਪ ਕੌਰ ਸੀ ਤੇ ਉਹ ਜੈ ਸਿੰਘ ਦੀ ਪੁੱਤਰੀ ਸੀ ਤੇ ਉਹ ਕੋਟ ਸਈਅਦ ਮਹਿਮੂਦ ਦੇ ਰਹਿਣ ਵਾਲੇ ਸਨ। ਇਹ ਸ਼ਾਦੀ 1815 'ਚ ਹੋਈ ਸੀ।

ਮਹਾਰਾਜੇ ਨੇ ਸੱਤਵੀਂ ਸ਼ਾਦੀ ਰਾਣੀ ਚਾਂਦ ਕੌਰ ਨਾਲ 1815 'ਚ ਕਰਵਾਈ ਸੀ ਤੇ ਉਹ ਪਿੰਡ ਚੈਨਪੁਰ (ਅੰਮ੍ਰਿਤਸਰ) ਦੇ ਰਹਿਣ ਵਾਲੇ ਸਨ ਤੇ ਇਹ ਰਾਣੀ ਜੈ ਸਿੰਘ ਦੀ ਪੁੱਤਰੀ ਸੀ। ਇਸ ਰਾਣੀ ਦੀ ਮੌਤ 1840 'ਚ ਹੋਈ ਸੀ।

ਰਾਣੀ ਗੁਲਾਬ ਕੌਰ ਨਾਲ ਮਹਾਰਾਜੇ ਦੀ ਇਹ ਅੱਠਵੀਂ ਸ਼ਾਦੀ ਸੀ। ਇਸ ਸ਼ਾਦੀ ਦੇ ਸੰਨ ਦਾ ਪਤਾ ਨਹੀਂ ਲੱਗ ਸਕਿਆ ਪਰ ਇਸ ਰਾਣੀ ਦੀ ਮੌਤ 1838 'ਚ ਹੋਈ ਸੀ। ਇਹ ਰਾਣੀ ਅੰਮ੍ਰਿਤਸਰ ਜ਼ਿਲ੍ਹੇ ਦੇ ਜਗਦੇਓ ਪਿੰਡ ਦੇ ਇਕ ਜਗੀਰਦਾਰ ਦੀ ਪੁੱਤਰੀ ਸੀ।

ਰਾਣੀ ਲਕਸ਼ਮੀ ਕੌਰ ਨਾਲ ਮਹਾਰਾਜੇ ਨੇ ਨੌਵੀਂ ਸ਼ਾਦੀ 1820 'ਚ ਕਰਵਾਈ ਤੇ ਉਹ ਦੇਸਾ ਸਿੰਘ ਦੀ ਪੁੱਤਰੀ ਸੀ ਜਿਹੜੇ ਕਿ ਵੱਡਪੱਗਾ ਜੋਗਕੀ ਖਾਨ ਦੇ ਰਹਿਣ ਵਾਲੇ ਸਨ।

ਮਹਾਰਾਜੇ ਦੀ ਦਸਵੀਂ ਸ਼ਾਦੀ ਰਾਣੀ ਮਹਿਤਾਬ ਕੌਰ ਨਾਲ 1822 'ਚ ਹੋਈ ਸੀ ਤੇ ਉਹ ਚੌਧਰੀ ਸੁਜਾਨ ਸਿੰਘ ਦੀ ਪੁੱਤਰੀ ਸੀ।

ਰਾਣੀ ਰਾਜ ਬੰਸੋ ਨਾਲ ਮਹਾਰਾਜੇ ਨੇ ਗਿਆਰਵੀਂ ਸ਼ਾਦੀ 1829 'ਚ ਹੋਈ ਸੀ ਤੇ ਉਹ ਚੌਧਰੀ ਸੁਜਾਨ ਸਿੰਘ ਦੀ ਪੁੱਤਰੀ ਸੀ।

ਰਾਣੀ ਰਾਜ ਬੰਸੋ ਨਾਲ ਮਹਾਰਾਜੇ ਨੇ ਗਿਆਰਵੀਂ ਸ਼ਾਦੀ 1829 'ਚ ਕਰਵਾਈ ਸੀ। ਇਹ ਰਾਜਾ ਸੰਸਾਰ ਚੰਦ-2 ਜਿਹੜਾ ਕਿ ਕਾਂਗੜੇ ਦਾ ਨਿਵਾਸੀ ਸੀ, ਦੀ ਪੁੱਤਰੀ ਸੀ।

ਮਹਾਰਾਜੇ ਨੇ ਆਪਣੀ ਬਾਰ੍ਹਵੀਂ ਸ਼ਾਦੀ ਰਾਣੀ ਮਹਿਤਾਬ ਦੇਵੀ ਨਾਲ 1829 'ਚ ਕਰਵਾਈ ਸੀ। ਇਹ ਰਾਣੀ 1839 'ਚ ਮਹਾਰਾਜੇ ਦੀ ਮੌਤ ਉਪਰੰਤ ਸਤੀ ਹੋ ਗਈ ਸੀ। ਇਹ ਵੀ ਕਾਂਗੜੇ ਦੇ ਰਾਜਾ ਸੰਸਾਰ ਚੰਦ-2 ਦੀ ਪੁੱਤਰੀ ਸੀ।

ਰਾਣੀ ਰਾਮ ਦੇਵੀ ਮਹਾਰਾਜੇ ਦੀ ਤੇਰਵੀਂ ਪਤਨੀ ਸੀ। ਇਹ ਰਾਣੀ ਕੌਰ ਸਿੰਘ ਦੀ ਪੁੱਤਰੀ ਸੀ, ਜੋ ਕਿ ਚੱਕਰੀਵਾਲਾ ਦੇ ਰਹਿਣ ਵਾਲੇ ਸਨ। ਇਸ ਰਾਣੀ ਦੀ ਮੌਤ 1839 ਤੋਂ ਪਹਿਲਾਂ ਹੀ ਹੋ ਗਈ ਸੀ।

ਮਹਾਰਾਜੇ ਦੀ ਚੌਦਵੀਂ ਸ਼ਾਦੀ ਸਰਦਾਰ ਕਰਮ ਸਿੰਘ ਛੀਨਾ ਦੀ ਪੁੱਤਰੀ ਨਾਲ ਹੋਈ ਪਰ ਇਹਨਾਂ ਦੇ ਵਿਆਹ ਦਾ ਸੰਨ ਤੇ ਰਾਣੀ ਦੀ ਮੌਤ ਕਦੋਂ ਹੋਈ, ਦਾ ਵੇਰਵਾ ਮਿਲ ਨਹੀਂ ਸਕਿਆ।

ਰਾਣੀ ਸੰਮਨ ਕੌਰ ਨਾਲ ਮਹਾਰਾਜੇ ਦੀ ਪੰਦ੍ਹਰਵੀਂ ਸ਼ਾਦੀ 1832 'ਚ ਹੋਈ ਸੀ। ਇਸ ਰਾਣੀ ਦੇ ਪਿਤਾ ਦਾ ਨਾਂ ਸੂਬਾ ਸਿੰਘ ਸੀ। ਇਸ ਰਾਣੀ ਦੀ ਮੌਤ ਕਦੋਂ ਹੋਈ ਦਾ ਵੇਰਵਾ ਨਹੀਂ ਮਿਲ ਸਕਿਆ।

ਰਾਣੀ ਗੁੱਲ ਬਹਾਰ ਬੇਗਮ ਨਾਲ ਮਹਾਰਾਜੇ ਨੇ 1832 'ਚ ਸੋਲਵੀਂ ਸ਼ਾਦੀ ਕਰਵਾਈ ਤੇ ਇਸ ਰਾਣੀ ਬੇਗਮ ਦੀ ਮੌਤ 1863 'ਚ ਲਾਹੌਰ ਵਿਖੇ ਹੋਈ ਸੀ। ਮਹਾਰਾਜੇ ਦੀ ਇਹ ਪਤਨੀ ਇਕ ਨਰਤਕੀ (ਅਹਿਲ ਨਿਸ਼ਾਤ) ਸੀ ਜਿਹੜੀ ਕਿ ਅੰਮ੍ਰਿਤਸਰ ਦੀ ਰਹਿਣ ਵਾਲੀ ਸੀ। ਇਸ ਨੂੰ ਅੰਗਰੇਜ਼ ਸਰਕਾਰ ਨੇ 12389 ਰੁਪਏ ਦੀ ਪੈਨਸ਼ਨ ਵੀ ਲਗਾਈ ਸੀ।

ਮਹਾਰਾਣੀ ਜਿੰਦ ਕੌਰ ਨਾਲ ਮਹਾਰਾਜੇ ਦੀ 1835 'ਚ ਸਤਾਰ੍ਹਵੀਂ ਸ਼ਾਦੀ ਹੋਈ ਸੀ। ਇਸ ਮਹਾਰਾਣੀ ਦੀ ਮੌਤ 1 ਅਗਸਤ 1863 ਨੂੰ ਲੰਡਨ 'ਚ ਹੋਈ ਸੀ। ਇਸ ਮਹਾਰਾਣੀ ਦੀ ਕੁੱਖੋਂ ਮਹਾਰਾਜਾ ਦਲੀਪ ਸਿੰਘ ਨੇ 5 ਸਤੰਬਰ 1838 ਨੂੰ ਜਨਮ ਲਿਆ ਸੀ ਤੇ 23 ਅਕਤੂਬਰ 1893 ਨੂੰ ਪੈਰਿਸ 'ਚ ਉਹਨਾਂ ਦੀ ਮੌਤ ਹੋਈ ਸੀ।

ਰਾਣੀ ਹਰਦੇਵੀ ਮਹਾਰਾਜੇ ਦੀ ਅਠਾਰਵੀਂ ਪਤਨੀ ਸੀ। ਇਸ ਦੀ ਸ਼ਾਦੀ ਦੇ ਸੰਨ ਦਾ ਪਤਾ ਨਹੀਂ ਲੱਗ ਸਕਿਆ। ਇਹ ਰਾਣੀ 1839 'ਚ ਮਹਾਰਾਜੇ ਦੀ ਮੌਤ ਉਪਰੰਤ ਸਤੀ ਹੋ ਗਈ ਸੀ। ਇਹ ਰਾਣੀ ਚੌਧਰੀ ਰਾਮ ਜੋ ਕਿ ਸਲੇਰੀਆ ਰਾਜਪੂਤ ਦੀ ਪੁੱਤਰੀ ਸੀ।

ਰਾਣੀ ਰਾਜ ਦੇਵੀ ਮਹਾਰਾਜੇ ਦੀ ਉਨੀਵੀਂ ਪਤਨੀ ਸੀ। ਇਸ ਦੀ ਸ਼ਾਦੀ ਦੇ ਸੰਨ ਦਾ ਪਤਾ ਨਹੀਂ ਲੱਗ ਸਕਿਆ। ਉਹ ਪਦਮਾ ਰਾਜਪੂਤ ਦੀ ਬੇਟੀ ਸੀ ਤੇ ਇਹ ਰਾਣੀ ਵੀ ਮਹਾਰਾਜੇ ਦੀ 1839 'ਚ ਮੌਤ ਉਪਰੰਤ ਸਤੀ ਹੋ ਗਈ ਸੀ।

ਮਹਾਰਾਜੇ ਦੀ ਬੀਹਵੀਂ ਪਤਨੀ ਦਾ ਨਾਂ ਰਾਣੀ ਰਜਨੋ ਕੌਰ ਸੀ, ਉਹ ਸੈਂਡ ਬਾਹਰੀ ਦੀ ਪੁੱਤਰੀ ਸੀ ਤੇ ਉਹ ਵੀ ਸੰਨ 1839 'ਚ ਮਹਾਰਾਜੇ ਦੀ ਮੌਤ ਉਪਰੰਤ ਸਤੀ ਹੋ ਗਈ ਸੀ।

ਮਹਾਰਾਜਾ ਰਣਜੀਤ ਸਿੰਘ ਜੀ ਨੇ 1802 ਈਸਵੀ 'ਚ ਮੋਰਾਂ ਨਾਮ ਦੀ ਨਰਤਕੀ ਨਾਲ ਵੀ ਵਿਆਹ ਕਰਵਾਇਆ ਸੀ। ਇਸ ਰਾਣੀ ਨੂੰ 'ਮੋਰਾਂ ਸਰਕਾਰ' ਦੇ ਨਾਮ ਨਾਲ ਵੀ ਬੁਲਾਇਆ ਜਾਂਦਾ ਸੀ। ਇਹ ਮਹਾਰਾਜਾ ਦੇ ਬਾਰਾਂਦਰੀ ਦੀ ਨਰਤਕੀ ਸੀ ਤੇ ਇਕ ਮੁਸਲਮਾਨ ਪਰਿਵਾਰ ਨਾਲ ਸਬੰਧ ਰੱਖਦੀ ਸੀ ਤੇ ਇਸ ਦਾ ਜਨਮ ਲਾਹੌਰ ਦੇ ਨਜ਼ਦੀਕ ਮੱਖਣਪੁਰ ਪਿੰਡ 'ਚ ਹੋਇਆ ਸੀ। ਮੋਰਾਂ ਨਾਲ ਵਿਆਹ ਕਰਵਾਉਣ 'ਤੇ ਮਹਾਰਾਜੇ ਦੀ ਸਿੱਖ ਜਗਤ 'ਚ ਬੜੀ ਆਲੋਚਨਾ ਹੋਈ ਸੀ ਜਿਸ 'ਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਕਾਲੀ ਫੂਲਾ ਸਿੰਘ ਜੀ ਨੇ ਅਕਾਲ ਤਖਤ 'ਤੇ ਸੱਦ ਕੇ ਸਜਾ ਵੀ ਸੁਣਾਈ ਸੀ ਤੇ ਮਹਾਰਾਜੇ ਨੇ ਇਹ ਸਜਾ ਸਵੀਕਾਰ ਕਰਕੇ ਤੇ ਝੱਲ ਕੇ ਭੁੱਲ ਵੀ ਬਖ਼ਸ਼ਾਈ ਸੀ। ਇਸ ਤਰਾਂ ਮਹਾਰਾਜਾ ਦੀ ਇਹ ਇੱਕੀਵੀਂ ਸ਼ਾਦੀ ਬਣਦੀ ਹੈ।

ਇਹਨਾਂ ਉਕਤ ਦੱਸੀਆਂ ਗਈਆਂ ਪਤਨੀਆਂ ਤੋਂ ਇਲਾਵਾ ਵੀ ਕਈ ਅਜਿਹੀਆਂ ਔਰਤਾਂ ਸਨ, ਜਿਹਨਾਂ ਦੇ ਮਹਾਰਾਜਾ ਨਾਲ ਨਾਜਾਇਜ਼ ਸਬੰਧ ਸਨ। ਰਾਣੀ ਜਿੰਦਾ ਵਰਗੀ ਖੂਬਸੂਰਤ ਔਰਤ ਨਾਲ ਆਪਣੀ ਅਖੀਰਲੀ ਉਮਰੇ ਸ਼ਾਦੀ ਕਰਾਉਣਾ, ਮਹਾਰਾਜੇ ਦਾ ਅਯਾਸ-ਪ੍ਰਸਤ ਹੋਣ ਦਾ ਇਕ ਪ੍ਰਤੱਖ ਪ੍ਰਮਾਣ ਨਜ਼ਰ ਆਉਂਦਾ ਹੈ।

ਮਹਾਰਾਜਾ ਸ਼ਰਾਬ, ਕਬਾਬ, ਸ਼ਬਾਬ ਤੇ ਅਫ਼ੀਮ ਖਾਣ ਦੇ ਆਦੀ ਸਨ। ਪਰ ਕਈ ਇਤਿਹਾਸਕਾਰ ਇਹ ਲਿਖਦੇ ਹਨ ਕਿ ਇਹਨਾਂ ਆਦਤਾਂ ਨੂੰ ਉਹਨਾਂ ਨੇ ਆਪਣੇ ਤੇ ਹਾਵੀ-ਪ੍ਰਭਾਵੀ ਨਹੀਂ ਹੋਣ ਦਿੱਤਾ।

ਇਸ ਦੇ ਉਲਟ ਕਈ ਇਤਿਹਾਸਕਾਰ ਇਹ ਲਿਖਦੇ ਹਨ ਕਿ ਇਹ ਅਲਾਮਤਾਂ ਉਹਨਾਂ ਤੇ ਹਾਵੀ-ਪ੍ਰਭਾਵੀ ਹੋ ਗਈਆਂ ਸਨ ਤੇ ਉਹ ਆਪਣੀ ਪ੍ਰਸ਼ਾਸਨ ਪਕੜ 'ਚ ਅਖੀਰਲੀ ਉਮਰੇ ਢਿੱਲੇ ਪੈ ਗਏ ਸਨ ਤੇ ਉਹਨਾਂ ਦੀ ਜ਼ਿਆਦਾ ਨਿਰਭਰਤਾ ਆਪਦੇ ਡੋਗਰੇ ਸਰਦਾਰਾਂ ਧਿਆਨ ਸਿੰਘ, ਲਾਲ ਸਿੰਘ ਤੇ ਤੇਜਾ ਸਿੰਘ 'ਤੇ ਹੋ ਗਈ ਸੀ।

ਇਸ ਨਿਰਭਰਤਾ ਦਾ ਡੋਗਰੇ ਸਰਦਾਰਾਂ ਨੇ ਬਹੁਤ ਨਾਜਾਇਜ਼ ਫਾਇਦਾ ਵੀ ਉਠਾਇਆ। ਉਹ ਮਹਾਰਾਜੇ ਦੇ ਇਕੋ-ਇਕ ਵਫ਼ਾਦਾਰ ਮਹਾਨ ਵਿਸ਼ਵ ਜਰਨੈਲ ਸਰਦਾਰ ਹਰੀ ਸਿੰਘ ਨਲੂਆ ਦੀ ਮੌਤ ਦਾ ਕਾਰਨ ਵੀ ਬਣੇ ਤੇ ਮਹਾਰਾਜੇ ਦੇ ਸ਼ਾਸਨ ਨੂੰ ਢਹਿੰਦੀਆਂ ਕਲਾਂ ਵੱਲ ਲੈ ਗਏ ਤੇ ਉਹਨਾਂ ਨੇ ਖਾਲਸਾ ਦਰਬਾਰ 'ਚ ਕਈ ਮਾਰੂ ਸਾਜ਼ਿਸ਼ਾਂ ਆਰੰਭ ਕਰ ਦਿੱਤੀਆਂ।

ਇਸ ਦਾ ਇਹ ਵੀ ਇਕ ਮਾਰੂ ਨਤੀਜਾ ਨਿਕਲਿਆ ਕਿ ਮਹਾਰਾਜਾ ਆਪਣੇ ਵਾਰਸਾਂ ਪ੍ਰਤੀ, ਇਹਨਾਂ ਹਾਲਤਾਂ 'ਚ ਅਵੇਸਲਾ ਹੋ ਗਿਆ, ਜਿਸ ਦਾ ਮਾਰੂ ਨਤੀਜਾ ਇਹ ਨਿਕਲਿਆ ਕਿ ਮਹਾਰਾਜੇ ਦੀ ਮੌਤ ਦੇ ਤਕਰੀਬਨ ਦਸਾਂ ਸਾਲਾਂ ਦੇ ਅੰਦਰ-ਅੰਦਰ ਹੀ ਵਿਸ਼ਾਲ 'ਖਾਲਸਾ ਰਾਜ' ਡੋਗਰੇ ਸਰਦਾਰਾਂ ਦੀ ਗੱਦਾਰੀ, ਡੋਗਰਿਆਂ ਨੇ ਮਹਾਰਾਜੇ ਦੀਆਂ ਕਮਜ਼ੋਰੀਆਂ ਤੇ ਮਹਾਰਾਜੇ ਦੇ ਕਮਜ਼ੋਰ ਵਾਰਸਾਂ ਦਾ ਸਹਾਰਾ ਭੇਦ ਅੰਗਰੇਜ਼ ਸਰਕਾਰ ਨੂੰ ਦੇ ਦਿੱਤਾ ਤੇ ਡੋਗਰੇ ਸਰਦਾਰ ਅੰਗਰੇਜ਼ਾਂ ਦੇ ਝਾਂਸੇ 'ਚ ਆ ਕੇ ਉਹਨਾਂ ਪਾਸ ਵਿਕ ਗਏ ਤੇ ਮਹਾਰਾਜੇ ਦਾ ਰਾਜ ਅੰਗਰੇਜ਼ ਹਕੂਮਤ ਦੇ ਅਧੀਨ ਹੋ ਗਿਆ ਤੇ ਫਿਰ ਮੁੜ ਖਾਲਸਾ ਰਾਜ ਕਦੀ ਸਥਾਪਤ ਨਾ ਹੋ ਸਕਿਆ।

ਕਈ ਇਤਿਹਾਸਕਾਰ ਲਿਖਦੇ ਹਨ ਕਿ ਮਹਾਰਾਜੇ ਨੂੰ ਆਪਦੇ ਜਿਊਂਦੇ ਜੀਅ ਆਪਣੀ ਚੜ੍ਹਤ ਸਮੇਂ ਹੀ ਅੰਗਰੇਜ਼ਾਂ ਨਾਲ 'ਸਤਲੁਜ ਸੰਧੀ' ਕਰਨ ਦੀ ਥਾਂ, ਮੱਥਾ ਲਾ ਕੇ ਅੰਗਰੇਜ਼ ਹਕੂਮਤ ਨੂੰ ਖਤਮ ਕਰਨਾ ਚਾਹੀਦਾ ਸੀ ਤਾਂ ਜੋ ਭਾਰਤ ਨੂੰ ਆਜ਼ਾਦ ਕਰਾਇਆ ਜਾ ਸਕਦਾ ਸੀ ਕਿਉਂਕਿ ਉਸ ਸਮੇਂ ਅੰਗਰੇਜ਼ ਮਹਾਰਾਜੇ ਦੀ ਤਾਕਤ ਤੋਂ ਡਰਦੇ ਵੀ ਸਨ।

ਮਹਾਰਾਜੇ 'ਚ ਇਹ ਵੀ ਕਮਜ਼ੋਰੀ ਰਹੀ ਕਿ ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਥਾਂ ਫਾਰਸੀ ਭਾਸ਼ਾ ਨੂੰ ਆਪਣੀ ਦਰਬਾਰੀ ਭਾਸ਼ਾ ਬਣਾਇਆ, ਅਗਰ ਉਹ ਚਾਹੁੰਦੇ ਤਾਂ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾ ਸਕਦੇ ਸਨ।

ਇਹ ਵੀ ਇਕ ਵੱਡਾ ਦੁਖਾਂਤ ਹੈ ਕਿ ਪੰਜਾਬੀਆਂ ਦਾ ਆਪਣਾ ਇੰਨਾ ਵੱਡਾ ਤੇ ਸ਼ਕਤੀਸ਼ਾਲੀ ਸਾਮਰਾਜ ਹੋਏ ਤੇ ਪੰਜਾਬੀ ਭਾਸ਼ਾ ਜੋ ਪੰਜਾਬੀਆਂ ਦੀ ਮਾਂ ਬੋਲੀ ਹੈ, ਨੂੰ ਰਾਜ ਭਾਸ਼ਾ ਦਾ ਸਨਮਾਨ ਨਾ ਮਿਲੇ।

ਦੇਸ਼ ਆਜ਼ਾਦ ਹੋਣ ਤੋਂ ਬਾਅਦ ਪੰਜਾਬ 'ਤੇ ਮੁੱਖ ਤੌਰ 'ਤੇ ਦੋ ਪਾਰਟੀਆਂ ਦਾ ਹੀ ਰਾਜ ਰਿਹਾ ਹੈ। ਉਹ ਪੰਜਾਬ ਦੇ ਲੋਕਾਂ ਨੂੰ ਮਨ-ਲੁਭਾਉਣੇ ਬਿਆਨ ਦੇ ਕੇ ਗੁੰਮਰਾਹ ਕਰ ਰਹੀਆਂ ਹਨ ਕਿ ਅਸੀਂ ਪੰਜਾਬ ਨੂੰ ਕੈਲੇਫੋਰਨੀਆ ਬਣਾ ਦਿਆਂਗੇ। ਇਹ ਸਾਰੇ ਬਿਆਨ ਨਿਰੇ ਹਵਾਈ ਕਿਲ੍ਹੇ ਹਨ, ਜਿਹਨਾਂ ਨੂੰ ਵੋਟਾਂ ਦੀ ਰਾਜਨੀਤੀ ਕਿਹਾ ਜਾ ਸਕਦਾ ਹੈ।

ਅੱਜ ਪੰਜਾਬ ਦੀ ਜੋ ਦੁਰਦਸ਼ਾ ਇਹਨਾਂ ਰਾਜਨੀਤਿਕ ਲੋਕਾਂ ਨੇ ਕਰ ਦਿੱਤੀ ਹੈ, ਜਿਹੜੀ ਕਿ ਅਫ਼ਗਾਨਿਸਤਾਨ ਦੀ ਆਰਥਿਕ ਹਾਲਤ ਤੋਂ ਵੀ ਭੈੜੀ ਹੈ। ਇਹ ਪੰਜਾਬ ਨੂੰ ਕੈਲੇਫੋਰਨੀਆ ਅਗਲੇ ਸੌ ਸਾਲਾਂ ਤੱਕ ਵੀ ਨਹੀਂ ਬਣਾ ਸਕਦੇ। ਕੈਲੇਫੋਰਨੀਆ ਤਾਂ ਅਮਰੀਕਾ ਦੀ ਸਭ ਤੋਂ ਅਮੀਰ ਸਟੇਟ ਹੈ ਜਿਸ ਨੂੰ 'ਗੋਲਡਨ ਸਟੇਟ' ਦਾ ਦਰਜਾ ਪ੍ਰਾਪਤ ਹੈ ਤੇ ਇੱਥੇ ਭ੍ਰਿਸ਼ਟਾਚਾਰ ਦਾ ਨਾਮੋ-ਨਿਸ਼ਾਨ ਨਹੀਂ ਹੈ। ਇਸ ਲਈ ਰਾਜਨੀਤੀਕਰਨ ਵਾਲੇ ਲੋਕੋ, ਰਾਜਨੀਤੀ ਨੂੰ ਆਪਣਾ ਵਿਉਪਾਰ ਨਾ ਬਣਾਓ, ਸਗੋਂ ਲੋਕ ਹਿੱਤਾਂ ਲਈ ਕੰਮ ਕਰੋ ਤੇ ਲੋਕਾਂ ਨੂੰ ਮੁੰਗੇਰੀ ਲਾਲ ਦੇ ਸੁਪਨੇ ਨਾ ਦਿਖਾਓ। ਪੰਜਾਬ ਨੂੰ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਕਰੋ, ਪੜ੍ਹੇ ਲਿਖੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੋ ਤਾਂ ਜੋ ਨੌਜਵਾਨ ਪੜ੍ਹ ਲਿਖ ਕੇ ਆਪਣੇ ਦੇਸ਼ ਦੀ ਸੇਵਾ ਕਰ ਸਕਣ ਤੇ ਵਿਦੇਸ਼ਾਂ ਵੱਲ ਰੁਜ਼ਗਾਰ ਦੀ ਖਾਤਰ ਨਾ ਭੱਜਣ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ 'ਖਾਲਸ ਰਾਜ' ਨਿਮਾਣਿਆਂ ਨੂੰ ਮਾਣ ਦੇਣ ਵਾਲਾ, ਨਿਤਾਣਿਆਂ ਨੂੰ ਤਾਣ ਦੇਣ ਵਾਲਾ, ਨਿਆਸਰਿਆਂ ਨੂੰ ਆਸਰਾ ਦੇਣ ਵਾਲਾ ਤੇ ਲੋਕਾਂ ਨੂੰ ਨਿਰਛਲਤਾ ਨਾਲ ਪਿਆਰ ਕਰਨ ਵਾਲਾ ਰਾਜ ਸੀ। ਉਹ ਉੱਚੇ ਆਦਰਸ਼ਾਂ ਦੇ ਮਾਲਕ ਸਨ।

ਉਹਨਾਂ ਨੇ ਸਰਕਾਰੀ ਸਿੱਕੇ ਤੇ ਬੰਦਾ ਬਹਾਦਰ ਵਾਲੇ ਸ਼ਬਦ ਹੀ ਉਕਰਵਾਏ: 'ਦੇਗੋ ਤੇਗੋ ਫਤਿਹ ਨੁਸਰਤ ਬੇਦ ਰੰਗ, ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।' 'ਖਾਲਸਾ ਪੰਥ' ਨੂੰ ਉੱਚਾ ਦਰਜਾ ਦੇਣ ਲਈ ਸਰਕਾਰੀ ਝੰਡੇ 'ਤੇ 'ਅਕਾਲ ਸਹਾਇਕ' ਧਾਰਨ ਕਰਵਾਇਆ।

ਆਪਣੇ ਨਾਂ ਜਾਂ ਆਪਣੀ ਮਿਸਲ ਸੁੱਕਰਚੱਕੀਆ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ। ਉਹਨਾਂ ਨੇ ਆਪਣੇ ਖਾਲਸਾ ਰਾਜ 'ਚ ਸਮੁੱਚੀ ਪੰਜਾਬੀਅਤ ਨੂੰ ਇਕ ਕੌਮ ਬਣਾਉਣ ਦਾ ਯਤਨ, ਸੱਚੇ ਦਿਲੋਂ ਕੀਤਾ। ਉਹਨਾਂ ਦੀ ਵਿਲੱਖਣ ਮਹਾਨਤਾ ਤੇ ਸ਼ਖਸੀਅਤ ਉਹਨਾਂ ਨੂੰ ਮਹਾਂਬਲੀ ਰਣਜੀਤ ਸਿੰਘ ਅਖਵਾਉਣ ਦੀ ਹਾਮੀ ਭਰਦੀ ਹੈ।

ਉਹਨਾਂ ਦੇ ਆਪਣੇ ਨਿੱਜੀ ਉੱਚਤਮ ਗੁਣਾਂ ਤੋਂ ਮਾਲੂਮ ਹੁੰਦਾ ਹੈ ਕਿ ਉਹ ਆਪਣੇ ਵਿਰਸੇ ਤੋਂ ਹੀ ਇਕ ਵਧੀਆ ਸ਼ਾਸਕ ਸਨ।

ਸਿੱਖ ਕੌਮ ਨੂੰ ਉਚਾਈ ਦੀਆਂ ਬੁਲੰਦੀਆਂ ਤੇ ਵਧੀਆ ਸ਼ਾਸਕੀ ਪ੍ਰਬੰਧ ਦੇਣ ਕਰਕੇ, ਅੰਗਰੇਜ਼ਾਂ, ਫਰਾਂਸੀਸੀਆਂ, ਰੂਸੀ ਤੇ ਪੁਰਤਗੇਜ਼ੀ ਕੌਮਾਂ ਦੇ ਮੁਕਾਬਲੇ 'ਚ ਇਕ ਤਾਕਤਵਰ 'ਸਿੱਖ ਖਾਲਸਾ ਰਾਜ' ਦੀ ਸਥਾਪਨਾ ਕਰਨ ਲਈ, ਉਹਨਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਤੇ ਸਲਾਹਿਆ ਜਾਵੇਗਾ। ਇਕ ਵਿਸ਼ਾਲ ਸਿੱਖ ਖਾਲਸਾ ਰਾਜ ਸਥਾਪਤ ਕਰਨਾ, ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਹੈ ਜਿਸ ਨੂੰ ਸਿੱਖ ਇਤਿਹਾਸ ਦਾ 'ਸੁਨਹਿਰੀ ਯੁੱਗ' ਕਹਿਣ 'ਚ ਕੋਈ ਅੱਤਕਥਨੀ ਨਹੀਂ ਹੈ।

*******

# ਰੂਸ-ਯੂਕਰੇਨ ਜੰਗ ਹੈ ਮਨੁੱਖਤਾ ਲਈ ਵੱਡੀ ਤ੍ਰਾਸਦੀ

ਰੂਸ ਅਤੇ ਯੂਕਰੇਨ ਵਿਚਾਲੇ ਜੰਗ ਸਵਾ ਸਾਲ ਹੋ ਗਏ ਨੇ।। ਅਫ਼ਸੋਸ ਦੀ ਗੱਲ ਇਹ ਹੈ ਕਿ ਇਹ ਜੰਗ 21ਵੀਂ ਸਦੀ 'ਚ ਅਜਿਹੇ ਵੇਲੇ ਚੱਲ ਰਹੀ ਹੈ ਜਦੋਂ ਸਾਡੀ ਧਰਤੀ 'ਤੇ ਵਸਦੀ ਮਨੁੱਖੀ ਸੱਭਿਅਤਾ ਖ਼ੁਦ ਨੂੰ ਬੇਹੱਦ ਸੱਭਿਅਕ, ਅਤਿ-ਆਧੁਨਿਕ ਤੇ ਹੱਦੋਂ ਵੱਧ ਪੜ੍ਹੀ-ਲਿਖੀ ਅਖਵਾਉਂਦੀ ਹੈ। ਸੰਯੁਕਤ ਰਾਸ਼ਟਰ, ਗੁੱਟ ਨਿਰਲੇਖ ਸੰਗਠਨ, ਜੀ-20 ਤੇ ਜੀ-7 ਜਿਹੇ ਅਨੇਕ ਕੌਮਾਂਤਰੀ ਸੰਗਠਨਾਂ ਦੀ ਮੌਜੂਦਗੀ ਦੇ ਬਾਵਜੂਦ ਜੇ ਇਸ ਵੇਲੇ ਜੰਗ ਇਕ ਸਾਲ ਤਿੰਨ ਮਹੀਨੇ 23 ਦਿਨਾਂ ਤਕ ਚੱਲਦੀ ਰਹਿ ਸਕਦੀ ਹੈ ਅਤੇ ਇਸ ਦੇ ਖ਼ਤਮ ਹੋਣ ਦੇ ਕਿਤੇ ਕੋਈ ਆਸਾਰ ਨਾ ਵਿਖਾਈ ਦੇ ਰਹੇ ਹੋਣ ਤਾਂ ਮਨੁੱਖੀ ਸਮਾਜ ਨੂੰ ਬਰਬਾਦ ਹੋਣ ਤੋਂ ਕੋਈ ਨਹੀਂ ਬਚਾ ਸਕਦਾ। ਜੰਗ ਦਾ ਇਹ ਰੇੜਕਾ ਕੋਈ ਪਿਛਲੇ ਵਰ੍ਹੇ ਤੋਂ ਹੀ ਸ਼ੁਰੂ ਨਹੀਂ ਹੋਇਆ। ਇਹ ਸਿਲਸਿਲਾ 2014 ਤੋਂ ਚੱਲਿਆ ਆ ਰਿਹਾ ਹੈ। ਇਹ ਜੰਗ ਉਸ ਦੇਸ਼ ਵੱਲੋਂ ਥੋਪੀ ਗਈ ਹੈ ਜੋ ਵਿਸ਼ਵ ਵਿਚ ਸਾਮਵਾਦ ਲਿਆਉਣ ਦੀਆਂ ਗੱਲਾਂ ਕਰਦਾ ਸੀ। ਅੱਜ ਉਹੀ ਰੂਸ ਸਾਮਰਾਜੀ ਨੀਤੀ 'ਤੇ ਚੱਲ ਕੇ ਯੂਕਰੇਨ ਵਰਗੇ ਛੋਟੇ ਦੇਸ਼ ਨੂੰ ਹੜੱਪਣਾ ਲੋਚਦਾ ਹੈ। ਹੁਣ ਤਕ ਇਸ ਸੰਘਰਸ਼ ਕਾਰਨ ਇਕ ਲੱਖ ਤੋਂ ਵੱਧ ਆਮ ਲੋਕਾਂ ਤੇ ਫ਼ੌਜੀ ਜਵਾਨਾਂ ਦੀ ਮੌਤ ਹੋ ਚੁੱਕੀ ਹੈ। ਸਰਕਾਰੀ ਅੰਕੜੇ ਭਾਵੇਂ ਇਹ ਗਿਣਤੀ ਕੁਝ ਘੱਟ ਦੱਸਦੇ ਹੋਣ ਪਰ ਇਸ ਜੰਗ ਕਾਰਨ ਜਿੰਨਾ ਜਾਨੀ ਤੇ ਮਾਲੀ ਨੁਕਸਾਨ ਹੋ ਚੁੱਕਾ ਹੈ, ਉਸ ਦੀ ਭਰਪਾਈ ਸ਼ਾਇਦ ਕਦੇ ਵੀ ਨਹੀਂ ਹੋ ਸਕਦੀ। ਰੂਸ ਵਿਰੋਧੀ ਬਹੁਤ ਸਾਰੇ ਪੱਛਮੀ ਵਿਕਸਤ ਦੇਸ਼ ਇਸ ਵੇਲੇ ਯੂਕਰੇਨ ਨੂੰ ਹਥਿਆਰ ਸਪਲਾਈ ਕਰ ਕੇ ਆਪਣੇ ਅਸਲਾ ਉਦਯੋਗਾਂ ਨੂੰ 'ਚਾਰ ਚੰਨ' ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਬੁੱਧਵਾਰ ਨੂੰ ਰੂਸ ਦੇ ਤਾਜ਼ਾ ਹਮਲੇ 'ਚ ਯੂਕਰੇਨ ਦੇ ਛੇ ਵਿਅਕਤੀ ਮਾਰੇ ਗਏ ਹਨ, ਦਰਜਨਾਂ ਘਰ ਤਬਾਹ ਹੋ ਗਏ ਹਨ। ਬੰਬਾਰੀ ਕਾਰਨ ਹੁਣ ਤਕ ਕਈ ਸ਼ਹਿਰ ਤਬਾਹ ਹੋ ਚੁੱਕੇ ਹਨ। ਇਸ ਜੰਗ ਦੌਰਾਨ ਰੂਸ ਤੇ ਯੂਕਰੇਨ ਆਪੋ-ਆਪਣੀ ਜਿੱਤ ਦੇ ਦਾਅਵੇ ਕਰਦੇ ਰਹੇ ਹਨ। ਇਸ ਜੰਗ ਦੇ ਬਹਾਨੇ ਬਹੁਤ ਸਾਰੇ ਕਾਰੋਬਾਰੀਆਂ ਨੇ ਵਸਤਾਂ ਦੀ ਤੋਟ ਦੀ ਦੁਹਾਈ ਦਿੰਦਿਆਂ ਮਹਿੰਗਾਈ ਨੂੰ ਸਿਖ਼ਰਾਂ ਤਕ ਪਹੁੰਚਾ ਦਿੱਤਾ ਹੈ। ਯੂਕਰੇਨ ਤੋਂ ਗ਼ਰੀਬ, ਖ਼ਾਸ ਕਰਕੇ ਅਫ਼ਰੀਕੀ ਉੱਪ-ਮਹਾਦੀਪ ਦੇ ਮੁਲਕਾਂ ਨੂੰ ਕਈ ਦਹਾਕਿਆਂ ਤੋਂ ਹੋਣ ਵਾਲੀ ਸਸਤੀਆਂ ਦਵਾਈਆਂ ਤੇ ਅਨਾਜ ਦੀ ਸਪਲਾਈ ਰੁਕ ਗਈ ਹੈ। ਉਨ੍ਹਾਂ ਦੇਸ਼ਾਂ ਨੂੰ ਇਹ ਸਭ ਹੁਣ ਕੌਮਾਂਤਰੀ ਬਾਜ਼ਾਰ 'ਚ ਮਹਿੰਗੇ ਭਾਅ ਖ਼ਰੀਦਣਾ ਪੈ ਰਿਹਾ ਹੈ। ਜੰਗ ਦੌਰਾਨ ਪੈਦਾ ਹੋਏ ਬੱਚੇ ਕੁਪੋਸ਼ਣ ਦੇ ਸ਼ਿਕਾਰ ਹੋਣ ਲੱਗੇ ਹਨ। ਲੱਖਾਂ ਨੌਜਵਾਨ ਜਾਂ ਤਾਂ ਯਤੀਮ ਹੋ ਚੁੱਕੇ ਹਨ ਜਾਂ ਅੰਗਹੀਣ ਹੋ ਗਏ ਹਨ। ਸ਼ਾਇਦ ਇਸ ਜੰਗ ਦੇ ਅਸਰ ਇਕ ਸਦੀ ਪਿੱਛੋਂ ਵੀ ਬਿਲਕੁਲ ਉਵੇਂ ਹੀ ਵੇਖੇ ਜਾਣਗੇ ਜਿਵੇਂ ਦੂਜੇ ਵਿਸ਼ਵ ਯੁੱਧ ਦੌਰਾਨ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਸੁੱਟੇ ਪਰਮਾਣੂ ਬੰਬ ਦੇ ਪ੍ਰਭਾਵ 78 ਸਾਲਾਂ ਬਾਅਦ ਹਾਲੇ ਵੀ ਵੇਖੇ ਜਾ ਰਹੇ ਹਨ। ਰੂਸ ਤੇ ਯੂਕਰੇਨ ਵਿਚਾਲੇ 1,000 ਕਿਲੋਮੀਟਰ ਲੰਬੀ ਸਰਹੱਦ ਹੈ ਤੇ ਕਿਸੇ ਵੀ ਸਮੇਂ ਕਿਤੋਂ ਵੀ ਹਮਲਾ ਹੋ ਜਾਂਦਾ ਹੈ।

ਇਹ ਜੰਗ ਜਦੋਂ ਸ਼ੁਰੂ ਹੋਈ ਸੀ ਤਦ ਕਿਸੇ ਨੂੰ ਵੀ ਆਸ ਨਹੀਂ ਸੀ ਕਿ ਇਹ ਇੰਨੀ ਲੰਬੀ ਖਿੱਚੀ ਜਾਵੇਗੀ। ਵਿਕਸਤ ਦੇਸ਼ ਇਸ ਜੰਗ ਨੂੰ ਖ਼ਤਮ ਕਰਵਾਉਣ ਦੀ ਥਾਂ ਯੂਕਰੇਨ ਨੂੰ ਖ਼ਤਰਨਾਕ ਹਥਿਆਰ ਸਪਲਾਈ ਕਰਨ ਨੂੰ ਪਹਿਲ ਦੇ ਰਹੇ ਹਨ। ਇਹ ਵੀ ਇਕ ਦੁਖਾਂਤ ਹੀ ਹੈ।

# ਪੰਜਾਬੀ ਕਵਿਤਾ ਦਾ ਮੁਹਾਂਦਰਾ

**ਲੇਖਕ- ਮਲਕੀਤ ਜੌੜਾ**



ਬਲਵਿੰਦਰ ਸਿੰਘ (ਡਾ)
91-80549-31839

ਪੰਜਾਬੀ ਕਾਵਿ ਦਾ ਆਰੰਭ ਨੌਵੀਂ ਸਦੀ ਵਿੱਚ ਨਾਥਾਂ ਜੋਗੀਆਂ ਦੁਆਰਾ ਰਚਿਤ ਰਚਨਾਵਾਂ ਰਾਹੀਂ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਰਚਨਾਵਾਂ ਵਿੱਚ ਪ੍ਰਭੂ-ਭਗਤੀ ਰਾਹੀਂ ਆਤਮਿਕ ਸ਼ੁੱਧੀ ਲਈ ਕੀਤੀ ਤਪੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਮੱਧਕਾਲੀ ਸਾਹਿਤ ਵਿੱਚ ਸੂਫ਼ੀ ਸਾਹਿਤ ਅਤੇ ਭਗਤੀ ਲਹਿਰ ਗੁਰੂ ਸਾਹਿਬਾਨ ਦੁਆਰਾ ਰਚਿਤ ਸਰਗੁਣ ਸਾਹਿਤ/ਰਚਨਾਵਾਂ ਵਿੱਚ ਪ੍ਰਮਾਤਮਾ ਦੀ ਰਹੱਸਮਈ ਹੋਂਦ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਹੀ ਵਾਰ ਕਾਵਿ ਰਾਹੀਂ ਯੁੱਧ ਵਿੱਚ ਸ਼ਾਮਲ ਯੋਧਿਆਂ ਦੀ ਬਹਾਦਰੀ ਨੂੰ ਵਾਰਾਂ ਦੇ ਰੂਪ ਵਿੱਚ ਕਵੀਆਂ ਨੇ ਆਪਣੇ ਕਾਵਿ ਨੂੰ ਪੇਸ਼ ਕੀਤਾ ਹੈ। ਆਧੁਨਿਕ ਪੰਜਾਬੀ ਕਵਿਤਾ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ 19ਵੀਂ-20ਵੀਂ ਸਦੀ ਵਿੱਚ ਪ੍ਰਫੁੱਲਿਤ ਹੋਈ ਕਿਉਂਕਿ ਪੱਛਮੀ ਦੇਸ਼ਾਂ ਵਿੱਚ ਸ਼ਹਿਰੀ ਸਭਿਅਤਾ ਦੇ ਉਥਾਨ ਅਤੇ ਉਦਯੋਗਿਕ ਇਕਾਈਆਂ ਦੇ ਸਥਾਪਤ ਹੋਣ ਅਤੇ ਪੁਰਾਣੀਆਂ ਧਾਰਮਿਕ ਰਹੁਰੀਤਾਂ ਨੂੰ ਤਿਆਗਣ ਅਤੇ ਨਵੀਆਂ ਸਦਾਚਾਰਕ ਅਤੇ ਨੈਤਿਕ ਮੁੱਲਾਂ ਨੂੰ ਕਾਵਿ ਰਾਹੀਂ ਅਪਣਾਉਣ ਬਾਰੇ ਦਰਸਾਇਆ ਹੈ। ਆਧੁਨਿਕ ਪੰਜਾਬੀ ਕਵਿਤਾ ਪਰੰਪਰਾਗਤ ਰੂੜ੍ਹੀਵਾਦੀ ਮੁੱਲ ਵਿਧਾਨ ਨੂੰ ਤਿਲਾਂਜਲੀ ਦੇਣ ਨਵੀਨਤਮ ਮੁੱਲਾਂ ਨੂੰ ਆਧੁਨਿਕ ਕਾਵਿ ਚਿੰਤਨ ਦਾ ਮੁੱਖ ਮੋਟਿਫ ਸਥਾਪਤ ਕਰਨਾ ਅਤੇ ਮਾਨਵੀ ਸੰਵੇਦਨਾ ਨੂੰ ਪੰਜਾਬੀ ਕਵਿਤਾ ਦਾ ਪ੍ਰਮੁੱਖ ਆਧਾਰ ਬਣਾਉਣਾ ਹੈ। ਪੰਜਾਬੀ ਕਾਵਿ ਸਾਹਿਤ ਵਿੱਚ ਜਦੋਂ ਵੀ ਕਿਸੇ ਲਹਿਰ/ਵਾਦ ਦਾ ਜਨਮ ਹੁੰਦਾ ਹੈ ਤਾਂ ਪੂਰਵਕ ਕਾਵਿ ਧਾਰਾ ਵਿਚਲੇ ਨਵੀਨਤਮ ਸਮਕਾਲੀ ਯਥਾਰਥਕ ਮੁੱਲਾਂ ਨੂੰ ਯੋਗ ਸਥਾਨ ਤੇ ਪ੍ਰਗਟਾਵਾ ਪ੍ਰਾਪਤ ਹੁੰਦਾ ਹੈ। ਕਾਵਿ ਸਾਹਿਤ ਨੂੰ ਮਾਨਵਤਾ ਦੇ ਕਲਿਆਣ ਲਈ ਵਰਤੋਂ ਵਿੱਚ ਲਿਆ ਕੇ ਲੇਖਕਾਂ/ਕਵੀਆਂ ਦੁਆਰਾ ਮਨੁੱਖ ਲਈ ਪ੍ਰੇਰਨਾਦਾਇਕ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ। ਕਾਵਿ ਨੂੰ ਵੀ ਸਾਹਿਤ ਦੇ ਵੱਖ-ਵੱਖ ਰੂਪਾਕਾਰਾਂ ਵਾਂਗ ਹੀ ਸਤਿਅਮ, ਸ਼ਿਵਮ ਸੁੰਦਰਮ ਰਾਹੀਂ ਮਾਨਵਵਾਦੀ ਤਸੱਵਰ ਕੀਤਾ ਗਿਆ ਹੈ। ਕਾਵਿ ਰਚਨਾ ਵਿੱਚ ਕਵੀ ਵਿਭਿੰਨ ਰਸ/ਤੱਤਾਂ ਜਿਵੇਂ ਅਲੰਕਾਰਾਂ ਦੀ ਵਰਤੋਂ, ਛੰਦ, ਬਿੰਬ, ਰਸ, ਧੁਨੀ ਆਦਿ ਕਲਾਤਮਕ ਤੱਤਾਂ ਦੀ ਵਰਤੋਂ ਨਾਲ ਆਪਣੀ ਰਚਨਾ ਨੂੰ ਸੌਂਦਰਯਮਈ ਬਣਾ ਕੇ ਪੇਸ਼ ਕਰਨ ਦਾ ਯਤਨ ਕਰਦੇ ਹਨ। ਆਧੁਨਿਕ ਪੰਜਾਬੀ ਕਵਿਤਾ ਵਿਕਾਸ ਦੇ ਵਿਭਿੰਨ ਪੜਾਵਾਂ ਵਿੱਚੋਂ ਲੰਘਦੀ ਹੋਈ ਉਦਯੋਗੀਕਰਨ/ਪੂੰਜੀਵਾਦੀ ਪ੍ਰਭਾਵ ਅਧੀਨ ਉਤਪੰਨ ਹੁੰਦੀ ਮੂਲ ਪ੍ਰੇਰਕ ਸ਼ਕਤੀ ਬਣਦੀ ਹੋਈ ਸਮਕਾਲੀ ਜੀਵਨ ਅਨੁਭਵ, ਭਾਵਬੋਧ ਦੀ ਪ੍ਰੇਰਕ ਸ਼ਕਤੀ ਵਜੋਂ ਉੱਭਰਦੀ ਅਤੇ ਵਿਗਸਦੀ ਹੈ। ਆਧੁਨਿਕ ਪੰਜਾਬੀ ਕਵਿਤਾ ਵਿਕਾਸ ਦੇ ਪੜਾਵਾਂ




ਵਿਚੋਂ ਲੰਘਦੀ ਹੋਈ ਵਿਭਿੰਨ ਕਾਵਿ ਧਾਰਾਵਾਂ ਰਹੱਸਵਾਦੀ, ਨਵ-ਰਹੱਸਵਾਦੀ, ਪ੍ਰਗਤੀਵਾਦੀ, ਨਵ-ਪ੍ਰਗਤੀਵਾਦੀ ਰਾਸ਼ਟਰਵਾਦੀ, ਪ੍ਰਯੋਗਸ਼ੀਲ, ਸੁਹਜਵਾਦੀ ਅਤੇ ਜੁਝਾਰੂ ਕਾਵਿ ਪ੍ਰਵ੍ਰਿਤੀ ਰਾਹੀਂ ਵਿਕਾਸ ਕਰਦੀ ਹੈ। ਇਨ੍ਹਾਂ ਕਾਵਿ ਧਾਰਾਵਾਂ ਵਿੱਚ ਸਮਕਾਲੀ, ਸਮ-ਾਜਿਕ, ਰਾਜਨੀਤਿਕ, ਆਰਥਿਕ ਪ੍ਰਸਥਿਤੀਆਂ, ਕਾਰਪੋਰੇਟ ਜਗਤ ਦੀ ਉਸਾਰੀ ਅਤੇ ਭੂ-ਮੰਡਲੀਕਰਨ ਦੇ ਰਾਹੀਂ ਹੋਏ ਵਿਕਾਸ ਜਿਸ ਵਿੱਚ ਮਨੁੱਖ ਨੂੰ ਮਨੁੱਖੀ ਹਸਤੀ ਤੋਂ ਵੰਚਿਤ ਕਰਦੀਆਂ ਸ਼ਕਤੀਆਂ ਦਾ ਉਤਪੰਨ ਹੋਣਾ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਵਿਅਕਤੀਗਤ/ਸਮੂਹਿਕ ਸਭਿਆਚਾਰਕ ਅੰਤਰ-ਦਵੰਦ ਨਾਲ ਰਿਸ਼ਤਿਆਂ ਦੀ ਟੁੱਟ-ਭੱਜ, ਬੇਗਾਨਗੀ/ਇਕੱਲਤਾ ਦਾ ਪ੍ਰਗਟਾਵਾ, ਮਨੋਵਿਗਿਆਨਕ ਤੌਰ 'ਤੇ ਮਨੁੱਖ ਦੇ ਮਨੋਭਾਵਾਂ ਵਿਚਲੀ ਅਸਥਿਰਤਾ ਆਦਿ ਵਿਸ਼ਿਆਂ ਨੂੰ ਸਮਕਾਲੀ ਕਾਵਿ ਵਿੱਚ ਰੂਪਮਾਨ ਕੀਤਾ ਗਿਆ ਹੈ।

ਸਮਕਾਲੀ ਪੰਜਾਬੀ ਕਾਵਿ ਵਿੱਚ ਮਨੁੱਖ ਦੇ ਅੰਦਰਲੇ ਅੰਤਰ ਵਿਰੋਧ ਰਾਹੀਂ ਬਣੀ ਸਥਿਤੀ ਨੂੰ ਗੁੰਝਲਦਾਰ ਬਣਾਉਣ ਵਾਲੇ ਪ੍ਰੇਰਕ ਅਤੇ ਮਨੁੱਖ ਦੀ ਵਿਡੰਬਣਾ ਨੂੰ ਪੇਸ਼ ਕੀਤਾ ਹੈ। ਸਮਕਾਲੀ ਕਾਵਿ ਵਿੱਚ ਨਾਰੀਵਾਦੀ, ਪ੍ਰਵਾਸੀ, ਦਲਿਤ ਕਾਵਿ, ਪਾਕਿ-ਸਤਾਨੀ ਸਾਹਿਤ ਵਿਚ ਉਰਦੂ ਅਤੇ ਸ਼ਾਹਮੁਖੀ ਰਾਹੀਂ ਹੁੰਦੀ ਰਚਨਾ ਨੂੰ ਵੀ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਨਾਰੀਵਾਦੀ ਕਾਵਿ ਰਚਨਾ ਵਿੱਚ ਔਰਤ ਦੇ ਪੱਖ ਵਿੱਚ ਹੁੰਦੀ ਕਾਵਿ ਸਿਰਜਨਾ ਵਿੱਚ ਪਹਿਲਾਂ ਤੋਂ ਸਥਾਪਤ ਰੂੜ੍ਹੀਵਾਦੀ ਪਰੰਪਰਾਵਾਂ ਪ੍ਰਤੀ ਵਿਰੋਧਾਤਮਿਕ ਸੁਰ ਪ੍ਰਗਟਾਉਣ, ਸਮਾਜਿਕ ਤੌਰ 'ਤੇ ਔਰਤ/ਮਰਦ ਵਿੱਚ ਬਣੀ ਵਿਭਿੰਨਤਾ ਰਾਹੀਂ ਔਰਤ ਦੀ ਹੁੰਦੀ ਦੁਰਦਸ਼ਾ, ਔਰਤ ਦੁਆਰਾ ਆਰਥਿਕ ਤੌਰ 'ਤੇ ਸਵੈ-ਨਿਰਭਰਤਾ ਅਤੇ ਰਾਜਨੀਤਕ ਸੱਤਾ ਵਿੱਚ ਹਿੱਸੇਦਾਰੀ ਪ੍ਰਤੀ ਚੇਤਨਤਾ ਆਦਿ ਵਿਸ਼ਿਆਂ ਨੂੰ ਕਵਿਤਾ ਦਾ ਆਧਾਰ ਬਣਾ ਕੇ ਔਰਤ ਦੁਆਰਾ ਕੀਤੇ ਜਾ ਰਹੇ ਸੰਘਰਸ਼ ਦਾ ਬੋਧ ਕਰਵਾਉਂਦੀ ਰਚਨਾ ਅਗਰਸਰ ਹੁੰਦੀ ਹੈ। ਪ੍ਰਵਾਸੀ ਪੰਜਾਬੀ ਕਵਿਤਾ ਵਿੱਚ ਪਦਾਰਥਵਾਦੀ ਮਨੁੱਖ ਦੁਆਰਾ ਆਪਣੇ ਲਾਲਚਵੱਸ ਹੋਣ ਦੀ ਭਾਵਨਾ ਦੇ ਵਹਿਣ ਰਾਹੀਂ ਦੂਸਰੇ ਦੇਸ਼ਾਂ ਦੇ ਪ੍ਰਵਾਸੀ ਬਣਕੇ ਆਪਣੇ ਪਿੱਛੇ ਵੱਸਦੇ ਪਰਿਵਾਰਾਂ ਦੇ ਵਿਯੋਗ ਵਿੱਚ ਹੰਢਾਉਂਦੇ ਦੁਖਾਂਤ ਨੂੰ ਰੂਪਮਾਨ ਕਰਦੀ ਕਾਵਿ ਰਚਨਾ ਪ੍ਰਕਾਸ਼ਿਤ ਹੋ ਰਹੀ ਹੈ। ਪ੍ਰਵਾਸੀ ਵਿਅਕਤੀ ਬੇਗਾਨੀ ਧਰਤੀ ਉੱਕਦ ਆਪਣੇ ਆਪ ਨੂੰ ਬਿਗਾਨਾ ਤਾਂ ਮਹਿਸੂਸਦਾ ਹੀ ਹੈ, ਪਰ ਦੂਜੀ ਪੀੜ੍ਹੀ ਦੀ ਨਸਲ ਵਿੱਚ ਪੈਦਾ ਹੋਇਆ ਅੰਤਰ-ਦਵੰਦ ਅਤੇ ਇਸ ਪੀੜ੍ਹੀ ਵਿਚ ਸਭਿਆਚਾਰਕ, ਨੈਤਿਕ ਮੁੱਲਾਂ ਵਿਚ ਆਈ ਗਿਰਾਵਟ, ਵਿਦੇਸ਼ੀ ਸਭਿਆਚਾਰ ਨਾਲ ਮਿਸ਼ਰਤ ਹੋਣ ਕਰਕੇ ਪੈਦਾ ਹੋ ਰਹੇ ਸੰਕਟ ਨੂੰ ਪੰਜਾਬੀ ਪਰਵਾਸੀ ਕਵਿਤਾ ਰਾਹੀਂ ਵਰਨਣ ਕੀਤਾ ਜਾ ਰਿਹਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਦਲਿਤ ਪੰਜਾਬੀ ਕਵਿਤਾ ਦਾ ਆਪਣਾ ਵੱਖਰਾ ਮਹੱਤਵ ਹੈ। ਦਲਿਤ ਪੰਜਾਬੀ ਕਵਿਤਾ ਦੇ ਪ੍ਰਮੁੱਖ ਵਿਸ਼ੇ ਸਮਾਜ ਵਿਚਲੇ ਲਿਤਾੜੇ ਵਰਗ ਦੇ ਦੁਖਾਂਤਕ ਜੀਵਨ ਅਤੇ ਇਸ ਪਿੱਛੇ ਕਾਰਜਸ਼ੀਲ ਨੇਮ ਜਿਸ ਨਾਲ ਮਨੁੱਖ ਦਾ ਜੀਵਨ ਨਰਕਮਈ ਬਣਾਉਣ ਵਾਲੇ ਸਮਾਜਿਕ ਪ੍ਰਬੰਧ ਪ੍ਰਤੀ ਕਟਾਖਸ਼ ਨੂੰ ਵਰਨਣ ਕੀਤਾ ਜਾ ਰਿਹਾ ਹੈ। ਇਸ ਕਾਵਿ ਰਾਹੀਂ ਸਮਾਜ ਵਿੱਚ ਸਭ ਤੋਂ ਘਟੀਆ ਦਰਜੇ ਦੇ ਗਰਦਾਨੇ ਵਸਨੀਕ, ਦਲਿਤ ਮਨੁੱਖ ਨਾਲ ਹੋ ਰਹੇ ਸਮਾਜਿਕ ਪੱਧਰ ਤੇ ਘਟੀਆ ਵਿਤਕਰੇ ਅਤੇ ਮਨੁੱਖੀ ਹੱਕਾਂ ਦੇ ਹੋ ਰਹੇ ਹਨਨ ਦੇ ਵਿਰੋਧ ਵਿੱਚ ਸਮੁੱਚੀ ਦਲਿਤ ਲੋਕਾਈ ਨੂੰ ਚੇਤੰਨ ਕਰਨ ਦਾ ਯਤਨ ਕੀਤਾ ਗਿਆ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਮੁਹਾਂਦਰੇ ਨੂੰ ਨਵੇਂ ਵਿਧੀ ਵਿਧਾਨ ਰਾਹੀਂ ਸੰਸਾਰ ਪੱਧਰ ਤੇ ਮਾਨਵੀ ਕਲਿਆਣ/ਸੰਵੇਦਨਾ ਨੂੰ ਪ੍ਰਗਟਾਉਣ ਨੂੰ ਪ੍ਰਮੁੱਖਤਾ ਦੇਣ ਵਾਲੀ ਕਾਵਿ ਰਚਨਾ ਨੂੰ ਪ੍ਰਮਾਣਿਕ ਕਰਨ ਦਾ ਸਾਰਥਿਕ ਯਤਨ ਕਰਨ ਵਾਲੇ ਕਵੀਆਂ/ਲੇਖਕਾਂ ਵਿਚ ਵਿਸ਼ੇਸ਼ ਤੌਰ 'ਤੇ ਇਕ ਨਾਂ ਮਲਕੀਤ ਜੌੜਾ ਦਾ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

ਪ੍ਰੋ. ਮਲਕੀਤ ਜੌੜਾ ਮਾਨਵਵਾਦੀ/ਸੰਵੇਦਨਸ਼ੀਲ ਕਵੀ ਹੋਣ ਕਰਕੇ ਸਮਕਾਲੀ ਕਾਵਿ ਦਾ ਨਿਵੇਕਲਾ ਹਸਤਾਖ਼ਰ ਹੈ। ਮਲਕੀਤ ਜੌੜਾ ਆਪਣੀ ਕਾਵਿ ਰਚਨਾ ਵਿੱਚ ਮਨੁੱਖ ਦੀ ਹਸਤੀ ਨੂੰ ਸਮੁੱਚੀ ਲੋਕਾਈ ਦੀ ਹੋਂਦ ਸਥਾਪਤੀ ਲਈ ਯਤਨ ਕਰਨ ਨੂੰ ਸਮੁੱਚੀ ਮਾਨਵਤਾ ਦੇ ਕਲਿਆਣ ਲਈ ਮਾਧਿਅਮ ਵਜੋਂ ਵਰਤਣ ਨੂੰ ਪ੍ਰਮੁੱਖ ਰੂਪ ਵਿੱਚ ਅਗਰਸਰ ਕਰਦਾ ਹੈ। ਮਲਕੀਤ ਜੌੜਾ ਨੇ ਹੁਣ ਤੱਕ ਨਿੱਜ ਤੋਂ ਪਰ ਵੱਲ, ਵਿਲਕਦਾ ਰੁੱਖ, ਗ੍ਰਹਿਣੇ ਸੂਰਜ, ਹਰਫ਼ਾਂ ਦੀ ਹਾਜ਼ਰੀ ਅਤੇ ਖੁਣੇ ਹੋਏ ਨਕਸ਼ ਕਾਵਿ ਪੁਸਤਕਾਂ ਅਤੇ ਆਲੋਚਨਾਤਮਿਕ ਕਾਰਜ ਵਿੱਚ ਸੰਪਾਦਿਤ ਪੁਸਤਕ ਦਲਿਤ ਕਾਵਿ ਸੰਵਾਦ, ਨਰਿੰਦਰ ਡਾਕਸੀਵਾਲ ਦਾ ਰਚਨਾਤਮਿਕ ਵਿਵੇਕ ਅਤੇ ਜੈ ਦੇਵ ਦਿਲਬਰ ਰਚਨਾਵਾਲੀ ਰਾਹੀਂ ਸਾਹਿਤ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।

ਮਲਕੀਤ ਜੌੜਾ ਨਿਰੰਤਰ ਸਾਹਿਤ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਉਸ ਨੇ ਆਪਣੀ ਪੁਸਤਕ 'ਪੰਜਾਬੀ ਕਵਿਤਾ ਦਾ ਮੁਹਾਂਦਰਾ' ਰਾਹੀਂ ਆਪਣੀ ਸਾਹਿਤਕ ਨਿਰੰਤਰਤਾ ਨੂੰ ਕਾਇਮ ਰੱਖਣ ਦਾ ਸਾਰਥਿਕ ਯਤਨ ਕੀਤਾ ਹੈ। ਮਲਕੀਤ ਜੌੜਾ ਨੇ ਆਪਣੀ ਸਾਹਿਤਕ ਖੋਜ ਵਾਲੀ ਰੁਚੀ ਦੀ ਪੂਰਤੀ ਲਈ ਸਮਕਾਲੀ ਕਵੀਆਂ ਦੀਆਂ ਰਚਨਾਵਾਂ/ਪੁਸਤਕਾਂ ਨੂੰ ਆਧਾਰ ਬਣਾ ਕੇ ਕੀਤੇ ਕਾਰਜ ਨੂੰ ਇਸ ਪੁਸਤਕ ਵਿੱਚ ਸ਼ਾਮਲ ਕਰਨ ਦਾ ਸੁਹਿਰਦ ਯਤਨ ਕੀਤਾ ਹੈ। ਇਨ੍ਹਾਂ ਕਵੀਆਂ ਦੀਆਂ ਵੱਖ-ਵੱਖ ਸਮੇਂ ਪ੍ਰਕਾਸ਼ਿਤ ਕਾਵਿ ਪੁਸਤਕਾਂ ਨੂੰ ਆਪਣੀ ਆਲੋਚਨਾਤਮਿਕ ਦ੍ਰਿਸ਼ਟੀ ਰਾਹੀਂ ਰਚਨਾਵਾਂ ਵਿੱਚ ਪੇਸ਼ ਥੀਮ/ਮੋਟਿਫ਼, ਕਾਵਿ ਪੈਰਾਡਾਈਮ ਆਦਿ ਕਾਵਿ ਨਾਲ ਸਬੰਧਿਤ ਪੇਸ਼ ਪੈਟਰਨਾਂ ਨੂੰ ਆਪਣੀ ਦੀਰਘ ਦ੍ਰਿਸ਼ਟੀ ਰਾਹੀਂ ਪਰਖਣ ਦਾ ਯਤਨ ਕੀਤਾ ਹੈ। ਮਲਕੀਤ ਜੌੜਾ ਹੁਣ ਆਪਣੀ ਪੁਸਤਕ 'ਪੰਜਾਬੀ ਕਵਿਤਾ ਦਾ ਮੁਹਾਂਦਰਾ' ਦੇ ਰੂਪ ਵਿਚ ਪੰਜਾਬੀ ਪਾਠਕਾਂ ਦੇ ਸਨਮੁੱਖ ਕਰ ਰਿਹਾ ਹੈ। ਪ੍ਰੋ. ਮਲਕੀਤ ਜੌੜਾ ਦੁਆਰਾ ਕੀਤੇ ਇਸ ਸਾਰਥਕ ਯਤਨ ਲਈ ਦਿਲੋਂ ਮੁਬਾਰਕਬਾਦ। ਮੈਂ ਆਸ ਕਰਦਾ ਹਾਂ ਕਿ ਮਲਕੀਤ ਜੌੜਾ ਦਾ ਇਹ ਕਾਰਜ ਪੰਜਾਬੀ ਕਾਵਿ ਖੇਤਰ ਵਿਚ ਰੁਚੀ ਰੱਖਣ ਵਾਲਿਆਂ ਲਈ ਲਾਭਦਾਇਕ ਸਿੱਧ ਹੋਵੇਗਾ।

# 'ਪੰਥ ਵਲੋਂ ਨਕਾਰਿਆਂ ਤੇ ਦੁਰਕਾਰਿਆਂ ਨੂੰ ਧਾਰਮਿਕ ਅਹੁਦਿਆਂ 'ਤੇ ਨਿਯੁਕਤੀਆਂ ਕਰਨ ਦਾ ਕੋਈ ਹੱਕ ਨਹੀਂ !

**ਸੈਨਹੋਜ਼ੇ-** ਪੰਥਕ ਪ੍ਰੰਪਰਾਵਾਂ ਅਤੇ ਰਵਾਇਤਾਂ ਤੋਂ ਲਾਂਭੇ ਜਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਥੋਪੇ ਗਏ ਨਵੇਂ ਜਥੇਦਾਰ ਭਾਈ ਰਘਬੀਰ ਸਿੰਘ ਦੀ ਨਿਯੁਕਤੀ ਬਾਰੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਪ੍ਰਵਾਸੀ ਲੇਖਕ ਤਰਲੋਚਨ ਸਿੰਘ ਦੁਪਾਲ ਪੁਰ ਨੇ ਆਪਣੇ ਲਿਖਤੀ ਬਿਆਨ ਵਿੱਚ ਕਿਹਾ ਕਿ ਪੰਥ ਦੀਆਂ ਪੁਰਾਤਨ ਰਵਾਇਤਾਂ ਨੂੰ ਦਰਕਿਨਾਰ



ਕਰਕੇ ਕੁੱਝ ਵਰ੍ਹਿਆਂ ਤੋਂ ਚੱਲੀ ਹੋਈ 'ਬਾਦਲ-ਗਰਦੀ' ਨੂੰ ਸਿੱਖ ਜਗਤ ਬਾਜ ਨਜ਼ਰ ਨਾਲ ਦੇਖ ਰਿਹਾ ਹੈ।

ਇਸ ਪੱਤਰਕਾਰ ਨੂੰ ਈ-ਮੇਲ ਰਾਹੀਂ ਭੇਜੇ ਆਪਣੇ ਬਿਆਨ ਵਿੱਚ ਭਾਈ ਦੁਪਾਲ ਪੁਰ ਨੇ ਸਵਾਲ ਕੀਤਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਰਬਉੱਚ ਪ੍ਰਚਾਰਨ ਵਾਲੇ ਆਗੂ ਕੁੱਝ ਘੰਟਿਆਂ ਵਿੱਚ ਹੀ 'ਉੱਤੋਂ ਆਏ ਹੁਕਮ' ਦੀ ਤਾਮੀਲ ਕਰਕੇ ਅੰਤ੍ਰਿਗ ਕਮੇਟੀ ਨੂੰ 'ਸਰਬੋਤਮ' ਬਣਾ ਦਿੰਦੇ ਹਨ। ਉਨ੍ਹਾਂ ਕਿਹਾ ਕਿ 'ਢਕੀ ਰਿੱਝੇ ਕੋਈ ਨਾ ਬੁੱਝੇ' ਵਾਲ਼ੇ ਦੌਰ ਲੱਦ ਗਏ ਹਨ,ਹੁਣ ਸੋਸ਼ਲ ਮੀਡ੍ਹੀਏ ਦੀ ਬਦੌਲਤ ਹਰ ਸਿੱਖ ਤੱਕ ਇਹ ਜਾਣਕਾਰੀ ਪਹੁੰਚ ਜਾਂਦੀ ਹੈ ਕਿ ਲਾਹੇ ਗਏ ਜਥੇਦਾਰ ਤੋਂ ਕਦੋਂ, ਕਿਸਨੂੰ ਅਤੇ ਕਾਹਦੀ 'ਪ੍ਰੌਬਲਮ' ਹੋਈ ਹੈ! ਸੋ ਅੰਤ੍ਰਿਗ ਕਮੇਟੀ ਦੇ ਮੋਢਿਆਂ 'ਤੇ ਰੱਖ ਕੇ ਬੰਦੂਕ ਚਲਾਉਣ ਵਾਲ਼ੇ ਆ-ਪਣੀਆਂ ਕਪਟੀ ਚਾਲਾਂ ਨੂੰ ਗੁੱਝੀਆਂ ਛਿਪੀਆਂ ਰਹਿ ਗਈਆਂ ਨਾ ਸਮਝਣ! ਨਵੇਂ ਜਥੇਦਾਰ ਬਾਰੇ ਭਾਈ ਦੁਪਾਲ ਪੁਰ ਨੇ 'ਉੱਤੋਂ ਹੁਕਮ ਚਲਾਉਣ' ਵਾਲਿਆਂ ਨੂੰ ਪੁੱਛਿਆ ਕਿ ਜੇਕਰ ਅਹੁਦਿਉਂ ਲਾਹੇ ਜਥੇਦਾਰ ਦੇ ਕੋਈ ਫੈਸਲੇ



ਤਰਲੋਚਨ ਸਿੰਘ ਦੁਪਾਲਪੁਰ

ਜਾਂ ਕੀਤੇ ਕਾਰਜ ਤੁਹਾਡੇ 'ਰਾਸ' ਨਹੀਂ ਆਏ ਤਾਂ ਉਨ੍ਹਾਂ ਵਿੱਚ ਹੁਣ ਥੋਪੇ ਗਏ ਗਿਆਨੀ ਰਘਬੀਰ ਸਿੰਘ ਦਾ ਵੀ ਤਾਂ ਬਰਾਬਰ ਦਾ ਯੋਗਦਾਨ ਸੀ?

ਗਿਆਨੀ ਹਰਪ੍ਰੀਤ ਸਿੰਘ ਨੂੰ ਵਿਦੇਸ਼ੋਂ ਉਡੀਕਣ ਤੋਂ ਬਿਨਾਂ ਹੀ ਹੰਗਾਮੀਂ ਮੀਟਿੰਗ 'ਚ ਕੀਤੀ ਇਸ ਅਦਲਾ-ਬਦਲੀ ਵਿੱਚ ਉਨ੍ਹਾਂ ਦੀ 'ਸਹਿਮਤੀ ਹੋਣ' ਦਾ ਕੁਫਰ ਤੋਲਣ ਵਾਲ਼ੇ ਧਾਰਮਿਕ ਆਗੂਆਂ ਨੂੰ ਫਾਰਸੀ ਦੀ ਕਹਾਵਤ 'ਚਿ:ਕੁਫ਼ਰ ਅਜ਼ ਕਾਅਬਾ ਬਰਖੇਜ਼ਦ ਕੁਜ਼ਾ ਮਾਨਦ ਮੁਸਲਮਾਨੀ' ਦਾ ਹਵਾਲਾ ਦਿੰਦਿਆਂ ਭਾਈ ਦੁਪਾਲ ਪੁਰ ਨੇ ਕਿਹਾ ਕਿ ਸਿੱਖ ਜਗਤ ਦੇ ਮੱਕੇ ਸ੍ਰੀਦਰਬਾਰ ਸਾਹਿਬ ਕੰਪਲੈਕਸ ਵਿੱਚ ਬੈਠ ਕੇ ਝੂਠ ਬੋਲਣ ਨਾਲ ਸਿੱਖੀ ਨੂੰ ਕਿੰਨਾਂ ਨੁਕਸਾਨ ਹੁੰਦਾ ਹੈ, ਇਹਦਾ ਤੁਸੀਂ ਅੰਦਾਜਾ ਨਹੀ ਲਾ ਸਕਦੇ ਕਿਉਂਕਿ ਤੁਹਾਨੂੰ ਨਕਾਰੇ ਅਤੇ ਦੁਰਕਾਰੇ ਟੱਬਰ ਦੇ ਉੱਖੜੇ ਹੋਏ ਪੈਰ ਮੁੜ ਜਮਾਉਣ ਦੀ ਚਿੰਤਾ ਪਈ ਹੋਈ ਹੈ !

ਬਿਆਨ ਦੇ ਅਖੀਰ ਵਿੱਚ ਭਾਈ ਦੁਪਾਲ ਪੁਰ ਨੇ ਪੰਜਾਬ ਦੇ ਸਿੱਖ ਵੋਟਰਾਂ ਨੂੰ ਹਾਰਦਿਕ ਅਪੀਲ ਕੀਤੀ ਹੈ ਕਿ ਉਹ ਬਾਦਲਸ਼ਾਹੀ ਦੀ ਪੰਜਾਲ਼ੀ ਗਲ਼ 'ਚ ਪਾਈ ਬੈਠੀ ਪੰਥਕ ਕੇਂਦਰ 'ਤੇ ਕਾਬਜ ਜੁੰਡਲੀ ਤੋਂ ਨਿਜਾਤ ਪਾਉਣ ਲਈ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਚੋਣਾ ਲਈ ਕਮਰਕੱਸੇ ਕਰੇ।

# 9 ਸਾਲ 'ਚ 11 ਦੇਸ਼ਾਂ ਦੀ ਸੰਸਦ ਨੂੰ ਸੰਬੋਧਨ ਕਰ ਚੁੱਕੇ ਹਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ

**ਨਵੀਂ ਦਿੱਲੀ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਗਲਵਾਰ (20-06-23) ਨੂੰ ਆਪਣੇ ਚਾਰ ਦਿਨਾਂ ਅਮਰੀਕਾ ਦੌਰੇ 'ਤੇ ਅਮਰੀਕਾ ਪਹੁੰਚ ਗਏ ਹਨ। ਇਸ ਦੇ ਨਾਲ ਹੀ ਇਹ ਉਨ੍ਹਾਂ ਦਾ ਅੱਠਵਾਂ ਅਮਰੀਕਾ ਦੌਰਾ ਹੈ। ਪੀਐਮ ਮੋਦੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਅਮਰੀਕਾ ਦੀ ਪਹਿਲੀ ਮਹਿਲਾ ਜਿਲ ਬਾਈਡਨ ਦੇ ਸੱਦੇ 'ਤੇ ਅਮਰੀਕਾ ਲਈ ਆਏ ਹਨ। ਇਸ ਦੌਰੇ ਦੀ ਖਾਸ ਗੱਲ ਇਹ ਹੈ ਕਿ ਪੀਐਮ ਮੋਦੀ ਦੂਜੀ ਵਾਰ ਅਮਰੀਕੀ ਕਾਂਗਰਸ (ਸੰਸਦ) ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਨ ਵਾਲੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ। ਇਸ ਦੇ ਨਾਲ ਹੀ ਸਾਲ 2014 'ਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪੀਐੱਮ ਮੋਦੀ ਨੇ 9 ਸਾਲਾਂ 'ਚ 11 ਵਿਦੇਸ਼ੀ ਸੰਸਦਾਂ ਨੂੰ ਸੰਬੋਧਨ ਕੀਤਾ ਹੈ। ਆਓ ਜਾਣਦੇ ਹਾਂ ਕਿ ਪੀਐਮ ਮੋਦੀ ਨੇ ਵਿਦੇਸ਼ੀ ਸੰਸਦਾਂ ਨੂੰ ਕਦੋਂ ਸੰਬੋਧਨ ਕੀਤਾ ਹੈ।

ਨੌਂ ਸਾਲਾਂ ਵਿੱਚ 11 ਦੇਸ਼ਾਂ ਦੀ ਸੰਸਦ ਨੂੰ ਸੰਬੋਧਨ ਕੀਤਾ

ਸਾਲ 2014

ਭੂਟਾਨ ਦੀ ਸੰਸਦ ਨੂੰ ਸੰਬੋਧਨ ਕੀਤਾ
ਨੇਪਾਲ ਦੀ ਸੰਸਦ ਨੂੰ ਸੰਬੋਧਨ ਕੀਤਾ
ਆਸਟ੍ਰੇਲੀਆ ਦੀ ਸੰਸਦ ਨੂੰ ਸੰਬੋਧਨ ਕੀਤਾ
ਫਿਜੀ ਦੀ ਸੰਸਦ ਨੂੰ ਸੰਬੋਧਨ ਕੀਤਾ

ਸਾਲ 2015

ਸ੍ਰੀਲੰਕਾ ਦੀ ਸੰਸਦ ਨੂੰ ਸੰਬੋਧਨ ਕੀਤਾ
ਮੰਗੋਲੀਆ ਦੀ ਸੰਸਦ ਨੂੰ ਸੰਬੋਧਨ ਕੀਤਾ
ਬ੍ਰਿਟਿਸ਼ ਸੰਸਦ ਨੂੰ ਸੰਬੋਧਨ ਕੀਤਾ
ਅਫਗਾਨਿਸਤਾਨ ਦੀ ਸੰਸਦ ਨੂੰ ਸੰਬੋਧਨ ਕੀਤਾ

ਸਾਲ 2016

ਅਮਰੀਕੀ ਕਾਂਗਰਸ (ਸੰਸਦ) ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕੀਤਾ।

ਸਾਲ 2018

ਮੋਦੀ ਨੇ ਯੂਗਾਂਡਾ ਦੀ ਸੰਸਦ ਨੂੰ ਸੰਬੋਧਨ ਕੀਤਾ

ਸਾਲ 2019

ਮਾਲਦੀਵ ਦੀ ਸੰਸਦ ਨੂੰ ਸੰਬੋਧਨ ਕੀਤਾ

ਸਾਲ 2023

ਪ੍ਰਧਾਨ ਮੰਤਰੀ ਮੋਦੀ 22 ਜੂਨ ਨੂੰ ਦੂਜੀ ਵਾਰ ਅਮਰੀਕੀ ਕਾਂਗਰਸ (ਸੰਸਦ) ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਨਗੇ

ਵਿਦੇਸ਼ੀ ਸੰਸਦਾਂ ਨੂੰ ਸੰਬੋਧਨ ਕਰਨ ਵਾਲੇ ਭਾਰਤੀ ਪ੍ਰਧਾਨ ਮੰਤਰੀਆਂ ਦੀ ਸੂਚੀ ਲੰਬੀ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਸੂਚੀ ਵਿੱਚ ਨਰਿੰਦਰ ਮੋਦੀ ਬਾਕੀ ਪ੍ਰਧਾਨ ਮੰਤਰੀਆਂ ਤੋਂ ਕਾਫੀ ਅੱਗੇ ਹਨ। 22 ਜੂਨ 2023 ਨੂੰ ਪ੍ਰਧਾਨ ਮੰਤਰੀ ਮੋਦੀ 12ਵੀਂ ਵਾਰ ਵਿਦੇਸ਼ੀ ਸੰਸਦ ਨੂੰ ਸੰਬੋਧਨ ਕਰਨ ਜਾ ਰਹੇ ਹਨ। ਇਸ ਤੋਂ ਬਾਅਦ ਦੂਜੇ ਨੰਬਰ 'ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਨਾਂ ਆਉਂਦਾ ਹੈ, ਜਿਨ੍ਹਾਂ ਨੇ ਦਸ ਸਾਲਾਂ 'ਚ ਸੱਤ ਵਾਰ ਵਿਦੇਸ਼ੀ ਸੰਸਦ ਨੂੰ ਸੰਬੋਧਨ ਕੀਤਾ। ਇਸ ਦੇ ਨਾਲ ਹੀ ਤੀਜੇ ਸਥਾਨ 'ਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹਨ, ਜਿਨ੍ਹਾਂ ਨੇ ਚਾਰ ਵਾਰ ਵਿਦੇਸ਼ੀ ਸੰਸਦ ਨੂੰ ਸੰਬੋਧਨ ਕੀਤਾ।

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਰਾਜੀਵ ਗਾਂਧੀ ਨੇ ਦੋ-ਦੋ ਵਾਰ ਵਿਦੇਸ਼ੀ ਸੰਸਦਾਂ ਨੂੰ ਸੰਬੋਧਨ ਕੀਤਾ। ਸਾਬਕਾ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਅਤੇ ਵੀਪੀ ਸਿੰਘ ਨੇ ਇੱਕ-ਇੱਕ ਵਾਰ ਵਿਦੇਸ਼ੀ ਸੰਸਦਾਂ ਨੂੰ ਸੰਬੋਧਨ ਕੀਤਾ।

ਪੀਐਮ ਮੋਦੀ ਅਮਰੀਕੀ ਕਾਂਗਰਸ (ਸੰਸਦ) ਨੂੰ ਸੰਬੋਧਨ ਕਰਨ ਵਾਲੇ ਛੇਵੇਂ ਪ੍ਰਧਾਨ ਮੰਤਰੀ ਹਨ। ਸਭ ਤੋਂ ਪਹਿਲਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਸਾਲ 1949 ਵਿੱਚ ਅਮਰੀਕੀ ਕਾਂਗਰਸ ਨੂੰ ਸੰਬੋਧਨ ਕੀਤਾ ਸੀ। ਸਾਲ 1985 ਵਿੱਚ ਅਮਰੀਕੀ ਸੰਸਦ ਤੋਂ ਰਾਜੀਵ ਗਾਂਧੀ ਨੂੰ ਸੰਬੋਧਨ ਕੀਤਾ। ਸਾਲ 1994 ਵਿੱਚ ਪੀਵੀ ਨਰਸਿਮਹਾ ਰਾਓ ਨੇ ਕਾਂਗਰਸ ਸੰਸਦ ਨੂੰ ਸੰਬੋਧਨ ਕੀਤਾ ਸੀ। ਇਸ ਤੋਂ ਬਾਅਦ ਸਾਲ 2000 ਵਿੱਚ ਅਟਲ ਬਿਹਾਰੀ ਵਾਜਪਾਈ ਨੇ ਅਮਰੀਕੀ ਸੰਸਦ ਨੂੰ ਸੰਬੋਧਨ ਕੀਤਾ। ਮਨਮੋਹਨ ਸਿੰਘ ਨੇ ਸਾਲ 2005 ਵਿੱਚ ਅਮਰੀਕੀ ਸੰਸਦ ਨੂੰ ਸੰਬੋਧਨ ਕੀਤਾ ਸੀ। ਇਸ ਤੋਂ ਬਾਅਦ ਸਾਲ 2016 ਵਿੱਚ ਪੀਐਮ ਮੋਦੀ ਨੇ ਪਹਿਲੀ ਵਾਰ ਅਮਰੀਕੀ ਸੰਸਦ ਨੂੰ ਸੰਬੋਧਨ ਕੀਤਾ ਸੀ। ਹੁਣ 22 ਜੂਨ ਨੂੰ ਉਹ ਦੂਜੀ ਵਾਰ ਇਹ ਕਾਰਨਾਮਾ ਕਰਨ ਜਾ ਰਿਹਾ ਹੈ।

ਉਹ ਸੰਯੁਕਤ ਰਾਸ਼ਟਰ ਸਕੱਤਰੇਤ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਪ੍ਰੋਗਰਾਮ ਦੀ ਅਗਵਾਈ ਕਰਨਗੇ। ਇਸ ਤੋਂ ਬਾਅਦ ਉਹ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਅਤੇ ਜਿਲ ਬਿਡੇਨ ਨਾਲ ਡਿਨਰ 'ਚ ਸ਼ਾਮਲ ਹੋਣਗੇ।

22 ਜੂਨ

ਪੀਐਮ ਮੋਦੀ ਵ੍ਹਾਈਟ ਹਾਊਸ ਜਾਣਗੇ। ਦੋ-ਪੱਖੀ ਮੀਟਿੰਗਾਂ ਅਤੇ ਵਫ਼ਦ ਪੱਧਰ ਦੀ ਗੱਲਬਾਤ ਹੋਵੇਗੀ। ਇਸ ਤੋਂ ਬਾਅਦ ਉਹ ਅਮਰੀਕੀ ਕਾਂਗਰਸ ਨੂੰ ਸੰਬੋਧਨ ਕਰਨਗੇ। ਇਸ ਦੌਰੇ ਦੌਰਾਨ ਨਰਿੰਦਰ ਮੋਦੀ ਜੌਹਨ ਐਫ ਕੈਨੇਡੀ ਸੈਂਟਰ 'ਚ ਆਯੋਜਿਤ ਪ੍ਰੋਗਰਾਮ 'ਚ ਹਿੱਸਾ ਲੈਣਗੇ। ਇਸ ਦੇ ਨਾਲ ਹੀ ਉਹ ਐਲਨ ਮਸਕ ਸਮੇਤ ਕਈ ਅਮਰੀਕੀ ਸੀਈਓਜ਼ ਨਾਲ ਮੁਲਾਕਾਤ ਕਰਨਗੇ।

## ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ




# ਅੱਜ ਵੀ ਸਟਾਰ ਹੈ ਮਾਹਣੀ ਖੇੜਾ ਵਾਲਾ ਗੁੱਗੂ ਗਿੱਲ: ਇੱਕ ਮੁਲਾਕਾਤ ਤੇ ਅਧਾਰਿਤ

ਤਰਤੀਬ ਤੇ ਵਕਤ ਦੀ ਸੂਈ, ਕੁੱਝ ਸਾਲ ਪਹਿਲਾਂ ਬਲਦੇਵ ਖੋਸਾ ਤੇ ਧਰਮਿੰਦਰ, ਸ਼ਤਰੂਘਨ ਸਿਨਹਾ ਸਾਰੇ "ਪੁੱਤ ਜੱਟਾਂ ਦੇ "ਦੀ ਸ਼ੂਟਿੰਗ ਮਾਹਣੀ ਖੇੜਾ ਕਰ ਰਹੇ ਸਨ ਤੇ ਇਸ ਪਿੰਡ ਦੇ ਗੁੱਗੂ ਗਿੱਲ ਦੇ ਭਾਈ ਇਸ ਫਿਲਮ ਦੇ ਨਿਰਮਾਤਾ ਸਨ, ਬਸ ਘਰ ਦੀ ਫਿਲਮ ਪਰ 2 ਮਿੰਟ ਦਾ ਸਿਰਫ ਕੁੱਤੇ ਲੜਾਉਣ ਦਾ ਦ੍ਰਿਸ਼ ਦੇ ਗੁੱਗੂ ਨੂੰ ਖੁਸ਼ ਕਰ ਦਿੱਤਾ ਗਿਆ।ਗੱਲ ਅਸਲੀ ਕਲਾਕਾਰ ਬਣ ਜਾਣ ਦੀ ਕਿਵੇਂ ਬਣੀ?ਸਵਾਲ ਕੀਤਾ ਤਾਂ ਜਵਾਬ ਸੀ ਵਕਤ ਟੱਪ ਗਿਆ ਤੇ 22 ਇਕਬਾਲ ਢਿੱਲੋਂ ਦੇ ਸਾਡੇ ਪਰਿਵਾਰ ਨਾਲ ਘਰੇਲੂ ਸੰਬੰਧ ਬਣ ਗਏ "ਅਣਖ ਜੱਟਾਂ ਦੀ", ਸ਼ੁਰੂ ਕੀਤੀ ਤੇ ਨਾਲ ਯੋਗਰਾਜ ਸਿੰਘ, ਫਿਟ ਹੋ ਗਈ ਗੱਲ , ਚਲ ਸੋ ਚਲ ਅੱਗੇ ਸਬ ਨੂੰ ਪਤਾ ਕਿ ਦੌਰ ਗੁੱਗੂ ਗਿੱਲ- ਯੋਗਰਾਜ ਦਾ ਆ ਗਿਆ। ਸਵਾਲ ਸੀ ਖੜਕਾ ਦਰਕਾ ਹੀ ਕੀਤਾ? ਉੱਤਰ ਮਿਲਿਆ ਲੋਕਾਂ ਨੂੰ ਪਸੰਦ ਇਹੀ ਸੀ "ਜੱਟ ਜਿਉਣਾ ਮੌੜ"ਤਕ ਇੱਕ ਦੋ ਹਟ ਕਿ ਆਈਆਂ ਫ਼ਿਲਮਾਂ ਪਰ ਲੋਕ ਐਕਸ਼ਨ ਹੀ ਮੰਗਦੇ ਰਹੇ। ਯੋਗਰਾਜ ਨਾਲ ਭਰਾਵਾਂ ਦਾ ਪਿਆਰ ਵਿਚਕਾਰ ਝਗੜਾ ਹੋਇਆ ਸੀ, ਹੁੰਦਾ ਹੈ





ਪਰ ਆਖਿਰ ਜਿੱਤਦਾ ਪਿਆਰ ਏ ਇਹ ਰਿਸ਼ਤਾ ਅੱਜ ਵੀ ਪਵਿੱਤਰ ਏ। ਹੀਰੋਇਨਾਂ ਨਾਲ ਤਾਲਮੇਲ? ਜਵਾਬ ਦਿਲਜੀਤ ਕੌਰ ਨਿੱਘੀ ਕੁੜੀ ਸੀ।ਮਨਜੀਤ ਕੁਲਾਰ ਐਕਟ੍ਰੇਸ ,ਕੀਰਤੀ ਗਲੈਮਰ ਸੀ। ਅੱਜ ਵੀ ਫ਼ਿਲਮਜ਼ ਦੀ ਘਾਟ ਨਹੀਂ ,ਜਵਾਬ ਰਿਹਾ। ਕਿਰਪਾ ਸਤਗੁਰ ਦੀ ,ਲੋਕਾਂ ਦਾ ਪਿਆਰ ਤੇ ਰਾਜਨੀਤੀ ਬਾਬਤ ਜਵਾਬ ਮਿਲਿਆ ਦੂਰੀ ਹੀ ਚੰਗੀ, ਘਰ ਵਿੱਚ ਆਗਾਹ ਕੋਈ ਐਕਟਰ ਨਹੀਂ, ਇਹ ਧੁਰੋਂ ਲਿਖ ਆਉਂਦਾ ਏ, ਮਨਪਸੰਦ ਗੀਤ ਤਾਂ ਇਹ ਹੀ "ਠੇਵਾ ਮੁੰਦਰੀ ਦਾ ਥੇਵਾ", ਐਨੀ ਗੱਲ ਵੀ ਪਤਾ ਚਲੀ ਕਿ ਖੁਦ ਗੁਟਕਾ ਸਾਹਿਬ ਨਾਲ ਬਹੁਤ ਪਾਠ ਕਰਦੇ ਨੇ ਗਿੱਲ ਸਾਹਿਬ, 2 ਜਿਉਣਾ ਮੌੜ ਦਾ ਟਕਰਾਓ ਜਵਾਬ, ਹੋ ਗਿਆ ਹੋਣਾ ਸੀ ਕੀ ਫਾਇਦਾ ਹੁਣ ਗੱਲ ਰਿੜਕਣ ਦਾ। ਅਵਾਜ਼ ਵਿੱਚ ਓਹ ਹੀ ਬੁਲੰਦੀ, ਜੁੱਸਾ ਕਾਯਮ ਜ਼ਿੰਦਾਬਾਦ ਗੁੱਗੂ ਗਿੱਲ।













### ਸਿੰਮੀ ਚਾਹਲ- ਦੁੱਖ ਤਾਂ ਹੈ ਪਰ ਚੱਲੋ!

ਸਿੰਮੀ ਚਾਹਲ ਸਟਾਰ ਨਾਇਕਾ ਹੈ। ਅਜੇ ਵੀ ਉਸ ਕੋਲ ਚੋਟੀ ਦੇ ਨਿਰਮਾਤਾ ਤੇ ਹੀਰੋ ਹਨ । ਸਿੰਮੀ ਨੇ ਅਮਰਿੰਦਰ ਗਿੱਲ ਤੋਂ ਲੈ ਕਿ ਹਰੀਸ਼ ਵਰਮਾ ਹਰ ਤਰ੍ਹਾਂ ਦੇ ਹੀਰੋ ਨਾਲ ਕੰਮ ਕੀਤਾ ਹੈ ਪਰ ਦੁੱਖ ਇਹ ਹੈ ਕਿ ਪੰਜਾਬੀ ਫਿਲਮਾਂ ਵਾਲੇ ਆਪਸ 'ਚ ਹੀ ਟਕਰਾ ਰਹੇ ਹਨ। ਇੱਕ ਹੀ ਵਿਸ਼ੇ ਤੇ ਦੋ ਫਿਲਮਾਂ ਇੱਕ ਹੀ ਮਿਤੀ ਤੇ ਆਈਆਂ। ਇਹ ਕੀ ਹੋ ਰਿਹਾ ਹੈ ? ਸਿੰਮੀ ਨੇ ਇਹੀ ਕਿਹਾ ਕਿ ਚੱਲੋ, ਰੱਬ ਦੇਖਦਾ ਪਰ ਹੈ ਤਾਂ ਬੁਰੀ ਗੱਲ ।

### ਸੁਰੀਲਾ ਹੈ ਸਤਨਾਮ ਸੁਰੀਲਾ

ਗੁਰਦਾਸਪੁਰ ਤੋਂ ਜਸਵੀਰ ਜੱਸੀ ਸਿਤਾਰਾ ਗਾਇਕ ਬਣਿਆ, ਪੰਮਾ ਮੱਲ੍ਹੀ-ਔਜਲਾ ਭਰਾ ਵੀ ਹਨ ਤੇ ਹੁਣ ਜਗਿੰਦਰ ਸਿੰਘ ਤੇ ਫਿਰ ਸੰਗੀਤ ਸਿੱਖਿਆ, ਸਟੇਜ ਤੇ ਸਾਜ ਵਜਾਵੇ ਤੇ ਫ਼ਿਰ ਕਿਰਨ ਰੰਧਾਵਾ ਨੂੰ ਮਿਲ ਕਿ ਗਾਇਕੀ ਸਿੱਖਿਆ ਲਈ ਤੇ ਹੁਣ ਵਿੱਕੀ ਦੇ ਸੰਗੀਤ 'ਚ ਸਤਨਾਮ ਸੁਰੀਲਾ ਆਪਦੀ ਨਵੀਂ ਐਲਬਮ ਲਿਆ ਰਿਹਾ ਹੈ। ਦੋ ਪੈਰ ਘੱਟ ਸਹੀ ਪਰ ਗਾਉਣਾ ਪਰਿਵਾਰਕ ਹੈ । ਉਸਦੀ ਸੋਚ ਹੈ ।

### ਤੁਰਿਆ ਚਲ ਅਸ਼ੋਕ ਪੁਰੀ

ਵੀਡਿਉ ਗਾਣਾ ਕਰੋ, ਚਿਹਰਾ ਇਹਨਾਂ ਗੱਲਾਂ ਤੇ ਪਹਿਰਾ ਦਿੰਦਾ ਤੁਰਿਆ ਜਾ ਰਿਹਾ ਹੈ। ਅਭਿਨੈ ਦੀ ਸੜਕ ਤੇ ਜਿੱਥੇ ਉਸਨੇ ਹਿੰਦੀ ਫ਼ਿਲਮਾਂ ਵੀ ਕੀਤੀਆਂ ਹਨ ਤੇ ਪੰਜਾਬੀ ਵੀ ਕੀਤੀਆਂ ਹਨ। ਅਸ਼ੋਕ ਪੁਰੀ 35 ਸਾਲ ਤੋਂ ਅਭਿਨੇ 'ਚ ਹੈ, 20 ਸਾਲ ਤੋਂ ਟੀ.ਵੀ ਤੇ 15 ਸਾਲ ਤੋਂ ਫ਼ਿਲਮਾਂ 'ਚ, ਕੁਲ ਮਿਲਾ ਕਿ ਅਸ਼ੋਕ ਪੁਰੀ ਨੇ ਸਹਿਜੇ-ਸਹਿਜ ਹੀ ਸਹੀ ਬਹੁਤ ਕੁਝ ਹਾਸ਼ਿਲ ਕੀਤਾ ਹੈ।

### ਨਿਰਮਲ ਸਿਤਾਰਾ-ਉਮਰ ਲੇਖੇ ਗਾਇਕੀ ਦੇ

ਦੇਵ ਯੋਧਾਂ ਵਾਲਾ ਨੇ ਉਮਰ ਖਾਲੀ ਹੈ, ਪਤਾ ਹੈ ਕਿਸ ਕੋਲ ਸੁਰੀਲੀ ਅਵਾਜ ਹੈ ਤੇ ਉਸਨੇ ਆਪਣੀ ਕਮਾਈ ਲਾ ਕਿ 'ਕਬੂਤਰ ਮਿੱਤਰਾਂ ਦਾ' ਨਿਰਮਲ ਸਿਤਾਰਾ ਬਣਾ ਦਿੱਤਾ ਹੈ । ਮਾਝੇ ਦੀ ਧਰਤੀ ਤੇ 32 ਸਾਲ ਤੋਂ ਗਾ ਰਹੇ ਨਿਰਮਲ ਸਿਤਾਰਾ ਨਾਲ ਪਰਮਜੀਤ ਪੰਮੀ ਨੇ ਦੋਗਾਣਾ 'ਕਬੂਤਰ ਮਿੱਤਰਾਂ ਦਾ" ਗਾਇਕਾ ਹੈ। ਅੱਜ ਦੇ ਸਰੋਤੇ ਚੰਗੇ ਦੋਗਾਣੇ ਸੁਣਦੇ ਨੇ ਤੇ ਇਸ ਆਸ ਤੇ ਸਿਤਾਰਾ ਚਮਕ ਪਿਆ ਹੈ।

### ਮਾਡਲਿੰਗ ਬਣਾਏਗੀ ਨਾਇਕ-ਅਨਮੋਲ ਬਾਠ

ਸਹਿਰ ਸਿਵ ਦਾ ਬਟਾਲਾ ਮੁੰਡਾ ਨਿਰਾ ਅੰਗਰੇਜ਼ ਅਨਮੋਲ ਬਾਠ ਤੇ ਅਪਣਾ ਕਿ ਮਾਡਲਿੰਗ ਗੀਤ 'ਚਰਚੇ' ਨਾਲ ਚਰਚਿਤ ਹੋ ਗਿਆ ਹੈ। ਹੁਣ ਮਨਿੰਦਰ ਬਾਠ ਦੇ ਤਿੰਨ ਗੀਤ ਕਰ ਰਿਹਾ ਹੈ ਤੇ ਹਰਪ੍ਰੀਤ ਚਾਹਲ ਤੇ ਦਲਜੀਤ ਦੇ ਗੀਤਾਂ ਦਾ ਵੀ ਉਹ ਮਾਡਲ ਹੈ । ਸੂਰਤ ਵਿਅਕਤੀਤਵ ਸਭ ਅਨਮੋਲ ਬਾਠ ਦੇ ਅਨਮੋਲ ਗੁਣ ਹਨ। ਇਹਨਾਂ ਸਦਕਾ ਅਜੇ ਗਰੈਜੂਏਸ਼ਨ ਕਰ ਰਹੇ ਬਾਠ ਦਾ ਭਵਿੱਖ ਸਹੀ ਹੈ ।

### ਰਮਨੀਤੂ ਚੌਧਰੀ – ਕੁੜੀ ਪੰਜਾਬਣ

ਹਾਕਮ ਬਖ਼ਤੜੀਵਾਲਾ ਨੇਤਾ ਤੇ ਗਾਇਕ ਘਰੇ ਜਨਮੀ ਰਮਨੀਤੂ ਚੌਧਰੀ ਕੰਨੜ ਫ਼ਿਲਮਾਂ ਦੀ ਲੋਕ ਪ੍ਰਿਯ ਅਦਾਕਾਰਾ ਹੈ। 'ਕਾਮਨਾ' ਟੀ.ਵੀ. ਸੀਰੀਅਲ ਨਾਲ ਉਸਦੀ ਹੱਦ ਕਾਇਮ ਹੋਣੀ ਤੇ ਅੱਜ ਉਹ ਮਾਡਲਿੰਗ ਬਜ਼ਾਰ ਦੀ ਅਨਮੋਲ ਮਾਡਲ ਵੀ ਹੈ। ਰਮਨੀਤੂ ਜੇਕਰ ਪਾਲੀਵੁੱਡ ਵੱਲ ਆਏ ਤਾਂ ਸਟਾਰ ਬਣਨਾ ਨਜ਼ਦੀਕ ਹੇ।

# ਮਾਹਿਲਪੁਰ ਦੀ ਹਰਮਿਲਨ ਕੌਰ ਬੈਂਸ 1500 ਮੀਟਰ ਦੌੜ ਲਈ ਏਸ਼ੀਅਨ ਖੇਡਾਂ ਵਿੱਚ ਜਾਵੇਗੀ

**ਮਾਹਿਲਪੁਰ–** ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਵਿਚ ਇੰਟਰ ਸਟੇਟ ਚੈਂਪੀਅਨਸ਼ਿਪ ਦੌਰਾਨ ਮਾਹਿਲਪੁਰ ਦੀ ਹਰਮਿਲਨ ਬੈਂਸ ਨੇ ਰਿਕਾਰਡ ਸਮਾਂ ਕੱਢ ਕੇ ਚੀਨ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਵਿੱਚ ਜਾਣ ਲਈ ਆਪਣੀ ਥਾਂ ਪੱਕੀ ਕਰ ਲਈ। ਕੁਝ ਸਮਾਂ ਪਹਿਲਾਂ ਉਸ ਦੇ ਗੋਡੇ ਦੀ ਸਰਜਰੀ ਹੋਈ ਸੀ। ਇਸਦੇ ਬਾਵਜੂਦ ਉਸ ਨੇ ਮਿਹਨਤ ਨਾਲ ਇਹ ਥਾਂ ਪ੍ਰਾਪਤ ਕੀਤੀ ਹੈ। ਮਾਨਚੈਸਟਰ ਵਿੱਚ ਡਾਕਟਰਾਂ ਅਤੇ ਕੋਚਾਂ ਦੀ ਅਗਵਾਈ ਹੇਠ ਅਭਿਆਸ ਕਰਦਿਆਂ ਉਹ ਅੱਗੇ ਤੋਂ ਅਗੇਰੇ ਵਧੀ। ਉਸ ਨੇ ਪੰਦਰਾਂ ਸੌ ਮੀਟਰ ਦੌੜ ਵਿਚ ਚਾਰ ਮਿੰਟ 08.50 ਸਕਿੰਟ ਦਾ ਸਮਾਂ ਲਿਆ। ਇਸ ਚੈਂਪੀਅਨਸ਼ਿਪ ਵਿੱਚ ਸਿਲਵਰ ਮੈਡਲ ਜਿੱਤਣ ਤੋਂ ਬਾਅਦ ਉਹ ਪਹਿਲੀ ਪੰਜਾਬਣ ਬਣ ਗਈ ਹੈ ਜੋ ਏਸੀਅਨ ਖੇਡਾਂ ਲਈ ਚੁਣੀ ਗਈ ਹੈ। ਉਹ ਅੰਤਰ ਰਾਸ਼ਟਰੀ ਐਥਲੀਟ ਸੁਨੀਤਾ ਦਾ ਰਿਕਾਰਡ ਅਤੇ ਕੌਮੀ ਰਿਕਾਰਡ ਤੋੜ ਚੁੱਕੀ ਹੈ। ਉਸ ਦਾ ਕਹਿਣਾ ਹੈ ਕਿ ਉਹ ਹਮੇਸ਼ਾਂ ਆਪਣੇ ਨਿਸ਼ਾਨੇ ਵੱਲ ਹੀ ਧਿਆਨ ਰੱਖਦੀ ਹੈ। ਗੋਡੇ ਦੇ ਦਰਦ ਨੇ ਉਸ ਨੂੰ ਕੁਝ ਸਮਾਂ ਅਗੇ ਵਧਣ ਤੋਂ ਰੋਕਿਆ ਹੈ। ਉਸਦੀ ਮਾਤਾ ਮਾਧੁਰੀ ਇ ਸਿੰਘ ਅਰਜਨ ਐਵਾਰਡੀ, ਬਿਜਲੀ ਬੋਰਡ ਵਿਚ ਸੰਯੁਕਤ ਸਕੱਤਰ ਹੈ ਤੇ ਪਿਤਾ ਅਮਨਦੀਪ ਸਿੰਘ ਅੰਤਰਰਾਸ਼ਟਰੀ ਐਥਲੀਟ ਰਹੇ ਹਨ। ਦਾਦੀ ਗੁਰਮੀਤ ਕੌਰ ਬੈਂਸ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਕੌਂਸਲਰ ਹਨ। ਉਹਨਾਂ ਸੱਭ ਦੀ ਪ੍ਰੇਰਣਾ ਅਤੇ ਹੌਸਲਾ ਅਫ਼ਜ਼ਾਈ ਸਦਕਾ ਉਹ ਅੱਗੇ ਤੋਂ ਅਗੇਰੇ ਵਧੀ ਜਾ ਰਹੀ ਹੈ।ਇਸ ਪ੍ਰਾਪਤੀ ਵਾਸਤੇ ਉਹਨਾਂ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਕੁਲਵੰਤ ਸਿੰਘ ਸੰਘਾ ਪ੍ਰਧਾਨ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ, ਬਲਜਿੰਦਰ ਮਾਨ ਸੰਪਾਦਕ ਨਿੱਕੀਆਂ ਕਰੂੰਬਲਾਂ, ਕ੍ਰਿਸ਼ਨਜੀਤ ਰਾਓ ਕੈਂਡੋਵਾਲ ਜ਼ਿਲਾ ਪ੍ਰਧਾਨ, ਬੱਗਾ ਸਿੰਘ ਆਰਟਿਸਟ, ਤਲਵਿੰਦਰ ਸਿੰਘ ਹੀਰ,ਪ੍ਰਿੰਸੀਪਲ ਜਸਪਾਲ ਸਿੰਘ, ਪ੍ਰੋਫੈਸਰ ਅਪਿੰਦਰ ਸਿੰਘ ਜਨਰਲ ਸਕੱਤਰ ਸਿੱਖ ਵਿਦਿਅਕ ਕੌਂਸਲ ਸਮੇਤ ਖੇਡ ਪ੍ਰਮੋਟਰ ਅਤੇ ਖੇਡ ਪ੍ਰੇਮੀ ਸ਼ਾਮਲ ਹਨ।



## ਵਿਅੰਗ/ ਰੋਡਵੇਜ਼ ਦੀ ਲਾਰੀ

ਆ ਗਈ ਰੋਡਵੇਜ਼ ਦੀ ਲਾਰੀ।
ਚੜ੍ਹ ਗਈ ਬਿਨਾਂ ਕਰਾਏ ਸਵਾਰੀ।
ਚੜ੍ਹਦੇ ਸਾਰ ਹੀ ਕੂਹਣੀ ਮਾਰੀ,
ਪਰ੍ਹੇ ਨੂੰ ਹੋ ਬਾਬਾ।

ਕੱਢ ਕਾਰਡ ਜਿਹਾ ਫੜਾਉਂਦੀ।
ਬੀਬੀ ਟਿਕਟ ਹੈ ਇੱਕ ਕਟਾਉਂਦੀ।
ਨਾਲੇ ਦਬਕਾ ਮਾਰ ਡਰਾਉਂਦੀ,
ਅੱਖਾਂ ਕੱਢ ਕੰਡਕਟਰ ਨੂੰ।

ਦਿਸਦੀ ਸੀਟ ਨਾ ਕੋਈ ਖ਼ਾਲੀ।
ਬੰਦੇ ਪੰਦਰਾਂ ਬੁੜੀਆਂ ਚਾਲ਼ੀ।
ਗੱਡੀ ਕਿਹੜੇ ਰਾਹੇ ਪਾ ਲੀ,
ਦੱਸ ਤੂੰ ਸਰਕਾਰੇ ਨੀ।

ਗੱਲ ਸੁਣ ਮਾਨ, ਮਾਨ ਦੀ ਮਾਨਾਂ।
ਐਂ ਤਾਂ ਭਰਨਾ ਨਹੀਂ ਖਜ਼ਾਨਾ।
ਕੈਪਟਨ ਠੋਕ ਗਿਆ ਏ ਫਾਨਾਂ,
ਸੱਪ ਦੇ ਮੂੰਹ ਵਿੱਚ ਕਿਰਲੀ ਐ।
ਭੈਣੀ ਵਾਲਾ ਜਾਂਦਾ ਜਾਂਦਾ
ਛੱਡ ਗਿਆ ਛੁਰਲੀ ਐ।



– ਮਾਨ ਭੈਣੀ ਬਾਘੇ ਆ.ਲਾ

91-9915545950

# ਸੂਬਾ ਸਰਕਾਰ ਵੱਲੋਂ ਪਾਸ ਕੀਤੇ ਗਏ ਬਿੱਲ ਨਾਲ ਸਿਰਫ ਬੇਲੋੜਾ ਟਕਰਾਅ ਹੀ ਪੈਦਾ ਹੋਵੇਗਾ : ਰੰਧਾਵਾ

**ਅੰਮ੍ਰਿਤਸਰ–** ਸਾਬਕਾ ਉੱਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਥੇ ਕਿਹਾ ਹੈ ਕਿ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਦਾ ਆਦੇਸ਼ ਮੰਨ ਕੇ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਆਪਣਾ ਚੈਨਲ ਚਲਾਇਆ ਹੁੰਦਾ ਤਾਂ ਪੰਜਾਬ ਸਰਕਾਰ ਨੂੰ ਇਸ ਬਹੁਤ ਹੀ ਨਾਜ਼ਕ ਮਾਮਲੇ ਦਾ ਬਹਾਨਾ ਬਣਾ ਕੇ ਸਿੱਖਾਂ ਦੇ ਅੰਦਰੂਨੀ ਅਤੇ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜੀ ਕਰਨ ਦੀ ਜੁਰੱਅਤ ਨਹੀਂ ਸੀ ਪੈਣੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 6 ਨਵੰਬਰ 2019 ਨੂੰ ਪੰਜਾਬ ਵਿਧਾਨ ਸਭਾ ਦੇ ਬੁਲਾਏ ਗਏ ਵਿਸ਼ੇਸ਼ ਇਜਲਾਸ ਵਿੱਚ ਓਸ ਵਕਤ ਦੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਇਹ ਮਤਾ ਲਿਆਂਦਾ ਸੀ ਕਿ ਦਰਬਾਰ ਸਾਹਿਬ ਤੋਂ ਹੁੰਦੇ ਕੀਰਤਨ ਦੇ ਪ੍ਰਸਾਰਣ ਦਾ ਅਧਿਕਾਰ ਇੱਕ ਚੈਨਲ ਨੂੰ ਨਹੀਂ ਬਲਕੇ ਬਹੁਤ ਸਾਰੇ ਹੋਰਨਾਂ ਟੀਵੀ ਜਾਂ ਵੈਬ ਚੈਨਲਾਂ ਨੂੰ ਵੀ ਦਿੱਤਾ ਜਾਵੇ। ਇਹ ਮਤਾ ਪੰਜਾਬ ਵਿਧਾਨ ਸਭਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਦੀ ਹਾਜ਼ਰੀ ਵਿਚ ਸਰਬ-ਸੰਮਤੀ ਨਾਲ ਪਾਸ ਕੀਤਾ ਸੀ। ਉਹਨਾਂ ਹੋਰ ਦਸਿਆ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਮਤੇ ਦੀ ਕਾਪੀ ਸੌਂਪ ਕੇ ਮੰਗ ਕੀਤੀ ਸੀ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਢੁਕਵੇਂ ਆਦੇਸ਼ ਦਿਤੇ ਜਾਣ। ਰੰਧਾਵਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਪੰਜਾਬ ਵਿਧਾਨ ਸਭਾ ਰਾਹੀਂ ਪ੍ਰਗਟ ਹੋਈ ਪੰਜਾਬ ਤੇ ਸਿੱਖ ਜਗਤ ਦੀ ਭਾਵਨਾ ਨੂੰ ਸ਼੍ਰੋਮਣੀ ਕਮੇਟੀ ਤੱਕ ਪਹੁੰਚਾਉਦਿਆਂ ਆਦੇਸ਼ ਦਿੱਤਾ ਸੀ ਕਿ ਇਕ ਟੀਵੀ ਚੈਨਲ ਨੂੰ ਗੁਰਬਾਣੀ ਪ੍ਰਸਾਰਣ ਦਾ ਹੱਕ ਦੇਣ ਦੀ ਥਾਂ ਸ਼੍ਰੋਮਣੀ ਕਮੇਟੀ ਆਪਣਾ ਚੈਨਲ ਸਥਾਪਤ ਕਰੇ ਜਿਸ ਰਾਹੀਂ ਸਾਰੇ ਚੈਨਲਾਂ ਨੂੰ ਫੀਡ ਦਿੱਤੀ ਜਾ ਸਕੇ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਇਸ ਦਿਸ਼ਾ ਵਿਚ ਸਮੇਂ ਸਿਰ ਸਾਰਥਿਕ ਕਦਮ ਨਾ ਚੁੱਕਣ ਕਾਰਨ ਅੱਜ ਇਹ ਟਕਰਾਅ ਵਾਲੀ ਸਥਿਤੀ ਬਣੀ ਹੈ। ਰੰਧਾਵਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਕੀਤੇ ਜਾਦੇ ਪ੍ਰਸਾਰਣ ਸਬੰਧੀ ਸਿੱਖ ਗੁਰਦਵਾਰਾ ਐਕਟ-1925 ਵਿੱਚ ਤਰਮੀਮ ਕਰਨ ਲਈ ਅੱਜ ਪਾਸ ਕੀਤਾ ਗਿਆ ਮਤਾ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਕੀਤੀ ਗਈ ਅਜਿਹੀ ਕਾਰਵਾਈ ਹੈ ਜਿਸ ਦਾ ਬੇਲੋੜੇ ਟਕਰਾਅ ਤੋਂ ਬਿਨਾਂ ਹੋਰ ਕੋਈ ਸਾਰਥਿਕ ਸਿੱਟਾ ਨਹੀਂ ਨਿਕਲਣਾ। ਰੰਧਾਵਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਅੱਜ ਵੀ ਚਾਹੀਦਾ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦਾ ਆਦੇਸ਼ ਅਤੇ ਸਿ੍ਵਖ ਜਗਤ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਗੁਰਬਾਣੀ ਕੀਰਤਨ ਦੇ ਪ੍ਰਸਾਰਣ ਲਈ ਅਜਿਹਾ ਪ੍ਰਬੰਧ ਕਰੇ ਕਿ ਇਹ ਕਿਸੇ ਇਕ ਪਰਿਵਾਰ ਦੀ ਅਜਾਰੇਦਾਰੀ ਨਾ ਰਹੇ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop